ਮਾਸਿਕ

# ਗੁਰਮਤਿ ਪ੍ਰਕਾਸ਼

ISSN 2394-8507
ਭੇਟਾ : ₹ ੫/-

ਜਿਲਦ : 66 ਮਾਘ-ਫੱਗਣ ਸੰਮਤ ਨਾਨਕਸ਼ਾਹੀ ੫੫੪ ਫਰਵਰੀ 2023 ਅੰਕ : ੧੧
Vol. : 66 February 2023 Issue : 11

ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ,
ਸ੍ਰੀ ਕੀਰਤਪੁਰ ਸਾਹਿਬ



# ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ

ਗੁਰੂ ਕੀ ਵਡਾਲੀ, ਸ੍ਰੀ ਅੰਮ੍ਰਿਤਸਰ।

ਪ੍ਰਬੰਧ: ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਵਰੋਸਾਈ ਢਾਡੀ/ਕਵੀਸ਼ਰ ਕਲਾ ਦੀ ਸੰਭਾਲ, ਪ੍ਰਚਾਰ/ਪ੍ਰਸਾਰ ਹਿਤ ਧਰਮ ਪ੍ਰਚਾਰ ਕਮੇਟੀ (ਸ਼੍ਰੋ. ਗੁ. ਪ੍ਰ. ਕਮੇਟੀ) ਸ੍ਰੀ ਅੰਮ੍ਰਿਤਸਰ ਵੱਲੋਂ ਗੁਰਮਤਿ ਕਾਲਜ ਚਲਾਇਆ ਜਾ ਰਿਹਾ ਹੈ ਜਿਸ ਵਿੱਚ ਤੰਤੀ ਸਾਜ਼ ਸਾਰੰਗੀ, ਢੱਡ ਅਤੇ ਕਵੀਸ਼ਰੀ ਦੀ ਸਿਖਲਾਈ ਦਿੱਤੀ ਜਾ ਰਹੀ ਹੈ।

*ਵਿੱਦਿਅਕ ਯੋਗਤਾ +2 ਪਾਸ, ਵਿਦਿਆਰਥੀ ਅੰਮ੍ਰਿਤਧਾਰੀ ਹੋਵੇ*

**ਦਾਖ਼ਲਾ ਸ਼ੁਰੂ**



**ਨੋਟ :** ਦਾਖ਼ਲਾ ਫ਼ਾਰਮ ਆਨਲਾਈਨ ਵੀ ਮੰਗਵਾ ਸਕਦੇ ਹੋ।

- ਉੱਤਮ ਰਿਹਾਇਸ਼, ਖੁੱਲ੍ਹਾ ਵਾਤਾਵਰਨ, ਸੁੰਦਰ ਤੇ ਹਵਾਦਾਰ ਇਮਾਰਤ।
- ਵਿੱਦਿਆ ਤੇ ਰਿਹਾਇਸ਼ ਮੁਫ਼ਤ।
- 1500/- ਵਜ਼ੀਫ਼ਾ ਪ੍ਰਤੀ ਮਹੀਨਾ (ਲੰਗਰ ਖ਼ਰਚ)।
- ਕੋਰਸ ਪਾਸ ਕਰ ਚੁੱਕੇ ਯੋਗ ਵਿਦਿਆਰਥੀਆਂ ਨੂੰ ਸੰਸਥਾ/ਸਬੰਧਿਤ ਅਦਾਰਿਆਂ ਵਿੱਚ ਨੌਕਰੀ ਸਮੇਂ ਪਹਿਲ।
- ਮਿਹਨਤੀ ਅਤੇ ਤਜਰਬੇਕਾਰ ਸਟਾਫ਼।
- ਗੁਰਬਾਣੀ ਸੰਥਿਆ।
- ਗਤਕਾ ਸਿਖਲਾਈ।

gsssdkgmc@gmail.com | ਗਿਆਨੀ ਸੋਹਣ ਸਿੰਘ ਸੀਤਲ ਢਾਡੀ/ਕਵੀਸ਼ਰ ਗੁਰਮਤਿ ਮਿਸ਼ਨਰੀ ਕਾਲਜ

*ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :-*
94630-94017 (ਪ੍ਰਿੰਸੀਪਲ), 87279-83111

ਵੱਲੋਂ
ਸਕੱਤਰ, ਧਰਮ ਪ੍ਰਚਾਰ ਕਮੇਟੀ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮਾਘ-ਫੱਗਣ, ਸੰਮਤ ਨਾਨਕਸ਼ਾਹੀ ੫੫੪ ਫਰਵਰੀ 2023

ਜਿਲਦ ੬੬ (Vol. 66) ਅੰਕ ੧੧ (Issue 11)

ਮੁੱਖ ਸੰਪਾਦਕ
**ਸਿਮਰਜੀਤ ਸਿੰਘ**

ਸੰਪਾਦਕ
**ਸਤਵਿੰਦਰ ਸਿੰਘ**

ਸਹਾਇਕ ਸੰਪਾਦਕ
**ਬਿਕਰਮਜੀਤ ਸਿੰਘ**

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ 5 | ਸਾਲਾਨਾ | ₹ 1250 |
| ਸਾਲਾਨਾ | ₹ 50 | ਪੰਜ ਸਾਲ | ₹ 5000 |
| ਪੰਜ ਸਾਲ | ₹ 250 | ਲਾਈਫ਼ | ₹ 10000 |
| ਲਾਈਫ਼ | ₹ 500 | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

*Secretary*
*Dharam Parchar Committee*
*(S.G.P.C.)*
*Sri Amritsar-143006*

ਫੋਨ: 0183-2553956-59 ਐਕਸ 304 ਫੈਕਸ: 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੭ |
| ਪਰਉਪਕਾਰੀ ਸ਼ਖ਼ਸੀਅਤ:ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | -ਬੀਬੀ ਪ੍ਰਕਾਸ਼ ਕੌਰ | ੯ |
| ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ | -ਡਾ. ਪਰਮਵੀਰ ਸਿੰਘ | ੧੨ |
| ਬਚਿੱਤ੍ਰ ਗੁਰੂ : ਸ੍ਰੀ ਗੁਰੂ ਗੋਬਿੰਦ ਸਿੰਘ ਜੀ | -ਐਡ. ਗੁਰਚਰਨਜੀਤ ਸਿੰਘ ਲਾਂਬਾ | ੨੦ |
| ਭਗਤ ਰਵਿਦਾਸ ਜੀ ਦੀ ਬਾਣੀ. . . | -ਡਾ. ਗੁਰਪ੍ਰੀਤ ਸਿੰਘ | ੨੭ |
| ਹਰ ਦਿਨ ਮੁਬਾਰਕ (ਕਵਿਤਾ) | -ਡਾ. ਮਨਜੀਤ ਕੌਰ | ੩੧ |
| ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ | -ਡਾ. ਹਰਨਾਮ ਸਿੰਘ ਸ਼ਾਨ | ੩੨ |
| ਵੱਡਾ ਘੱਲੂਘਾਰਾ:ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੮ |
| ਜੈਤੋ ਦਾ ਮੋਰਚਾ | -ਸ. ਸਿਮਰਜੀਤ ਸਿੰਘ | ੪੩ |
| ਸਮਕਾਲੀ ਪੱਤਰਾਂ ਵਿਚ ਸਾਕਾ ਨਨਕਾਣਾ ਸਾਹਿਬ ਦਾ ਬਿਰਤਾਂਤ | -ਡਾ. ਗੁਰਤੇਜ ਸਿੰਘ ਠੀਕਰੀਵਾਲਾ | ੪੯ |
| ਧੰਨ ਧੰਨ ਭਾਈ ਰੂਪ ਚੰਦ ਜੀ | -ਸ. ਗੁਰਪ੍ਰਤਾਪ ਸਿੰਘ | ੫੪ |
| . . . ਸ਼ਹੀਦ ਸ. ਲਛਮਣ ਸਿੰਘ ਧਾਰੋਵਾਲੀ (ਕਵਿਤਾ) | -ਗਿਆਨੀ ਦਰਸ਼ਨ ਸਿੰਘ | ੫੬ |
| 'ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਦਾ ਸਾਹਿਤਕ ਪੱਖ | -ਸ. ਸੁਖਦੇਵ ਸਿੰਘ ਸ਼ਾਂਤ | ੫੭ |
| ਗੁਰਬਾਣੀ ਵਿਆਖਿਆ-ਸ਼ਾਸਤਰ:ਅਰਥ ਅਤੇ ਪਰਿਭਾਸ਼ਾ | -ਡਾ. ਅਜੈਪਾਲ ਸਿੰਘ | ੬੩ |
| ਸਧਾਰਨ ਸਿੱਖਾਂ ਦੀ ਬਹਾਦਰੀ ਦਾ ਪ੍ਰਤੀਕ. . . | -ਸ. ਨਵਜੋਤ ਸਿੰਘ | ੬੮ |
| ਗੁਰਦੁਆਰਾ ਸਾਹਿਬ : ਸਿਹਤ ਸਿੱਖਿਆ ਦਾ ਕੇਂਦਰ | -ਡਾ. ਪਰਮਵੀਰ ਸਿੰਘ | |
| | -ਡਾ. ਸੰਪੂਰਨ ਸਿੰਘ | ੭੦ |
| ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਅੱਠ ਪਹਿਰੀ ਮਰਯਾਦਾ | -ਸ. ਮੋਹਨ ਸਿੰਘ ਉਰਲਾਣਾ | ੭੫ |
| . . .ਸਿੱਖ ਫੌਜੀ ਲੋਹ-ਟੋਪ ਕਿਉਂ ਪਾਉਣ? | -ਸ. ਤਲਵਿੰਦਰ ਸਿੰਘ ਬੁੱਟਰ ਕਲਾਂ | ੮੧ |
| 'ਏ', 'ਸ', 'ਹ' ਅੱਖਰ ਰਾਹੀਂ ਗੁਰ-ਉਪਦੇਸ਼ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੮ |
| ਸਿੱਖਿਆਦਾਇਕ ਅਨਮੋਲ ਚੂਰਨ (ਕਵਿਤਾ) | -ਕਵੀਸ਼ਰ ਸਵਰਨ ਸਿੰਘ ਭੌਰ | ੯੩ |
| ਖ਼ਬਰਨਾਮਾ | | ੯੪ |

# ਗੁਰਬਾਣੀ ਵਿਚਾਰ

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥*
*ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥*
*ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥*
*ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥*
*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥*
*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*
*ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ॥*
*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*
*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥*
*ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ॥*
*ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ॥*
*ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ॥*
*ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ॥*
*ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ॥*
*ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ॥*
*ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ॥*
*ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ॥੧੪॥੧॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੬)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਰਾਗ ਮਾਂਝ ਦੇ ਬਾਰਹ ਮਾਹਾ ਵਿਚ ਇਸ ਪਦੇ ਰਾਹੀਂ ਫੱਗਣ ਮਹੀਨੇ ਦੀ ਰੁੱਤ ਅਤੇ ਮਾਹੌਲ ਦੇ ਪ੍ਰਥਾਏ ਜੀਵ-ਇਸਤਰੀ ਨੂੰ ਪਰਮਾਤਮਾ ਦੇ ਨਾਮ-ਰੰਗ 'ਚ ਰੰਗੇ ਜਾਣ ਦਾ ਅਧਿਆਤਮਿਕ ਮਾਰਗ ਦਰਸਾਉਂਦੇ ਹਨ।

ਗੁਰੂ ਜੀ ਫੁਰਮਾਨ ਕਰਦੇ ਹਨ ਕਿ ਫੱਗਣ ਮਹੀਨੇ ਵਿਚ ਜਿਹੜੀ ਜੀਵ-ਇਸਤਰੀ ਦੇ ਸਾਹਮਣੇ ਪਰਮਾਤਮਾ ਰੂਪੀ ਪ੍ਰੀਤਮ ਪਿਆਰਾ ਪ੍ਰਤੱਖ ਹੋ ਜਾਂਦਾ ਹੈ, ਉਸ ਨੂੰ ਅਨੰਦ ਹੀ ਅਨੰਦ ਅਨੁਭਵ ਹੁੰਦਾ ਹੈ। ਸੰਤ ਭਾਵ ਪਰਮਾਤਮਾ ਨਾਲ ਇੱਕਮਿੱਕ ਹੋ ਚੁੱਕੇ ਗੁਰਮੁਖ-ਜਨ ਅਰਥਾਤ ਸਤਿਗੁਰੂ ਪਰਮਾਤਮਾ ਦਾ ਮਿਲਾਪ ਕਰਾਉਣ 'ਚ ਮਿਹਰ ਦ੍ਰਿਸ਼ਟੀ ਕਰ ਕੇ ਸਹਾਇਕ ਸਿੱਧ ਹੁੰਦੇ ਹਨ। ਪ੍ਰੀਤਮ ਪਿਆਰਾ ਮਿਲ ਜਾਣ ਕਰਕੇ ਜੀਵ-ਇਸਤਰੀ ਦਾ ਦਿਲ ਸੁੰਦਰ ਸੇਜਾ ਬਣ

ਜਾਂਦਾ ਹੈ। ਉਸ ਦੇ ਹਿਰਦੇ 'ਚ ਸਾਰੇ ਸੁੱਖ ਹਾਸਲ ਹੁੰਦੇ ਹਨ। ਹੁਣ ਦੁੱਖਾਂ ਦੀ ਕੋਈ ਥਾਂ ਹੀ ਨਹੀਂ ਰਹਿ ਜਾਂਦੀ। ਖੁਸ਼ਕਿਸਮਤ ਜੀਵ-ਇਸਤਰੀ ਦੀ ਖਾਹਿਸ਼ ਪੂਰੀ ਹੋ ਜਾਂਦੀ ਹੈ; ਉਸ ਨੂੰ ਪਰਮਾਤਮਾ ਰੂਪੀ ਰਾਜਾ ਪਤੀ ਜੁ ਮਿਲ ਗਿਆ। ਉਹ ਸਤਿਸੰਗੀ ਸਹੇਲੀਆਂ ਨਾਲ ਖੁਸ਼ੀ ਦੇ ਗੀਤ ਗਾਉਂਦੀ ਹੈ। ਉਹ ਪਰਮਾਤਮਾ ਦੀ ਸੱਚੀ ਉਸਤਤੀ ਦਾ ਅਲਾਪ ਕਰਦੀ ਹੈ। ਉਸ ਨੂੰ ਪਰਮਾਤਮਾ ਵਰਗਾ ਹੋਰ ਕੋਈ ਦਿੱਸਦਾ ਹੀ ਨਹੀਂ। ਕੋਈ ਦੂਸਰਾ ਪਰਮਾਤਮਾ ਤੁਲ ਨਜ਼ਰ ਨਹੀਂ ਆਉਂਦਾ। ਵੱਡੇ ਭਾਗਾਂਵਾਲੀ ਜੀਵ-ਇਸਤਰੀ ਦਾ ਇਹ ਲੋਕ ਅਤੇ ਪਰਲੋਕ ਉਸ ਪਿਆਰੇ ਪ੍ਰਭੂ ਨੇ ਸੁਆਰ ਦਿੱਤਾ ਹੈ। ਉਸ ਨੂੰ ਸਦੀਵੀ ਥਾਂ-ਟਿਕਾਣਾ ਪ੍ਰਦਾਨ ਕਰ ਦਿੱਤਾ ਹੈ। ਉਸ ਨੇ ਐਸੀ ਜੀਵ-ਇਸਤਰੀ ਦਾ ਸੰਸਾਰ ਤੋਂ ਪਾਰ-ਉਤਾਰਾ ਕਰ ਦਿੱਤਾ ਭਾਵ ਉਸ ਦੇ ਸਭ ਸੰਸਾਰਕ ਸੰਸੇ ਅਤੇ ਦੁੱਖੜੇ ਖ਼ਤਮ ਹੋ ਗਏ। ਉਹ ਵਾਰ-ਵਾਰ ਜਨਮ ਨਹੀਂ ਲੈਂਦੀ।

ਗੁਰੂ ਜੀ ਕਥਨ ਕਰਦੇ ਹਨ ਕਿ ਭਾਵੇਂ ਮਨੁੱਖ ਦੀ ਇਕ ਹੀ ਜੀਭ ਹੈ ਅਤੇ ਉਸ ਪਰਮਾਤਮਾ ਦੇ ਗੁਣ ਅਨੇਕਾਂ ਹਨ ਪਰੰਤੂ ਇਸ ਨਾਲ ਪਰਮਾਤਮਾ ਦੇ ਗੁਣਾਂ ਦਾ ਹੀ ਗਾਇਨ ਕਰਨਾ ਹੈ। ਹੇ ਨਾਨਕ! ਮਨੁੱਖ ਨੂੰ ਅਧਿਆਤਮਿਕ ਓਟ ਤੱਕਦਿਆਂ ਪਰਮਾਤਮਾ ਦੀ ਚਰਨ-ਸ਼ਰਨ 'ਚ ਆ ਕੇ ਪਾਰ ਉਤਾਰਾ ਮਿਲਦਾ ਹੈ। ਫੱਗਣ ਦੀ ਠੰਡ ਮੁੱਕ ਜਾਣ ਵਾਲੇ ਮਹੀਨੇ ਵਿਚ ਵੱਡੇ ਭਾਗਾਂ ਵਾਲੀ ਜੀਵ-ਇਸਤਰੀ (ਬਾਹਰੀ ਸੰਸਾਰਕ ਰੰਗਾਂ ਨਾਲ ਹੋਲੀ ਖੇਡਣ ਦੀ ਥਾਂ) ਸਦਾ ਪ੍ਰਭੂ ਦੀ ਸਿਫਤ-ਸਾਲਾਹ ਦਾ ਰਸਤਾ ਗੁਰੂ-ਗਿਆਨ ਦੀ ਸੇਧ ਵਿਚ ਅਪਣਾਉਂਦੀ ਹੈ, ਜਿਸ ਪ੍ਰਭੂ ਨੂੰ ਰੰਚਕ-ਮਾਤਰ ਵੀ ਕੋਈ ਲਾਲਚ ਨਹੀਂ। ਅਰਥਾਤ ਸੰਸਾਰ ਸਾਗਰ ਤੋਂ ਪਾਰ-ਉਤਾਰਾ ਸੱਚਾ ਗੁਰੂ ਹੀ ਕਰਵਾ ਸਕਦਾ ਹੈ ਤੇ ਪਰਮਾਤਮਾ ਨਾਲ ਮਿਲਾ ਸਕਦਾ ਹੈ।

ਬਾਰਹ ਮਾਹਾ ਦੇ ਅੰਤਮ ਪਦੇ ਵਿਚ ਗੁਰੂ ਜੀ ਫੁਰਮਾਉਂਦੇ ਹਨ ਕਿ ਜਿਸ ਵੀ ਕਿਸੇ ਇਨਸਾਨ ਨੇ ਪਰਮਾਤਮਾ ਦੇ ਸੱਚੇ ਨਾਮ ਨੂੰ ਯਾਦ ਕੀਤਾ ਉਸੇ ਦੇ ਹੀ ਕੰਮ ਪੂਰੇ ਹੋਏ। ਜਿਸ ਕਿਸੇ ਨੇ ਪੂਰਨ ਗੁਰੂ ਨੂੰ ਚਿਤਵਿਆ ਹੈ, ਉਹ ਪ੍ਰਭੂ-ਦਰਬਾਰ 'ਚ ਸਹੀ-ਸੱਚਾ ਸਿੱਧ ਹੁੰਦਾ ਹੈ। ਪਰਮਾਤਮਾ ਦੇ ਚਰਨ-ਕਮਲਾਂ ਰੂਪੀ ਸਾਰੇ ਸੁਖਾਂ ਦਾ ਖ਼ਜ਼ਾਨਾ ਉਸ ਦੇ ਪਾਸ ਹੁੰਦਾ ਹੈ ਜਿਸ ਕਰਕੇ ਉਹ ਡਰ ਦਾ ਸਮੁੰਦਰ ਤਰ ਜਾਂਦਾ ਹੈ, ਜੋ ਤਰਨਾ ਬੜਾ ਕਠਿਨ ਹੈ। ਅਜਿਹੇ ਮਨੁੱਖਾਂ ਨੇ ਪਿਆਰ-ਭਗਤੀ ਪਾ ਲਈ ਹੁੰਦੀ ਹੈ। ਉਹ ਸੰਸਾਰਕ ਵਿਕਾਰਾਂ ਦੀ ਜ਼ਹਿਰ ਖਾਣਾ ਨਹੀਂ ਸਵੀਕਾਰਦੇ।

ਗੁਰੂ ਜੀ ਕਥਨ ਕਰਦੇ ਹਨ ਕਿ ਵਡਭਾਗੀ ਮਨੁੱਖਾਂ ਤੋਂ ਝੂਠ ਦੂਰ ਦੌੜ ਜਾਂਦਾ ਹੈ। ਉਹ ਮੁਕੰਮਲ ਤੌਰ 'ਤੇ ਸੱਚ 'ਚ ਭਰਪੂਰ ਹੁੰਦੇ ਹਨ। ਉਹ ਕੇਵਲ ਇਕ ਪਰਮਾਤਮਾ ਨੂੰ ਹੀ ਮਨ-ਚਿੱਤ 'ਚ ਰੱਖ ਕੇ ਸਿਮਰਦੇ ਹਨ। ਜਿਸ ਮਨੁੱਖ ਉੱਪਰ ਉਸ ਸੱਚੇ ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਹੋ ਜਾਂਦੀ ਹੈ, ਉਸ ਲਈ ਉਸ ਦੇ ਜੀਵਨ-ਕਾਲ ਦੇ ਸਾਰੇ ਮਹੀਨੇ, ਸਾਰੇ ਦਿਨ, ਮਹੂਰਤ ਸ਼ੁਭ ਜਾਂ ਚੰਗੇ ਹਨ। ਹੇ ਨਾਨਕ ! ਮੈਂ ਵੀ ਉਸ ਪਰਮਾਤਮਾ ਦਾ ਦਰਸ਼ਨ ਰੂਪੀ ਦਾਨ ਮੰਗਦਾ ਹਾਂ। ਹੇ ਪਰਮਾਤਮਾ! ਆਪ ਜੀ ਮੇਰੇ ਉੱਪਰ ਵੀ ਕਿਰਪਾ ਕਰੋ, ਮੈਨੂੰ ਆਪਣੇ ਦਰਸ਼ਨ ਬਖ਼ਸ਼ ਕੇ ਨਿਵਾਜੋ! ■

ਸੰਪਾਦਕੀ...

# ਸਿੱਖ-ਸੰਘਰਸ਼ਾਂ ਦਾ ਪ੍ਰੇਰਨਾ ਸਰੋਤ : ਬੇ-ਗ਼ਮ-ਪੁਰਾ

*ਜਾਤ-ਪਾਤ, ਰੰਗ-ਨਸਲ, ਊਚ-ਨੀਚ, ਛੂਤ-ਛਾਤ, ਅਮੀਰ-ਗਰੀਬ ਦੇ ਭੇਦ-ਭਾਵ ਦਾ ਵਰਤਾਰਾ ਦੁਨੀਆ ਦੇ ਬਹੁਤ ਸਾਰੇ ਹਿੱਸਿਆਂ ਵਿਚ ਪੁਰਾਤਨ ਸਮਿਆਂ ਤੋਂ ਚੱਲਿਆ ਆ ਰਿਹਾ ਸੀ। ਇਤਿਹਾਸ ਦੇ ਪੰਨੇ ਅਜਿਹੀਆਂ ਘਟਨਾਵਾਂ ਨਾਲ ਭਰੇ ਪਏ ਹਨ। ਭਾਰਤ ਵਿਚ ਇਸ ਦਾ ਪ੍ਰਭਾਵ ਕੁਝ ਜ਼ਿਆਦਾ ਹੀ ਦੇਖਣ ਨੂੰ ਮਿਲਿਆ। ਇਸ ਦੇ ਸਿੱਟੇ ਵਜੋਂ ਅਨੇਕਾਂ ਦੁਖਦਾਈ ਘਟਨਾਵਾਂ ਦਾ ਜਨਮ ਹੋਇਆ।*

*ਪਹਿਲੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਬੁਰਾਈਆਂ ਵਿਰੁੱਧ ਅਵਾਜ਼ ਬੁਲੰਦ ਕੀਤੀ। ਗੁਰੂ ਸਾਹਿਬ ਨੇ ਕੂੜ ਤੇ ਜਾਬਰ ਤਾਕਤਾਂ ਵਿਰੁੱਧ ਸੰਘਰਸ਼ ਕਰਨ ਤੇ ਹੱਕ-ਸੱਚ ਨੂੰ ਸਥਾਪਿਤ ਕਰਨ ਹਿਤ ਸਿੱਖਾਂ ਨੂੰ ਇਨ੍ਹਾਂ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਹੀ ਨਹੀਂ ਦਿੱਤੀ ਸਗੋਂ ਆਪ ਅੱਗੇ ਹੋ ਕੇ ਲੜਾਈ ਲੜੀ। ਇਸ ਅਜ਼ਾਦੀ ਦੇ ਸੰਘਰਸ਼ ਦੀ ਜੋਤ ਜਗਾਈ ਰੱਖਣ ਲਈ ਗੁਰੂ ਸਾਹਿਬਾਨ ਤੇ ਸਿੰਘਾਂ ਨੇ ਅਨੇਕਾਂ ਕੁਰਬਾਨੀਆਂ ਦਿੱਤੀਆਂ।*

*ਹਰ ਸਾਲ ਜਦੋਂ ਫਰਵਰੀ ਦਾ ਮਹੀਨਾ ਆਉਂਦਾ ਹੈ ਤਾਂ ਸਿੱਖਾਂ ਦੇ ਸੰਘਰਸ਼ ਅਤੇ ਕੁਰਬਾਨੀਆਂ ਦੀ ਯਾਦ ਤਾਜ਼ਾ ਕਰ ਦਿੰਦਾ ਹੈ। ਇਸ ਮਹੀਨੇ ਸੰਨ ੧੭੬੨ ਈ. ਵਿਚ ਅਫਗਾਨ ਹਮਲਾਵਰ ਅਹਿਮਦਸ਼ਾਹ ਅਬਦਾਲੀ ਨੇ ਵੱਡੀ ਗਿਣਤੀ ਵਿਚ ਫੌਜਾਂ ਲੈ ਕੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦਾ ਮੰਦ ਇਰਾਦਾ ਕੀਤਾ। ਮਲੇਰਕੋਟਲਾ ਦੇ ਲਾਗੇ ਕੁੱਪ-ਰਹੀੜੇ ਦੇ ਇਲਾਕੇ ਵਿਚ ਸਿੱਖਾਂ ਨੂੰ ਵੱਡੀ ਗਿਣਤੀ ਵਿਚ ਘੇਰ ਕੇ ਵੱਡਾ ਘੱਲੂਘਾਰਾ ਕੀਤਾ। ਸਿੱਖਾਂ ਦੀ ਗਿਣਤੀ ਇਸ ਘੱਲੂਘਾਰੇ ਵਿਚ ਅਬਦਾਲੀ ਦੀ ਫੌਜ ਨਾਲੋਂ ਬਹੁਤ ਘੱਟ ਸੀ। ਫੇਰ ਵੀ ਉਨ੍ਹਾਂ ਨੇ ਡਟ ਕੇ ਮੁਕਾਬਲਾ ਕੀਤਾ। ਇਸ ਜੰਗ ਵਿਚ ਸਿੱਖ ਸਰਦਾਰਾਂ, ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਜੱਸਾ ਸਿੰਘ ਰਾਮਗੜੀਆ, ਸਰਦਾਰ ਚੜਤ ਸਿੰਘ ਸ਼ੁੱਕਰਚੱਕੀਆ, ਸਰਦਾਰ ਤਾਰਾ ਸਿੰਘ ਘੇਬਾ ਦੀ ਅਗਵਾਈ ਵਿਚ ਸਿੱਖ ਯੋਧਿਆਂ ਨੇ ਅਬਦਾਲੀ ਦੀ ਫੌਜ ਨੂੰ ਠੱਲਣ ਲਈ ਬੇਮਿਸਾਲ ਜੱਦੋਜਹਿਦ ਕੀਤੀ। ਇਸ ਜਦੋਜਹਿਦ ਵਿਚ ੩੦ ਤੋਂ ੩੫ ਹਜ਼ਾਰ ਦੇ ਕਰੀਬ ਸਿੱਖ, ਸ਼ਹੀਦੀਆਂ ਪ੍ਰਾਪਤ ਕਰ ਗਏ। ਇਨ੍ਹਾਂ ਸ਼ਹੀਦ ਸਿੱਖਾਂ ਦੀ ਯਾਦਗਾਰ ਵੀ ਪੰਜਾਬ ਸਰਕਾਰ ਵੱਲੋਂ ਬਣਾਈ ਗਈ ਹੈ।*

*ਵੀਹਵੀਂ ਸਦੀ ਵਿਚ ਅੰਗਰੇਜ਼ਾਂ ਦੀ ਧੱਕੇਸ਼ਾਹੀ ਵਿਰੁੱਧ ਸਿੱਖਾਂ ਨੇ ਮੋਰਚੇ ਲਾ ਕੇ ਅਨੇਕਾਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਨ੍ਹਾਂ 'ਚੋਂ ਸ੍ਰੀ ਨਨਕਾਣਾ ਸਾਹਿਬ ਦਾ ਸਾਕਾ ਅਤੇ ਜੈਤੋ ਦਾ ਮੋਰਚਾ ਵੀ ਫਰਵਰੀ ਮਹੀਨੇ ਵਿਚ ਹੀ ਵਾਪਰਿਆ। ਅੰਗਰੇਜ਼ਾਂ ਦੀ ਸ਼ਹਿ*

*'ਤੇ ਮਹੰਤ ਗੁਰਦੁਆਰਿਆਂ ਦੀ ਪਵਿੱਤਰਤਾ ਨੂੰ ਭੰਗ ਕਰਨ ਦੇ ਕੋਝੇ ਯਤਨ ਕਰਨ ਲੱਗ ਪਏ। ਮਹੰਤਾਂ ਨੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਜੱਦੀ-ਪੁਸ਼ਤੀ ਬਣਾ ਲਿਆ ਤੇ ਐਸ਼-ਪ੍ਰਸਤ ਹੋ ਗਏ। ਗੁਰਦੁਆਰਿਆਂ ਵਿਚ ਮਹੰਤ ਗੈਰ-ਆਚਰਣਕ ਕਰਤੂਤਾਂ ਕਰਨ ਲੱਗ ਪਏ। ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਦੇ ਮਹੰਤ ਨਰੈਣ ਦਾਸ ਨੇ ਆਪਣੀ ਗੁੰਡਾਗਰਦੀ ਦੇ ਸਭ ਹੱਦ-ਬੰਨੇ ਪਾਰ ਕਰ ਲਏ ਜਿਸ ਕਰਕੇ ਸਿੱਖਾਂ ਨੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਦਾ ਪ੍ਰਣ ਕਰ ਲਿਆ। ਮਹੰਤ ਨੇ ਹਾਕਮਾਂ ਦੀ ਸ਼ਹਿ 'ਤੇ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਗੁੰਡੇ-ਬਦਮਾਸ਼ਾਂ ਨੂੰ ਇਕੱਠੇ ਕਰ ਲਿਆ। ਜਥੇਦਾਰ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਗੁਰੂ ਦੇ ਸਿੱਖ ਗੁਰਦੁਆਰੇ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਸ਼ਾਂਤਮਈ ਰਹਿਣ ਦਾ ਪ੍ਰਣ ਕਰ ਕੇ ਗਏ। ਪਰ ਮਹੰਤ ਦੇ ਗੁੰਡਿਆਂ ਨੇ ਇਨ੍ਹਾਂ 'ਤੇ ਬੰਦੂਕਾਂ, ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰ ਕੇ ਸਿੰਘਾਂ ਨੂੰ ਸ਼ਹੀਦ ਕਰ ਦਿੱਤਾ। ਕਈ ਸਿੰਘ ਬਲਦੀ ਭੱਠੀ ਵਿਚ ਸੁੱਟ ਦਿੱਤੇ ਅਤੇ ਕਈ ਜੰਡ ਨਾਲ ਬੰਨ੍ਹ ਕੇ ਸਾੜ ਦਿੱਤੇ। ਅੰਤ ਮਹੰਤ ਨੂੰ ਸਿੰਘਾਂ ਦੇ ਸੰਘਰਸ਼ ਅੱਗੇ ਝੁਕਣਾ ਪਿਆ ਤੇ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਆ ਗਿਆ।*

*ਫਰਵਰੀ ਵਿਚ ਹੀ ਜੈਤੋ ਦਾ ਮੋਰਚਾ ਲੱਗਾ। ਅੰਗਰੇਜ਼ ਸਰਕਾਰ ਵੱਲੋਂ ਸ੍ਰੀ ਗੰਗਸਰ ਜੈਤੋ (ਫਰੀਦਕੋਟ) ਦੇ ਗੁਰਦੁਆਰਾ ਸਾਹਿਬ ਵਿਖੇ ਨਾਜਾਇਜ਼ ਦਖ਼ਲ-ਅੰਦਾਜ਼ੀ ਕੀਤੀ ਗਈ। ਜਿਸ ਦੇ ਪ੍ਰਤੀਕਰਮ ਵਜੋਂ ਜੈਤੋ ਦਾ ਮੋਰਚਾ ਲੱਗਾ। ਸਿੱਖਾਂ ਨੇ ਅੱਤ ਦੇ ਤਸੀਹੇ ਝੱਲ ਕੇ ਅੰਗਰੇਜ਼ਾਂ ਦੀ ਸਿੱਖ ਵਿਰੋਧੀ ਕਾਰਵਾਈ ਦਾ ਡਟ ਕੇ ਮੁਕਾਬਲਾ ਕੀਤਾ ਅਤੇ ਸ਼ਾਂਤਮਈ ਢੰਗ ਨਾਲ ਰਹਿੰਦਿਆਂ ਪੁਲਿਸ ਦੀਆਂ ਡਾਂਗਾਂ ਦੀ ਮਾਰ ਖਾ ਕੇ ਉਨ੍ਹਾਂ ਨੂੰ ਆਪਣੇ ਹੱਕਾਂ 'ਤੇ ਕਾਬਜ਼ ਨਾ ਹੋਣ ਦਿੱਤਾ। ਇਸ ਮੋਰਚੇ ਦੀ ਜਿੱਤ ਨੂੰ ਹਿੰਦੁਸਤਾਨ ਦੀ ਅੰਗਰੇਜ਼ਾਂ ਤੋਂ ਅਜ਼ਾਦੀ ਦੀ ਪਹਿਲੀ ਜਿੱਤ ਵੀ ਮੰਨਿਆ ਗਿਆ ਹੈ।*

*ਘੱਲੂਘਾਰਿਆਂ ਅਤੇ ਮੋਰਚਿਆਂ ਦਾ ਇਹ ਇਤਿਹਾਸ ਸਿੱਖਾਂ ਨੂੰ ਹਮੇਸ਼ਾਂ ਅਨਿਆਂ ਵਿਰੁੱਧ ਅੜਨ-ਲੜਨ ਤੇ ਹੱਕ ਸੱਚ ਦੀ ਸਥਾਪਤੀ ਕਰਨ ਹਿਤ ਪ੍ਰੇਰਨਾ ਦਿੰਦਾ ਰਹੇਗਾ। ਸਮਾਜ ਦੀਆਂ ਸਮੱਸਿਆਵਾਂ ਅੱਗੇ ਸਿੱਖ ਪੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਪ੍ਰੇਰਨਾ ਲੈ ਕੇ, ਹਮੇਸ਼ਾਂ ਜਾਗ੍ਰਿਤ ਰਹਿ ਕੇ ਬੇ-ਗ਼ਮ-ਪੁਰਾ ਦੀ ਸਿਰਜਣਾ ਲਈ ਗਤੀਸ਼ੀਲ ਰਹੇਗਾ। ਇਸ ਵਿਚ ਸਭ ਸੁਖੀ ਵੱਸ ਸਕਣਗੇ, ਕਿਸੇ ਵੀ ਜ਼ੁਲਮ, ਅਨਿਆਂ ਅਤੇ ਅਣਚਾਹੀਆਂ ਪਾਬੰਦੀਆਂ ਆਦਿ ਤੋਂ ਛੁਟਕਾਰਾ ਪਾ ਸਕਣਗੇ।* ■

# ਪਰਉਪਕਾਰੀ ਸ਼ਖ਼ਸੀਅਤ:ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

*-ਬੀਬੀ ਪ੍ਰਕਾਸ਼ ਕੌਰ**

ਸਤਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਸ਼ਖ਼ਸੀਅਤ ਦਇਆ, ਦ੍ਰਿੜ੍ਹਤਾ ਤੇ ਸਹਿਜ ਵਰਗੇ ਮਹਾਨ ਤੇ ਸ੍ਰੇਸ਼ਟ ਗੁਣਾਂ ਦੀ ਧਾਰਨੀ ਸੀ। ਆਪ ਜੀ ਦਾ ਸਾਰਾ ਜੀਵਨ ਸਰਬ-ਕਲਿਆਣਕਾਰੀ, ਪਰਉਪਕਾਰੀ ਕਾਰਜਾਂ ਨਾਲ ਭਰਿਆ ਹੋਇਆ ਸੀ। ਐਸੀ ਮਹਾਨ ਸ਼ਖ਼ਸੀਅਤ ਦਾ ਪਾਵਨ ਪ੍ਰਕਾਸ਼ ੧੬ ਜਨਵਰੀ, ੧੬੩੦ ਈ. ੧੯ ਮਾਘ ਸੰਮਤ ੧੬੮੬ ਬਿਕ੍ਰਮੀ ਨੂੰ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੀ ਕੁੱਖੋਂ ਕੀਰਤਪੁਰ ਸਾਹਿਬ ਵਿਚ ਹੋਇਆ।

ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਬਚਪਨ ਤੋਂ ਹੀ ਸੰਤ-ਸੁਭਾਅ ਅਤੇ ਪਰਮੇਸ਼ਰ ਦੀ ਭਜਨ ਬੰਦਗੀ ਵਿਚ ਲੱਗੇ ਰਹਿਣ ਵਾਲੇ ਸਤਿ-ਸੰਤੋਖ ਦੀ ਮੂਰਤ ਸਨ। ਉਹ ਆਪਣੇ ਦਾਦਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਬਹੁਤ ਸਤਿਕਾਰ ਕਰਦੇ ਅਤੇ ਉਨ੍ਹਾਂ ਦੀ ਹਜ਼ੂਰੀ ਵਿਚ ਰਹਿੰਦੇ ਸਨ। ਇਸ ਨਜ਼ਰਸਾਨੀ ਸਦਕਾ ਹੀ ਆਪ ਜੀ ਵਿਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬਤ ਹੁੰਦੀਆਂ ਰਹੀਆਂ ਸਨ।

ਸਤਵੇਂ ਪਾਤਸ਼ਾਹ ਗਹਿਰ ਗੰਭੀਰ 'ਤੇ ਸ਼ਾਂਤ ਹਿਰਦੇ ਵਾਲੇ, ਗਿਆਨਵਾਨ, ਮਿੱਠ ਬੋਲੜੇ ਅਤੇ ਕੋਮਲ ਸੁਭਾਅ ਦੇ ਮਾਲਕ ਸਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਸਾਹਿਬ ਜੀ ਦਾ ਫੁੱਲਾਂ-ਬੂਟਿਆਂ ਪ੍ਰਤੀ ਬੜਾ ਤੀਬਰ ਤੇ ਗੂੜ੍ਹਾ ਪਿਆਰ ਸੀ। ਉਨ੍ਹਾਂ ਦੇ ਜੀਵਨ ਦੀ ਇਕ ਘਟਨਾ ਹੈ ਕਿ ਆਪ ਇਕ ਵਾਰ ਸ੍ਰੀ ਕਰਤਾਰਪੁਰ ਸਾਹਿਬ ਦੇ ਬਾਗ਼ ਵਿਚ ਟਹਿਲ ਰਹੇ ਸਨ ਕਿ ਆਪ ਜੀ ਦੇ ਜਾਮੇ ਨਾਲ ਅੜ ਕੇ ਕੁਝ ਫੁੱਲ ਟਾਹਣੀ ਨਾਲੋਂ ਟੁੱਟ ਕੇ ਜ਼ਮੀਨ 'ਤੇ ਡਿੱਗ ਪਏ। ਜਾਨਦਾਰ ਫੁੱਲਾਂ ਦਾ ਮਿੱਟੀ ਵਿਚ ਡਿੱਗਣਾ ਤੇ ਆਪਣੀ ਹੋਂਦ ਹਸਤੀ ਗਵਾਉਣਾ ਉਨ੍ਹਾਂ ਲਈ ਅਸਹਿ ਹੋ ਗਿਆ। ਚਿਹਰੇ 'ਤੇ ਉਦਾਸੀ ਦਾ ਆਲਮ ਛਾ ਗਿਆ। ਐਨ ਮੌਕੇ 'ਤੇ ਦਿਲਾਂ ਦੀਆਂ ਜਾਣਨ ਵਾਲੇ ਦਾਦਾ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਉੱਥੇ ਆ ਪਹੁੰਚੇ ਅਤੇ ਸ੍ਰੀ (ਗੁਰੂ) ਹਰਿਰਾਇ ਸਾਹਿਬ ਜੀ ਨੂੰ ਉਦਾਸੀ ਦਾ ਕਾਰਨ ਪੁੱਛਿਆ। ਆਪ ਜੀ ਨੇ ਕਿਹਾ ਕਿ— "ਸੱਚੇ ਪਾਤਸ਼ਾਹ! ਮੇਰੇ ਜਾਮੇ ਨਾਲ ਅੜ ਕੇ ਇਹ ਨਿਰਦੋਸ਼ ਫੁੱਲ ਟਾਹਣੀ ਤੋਂ ਟੁੱਟ ਕੇ ਹੇਠਾਂ ਡਿੱਗ ਪਏ ਹਨ।" ਛੇਵੇਂ ਗੁਰੂ ਸਾਹਿਬ ਜੀ ਨੇ ਇਕ ਉਪਦੇਸ਼-ਮਈ ਜੁਆਬ ਦਿੰਦਿਆਂ ਕਿਹਾ ਕਿ— "ਜੇਕਰ ਜਾਮਾ ਵੱਡਾ ਹੋਵੇ ਤਾਂ ਉਸ ਨੂੰ ਸੰਭਾਲ ਕੇ ਤੁਰਨਾ ਚਾਹੀਦਾ ਹੈ ਭਾਵ ਸੰਭਾਲ ਕੇ ਰੱਖਣਾ ਹੈ। ਤੁਹਾਡੇ ਬਚਨਾਂ ਤੇ ਕਰਮਾਂ ਕਰ ਕੇ ਕਿਸੇ ਦੇ ਹਿਰਦੇ ਨੂੰ ਠੇਸ ਨਹੀਂ ਪਹੁੰਚਣੀ ਚਾਹੀਦੀ।" ਇਨ੍ਹਾਂ ਅਨਮੋਲ ਸਿੱਖਿਆ ਰੂਪੀ ਬਚਨਾਂ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਦਾ ਕੋਮਲ ਮਨ ਤੇ

**# ਟੈਗੋਰ ਨਗਰ, ਬੈਕਸਾਈਡ ਟੀ.ਵੀ. ਸੈਂਟਰ, ਜਲੰਧਰ- ੧੪੪੦੦੨; ਮੋ. ੯੮੮੮੧੯੬੦੮੬*

ਜੀਵਨ ਹਮੇਸ਼ਾਂ ਲਈ ਬਦਲ ਕੇ ਰੱਖ ਦਿੱਤਾ। ਉਨ੍ਹਾਂ ਗੁਰੂ ਬਾਬੇ ਦੇ ਇਨ੍ਹਾਂ ਬੋਲਾਂ ਤੇ ਬਚਨਾਂ ਨੂੰ ਆਗਾਮੀ ਜੀਵਨ ਦੀ ਦਿਸ਼ਾ-ਨਿਰਦੇਸ਼ ਲਈ ਸਦਾ ਯਾਦ ਰੱਖਿਆ।

ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਦੀ ਜ਼ਿੰਮੇਵਾਰੀ ਨੂੰ ਸੰਭਾਲਣ ਲਈ ਆਪਣੇ ਪੁੱਤਰਾਂ, ਪੋਤਰਿਆਂ ਤੇ ਸਿੱਖਾਂ ਵਿੱਚੋਂ ਸ੍ਰੀ (ਗੁਰੂ) ਹਰਿਰਾਇ ਜੀ ਨੂੰ ਯੋਗ ਸਮਝਿਆ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਗੁਰਿਆਈ-ਆਸੀਨ ਹੁੰਦਿਆਂ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਰਬ-ਸਾਂਝੀਵਾਲਤਾ ਦੇ ਸੁਨੇਹੇ ਨੂੰ ਲੋਕਾਈ ਤਕ ਪਹੁੰਚਾਉਣ ਦਾ ਉਪਰਾਲਾ ਕੀਤਾ। ਉਨ੍ਹਾਂ ਪੰਜਾਬ ਤੇ ਪੰਜਾਬ ਤੋਂ ਬਾਹਰ ਗੁਰਸਿੱਖੀ ਦੇ ਪ੍ਰਚਾਰ ਨੂੰ ਹੋਰ ਪ੍ਰਫੁਲਿਤ ਕੀਤਾ। ਗੁਰੂ ਸਾਹਿਬ ਜੀ ਨੇ ਸਿੱਖੀ ਦੇ ਵਿਰਸੇ ਵਿਚ ਮਿਲੀ 'ਸੰਗਤ ਤੇ ਪੰਗਤ' ਦੀ ਰੀਤ ਨੂੰ ਨਵਾਂ ਰੂਪ ਦਿੱਤਾ। ਜਦੋਂ ਲੰਗਰ ਖੁੱਲਦਾ, ਪੰਗਤ ਵਿਚ ਬੁਲਾਉਣ ਲਈ ਨਗਾਰੇ ਦੀ ਚੋਟ ਲੱਗਦੀ। ਇਹ ਗੁਰੂ ਨਾਨਕ ਪਾਤਸ਼ਾਹ ਦੀ ਸਾਂਝੀਵਾਲਤਾ ਦਾ ਸੁਨੇਹਾ ਸੀ। ਸੱਤਵੇਂ ਪਾਤਸ਼ਾਹ ਨੇ ਲੰਗਰ ਦੀ ਪ੍ਰਥਾ ਨੂੰ ਆਪਣੇ ਵਿਸ਼ੇਸ਼ ਉਪਦੇਸ਼ਾਂ-ਉਪਰਾਲਿਆਂ ਦੀ ਪ੍ਰੇਰਨਾ ਸਦਕਾ ਇਸ ਮਰਯਾਦਾ ਨੂੰ ਪਿੰਡ ਪੱਧਰ ਤੇ ਗ੍ਰਹਿ ਪੱਧਰ 'ਤੇ ਢਾਲਣ ਦਾ ਪਰਉਪਕਾਰੀ ਕਰਮ ਕੀਤਾ ਤਾਂ ਜੋ ਲੋੜਵੰਦਾਂ ਨੂੰ ਜਿੱਥੇ ਕਿਤੇ ਵੀ ਠਹਿਰਣਾ ਪਵੇ ਤਾਂ ਉਨ੍ਹਾਂ ਨੂੰ ਪਰਸ਼ਾਦਾ ਪ੍ਰਾਪਤ ਹੋ ਸਕੇ।

ਗੁਰੂ ਸਾਹਿਬ ਜੀ ਨੇ ਰੋਗੀਆਂ ਨੂੰ ਕਾਰਗਰ ਦਵਾ-ਦਾਰੂ ਦੇਣ, ਅਰੋਗਤਾ ਅਤੇ ਤੰਦਰੁਸਤੀ ਦੀਆਂ ਬਖ਼ਸ਼ਿਸ਼ਾਂ ਕਰਨ ਦੇ ਪਰਉਪਕਾਰੀ ਕਾਰਜਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ। ਜਿੱਥੇ ਆਪ ਜੀ ਲੋੜਵੰਦਾਂ, ਗ਼ਰੀਬਾਂ ਤੇ ਅਨਾਥਾਂ ਨੂੰ ਗੁਰੂ ਕੇ ਲੰਗਰ ਅਤੇ ਨਾਮ-ਦਾਰੂ ਦੇ ਕੇ ਅਰੋਗ ਤੇ ਸੁਖੀ ਕਰਦੇ ਸਨ, ਉੱਥੇ ਆਪ ਜੀ ਨੇ ਇਨਸਾਨਾਂ ਦੇ ਰੋਗੀ ਸਰੀਰਾਂ ਦੇ ਰੋਗ ਮਿਟਾਉਣ ਲਈ ਬੜਾ ਵੱਡਾ ਦਵਾਖਾਨਾ ਖੋਲ੍ਹਿਆ, ਜਿਸ ਵਿਚ ਬਹੁਤ ਕੀਮਤੀ ਤੇ ਦੁਰਲੱਭ ਦਵਾਈਆਂ ਮੰਗਵਾ ਕੇ ਰੱਖੀਆਂ ਗਈਆਂ। ਹਰ ਰੋਗੀ ਨੂੰ ਇਸ ਦਵਾਖ਼ਾਨੇ ਵਿੱਚੋਂ ਹਰ ਵੇਲੇ ਮੁਫ਼ਤ ਦਵਾਈ ਮਿਲਦੀ ਸੀ। ਦਿੱਲੀ ਦੇ ਬਾਦਸ਼ਾਹ ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਇਕ ਵਾਰ ਜਦੋਂ ਕੋਈ ਭਿਆਨਕ ਬਿਮਾਰੀ ਲੱਗ ਗਈ ਤਾਂ ਵੈਦਾਂ, ਹਕੀਮਾਂ ਨੇ ਇਕ ਖਾਸ ਕਿਸਮ ਤੇ ਖਾਸ ਵਜ਼ਨ ਦੇ ਲੌਂਗ ਹਰੜਾਂ ਤੇ ਗਜ ਮੋਤੀ, ਦਵਾਈ ਲਈ ਮੰਗੇ। ਸਾਰੇ ਦੇਸ਼ ਵਿੱਚੋਂ ਇਹ ਵਸਤਾਂ ਪ੍ਰਾਪਤ ਨਾ ਹੋਈਆਂ ਪਰ ਇਹ ਸਾਰੀਆਂ ਵਸਤਾਂ ਗੁਰੂ-ਘਰ ਦੇ ਸਫਾਖਾਨੇ ਤੋਂ ਪ੍ਰਾਪਤ ਹੋਈਆਂ। ਦਾਰਾ ਸ਼ਿਕੋਹ ਇਸ ਦਵਾਈ ਨਾਲ ਰਾਜ਼ੀ ਹੋ ਗਿਆ। ਉਸ ਨੇ ਕੀਰਤਪੁਰ ਸਾਹਿਬ ਆ ਕੇ ਗੁਰੂ ਜੀ ਦਾ ਧੰਨਵਾਦ ਕੀਤਾ। ਮੁਗ਼ਲ ਬਾਦਸ਼ਾਹ ਨਾਲ ਭਾਵੇਂ ਗੁਰੂ-ਘਰ ਦੇ ਸੰਬੰਧ ਬਾਬਰ ਦੇ ਸਮੇਂ ਤੋਂ ਹੀ ਠੀਕ ਨਹੀਂ ਸਨ ਅਤੇ ਸ਼ਾਹ ਜਹਾਨ ਦੇ ਪਿਤਾ ਬਾਦਸ਼ਾਹ ਜਹਾਂਗੀਰ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤਾ ਸੀ ਅਤੇ ਪੰਚਮ ਪਾਤਸ਼ਾਹ ਜੀ ਨੂੰ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਸੀ। ਪਰੰਤੂ ਗੁਰੂ-ਘਰ ਦਾ ਬਿਰਦ ਹੈ— *ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ॥* ਗੁਰੂ ਅਕਾਲ ਰੂਪ ਹੈ ਜੋ ਸਦ-ਉਪਕਾਰੀ ਹੈ। ਇਸ

ਸਿਧਾਂਤ ਨੂੰ ਮੁੱਖ ਰੱਖਦਿਆਂ ਗੁਰੂ ਜੀ ਨੇ ਉਨ੍ਹਾਂ ਦੀ ਲੋੜ ਵੀ ਪੂਰੀ ਕੀਤੀ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਜਿੱਥੇ ਦਇਆ, ਸ਼ਾਂਤੀ ਅਤੇ ਕੋਮਲਤਾ ਦੇ ਭੰਡਾਰ ਸਨ, ਉੱਥੇ ਦ੍ਰਿੜ੍ਹਤਾ ਅਤੇ ਗੁਰਮਤਿ ਸਿਧਾਂਤਾਂ ਦੀ ਪਾਲਣਾ ਵਿਚ ਪੂਰੇ ਪਹਿਰੇਦਾਰ ਸਨ। ਗੁਰਬਾਣੀ ਦਾ ਸਤਿਕਾਰ ਕਾਇਮ ਰੱਖਣ ਲਈ ਹਰ ਤਰ੍ਹਾਂ ਦੀ ਕੁਰਬਾਨੀ ਦੇਣ ਲਈ ਤਤਪਰ ਰਹਿੰਦੇ ਸਨ। ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਜੀ ਨੂੰ ਦਿੱਲੀ ਵਿਖੇ ਆਉਣ ਦਾ ਸੱਦਾ ਭੇਜਿਆ ਤਾਂ ਗੁਰੂ ਜੀ ਨੇ ਚੋਣਵੇਂ ਗੁਰਸਿੱਖਾਂ ਦੀ ਰਾਏ ਅਨੁਸਾਰ ਆਪਣੀ ਥਾਂ ਵੱਡੇ ਪੁੱਤਰ ਰਾਮਰਾਇ ਨੂੰ ਔਰੰਗਜ਼ੇਬ ਪਾਸ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿਚ ਜਾ ਕੇ ਜੋ ਵੀ ਬਚਨ-ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰ ਹੋਣੇ ਚਾਹੀਦੇ ਹਨ। ਬਾਬਾ ਰਾਮਰਾਇ ਬੜਾ ਸਿਆਣਾ, ਚੁਸਤ ਤੇ ਹਾਜ਼ਰ ਜੁਆਬ ਸੀ। ਗੁਰੂ-ਘਰ ਦੀ ਮਰਯਾਦਾ ਦੀ ਵੀ ਸੂਝ ਰੱਖਦਾ ਸੀ। ਪਰ ਸ਼ਾਹੀ ਦਰਬਾਰ ਦੀ ਆਓ-ਭਗਤ, ਸ਼ਾਨ-ਓ-ਸ਼ੌਕਤ ਨੇ ਉਸ ਨੂੰ ਭਰਮਾਅ ਲਿਆ। ਉਸ ਨੂੰ ਗੁਰੂ-ਪਿਤਾ ਵੱਲੋਂ ਮਿਲੀ *"ਨਿਰਭਉ ਤੇ ਨਿਰਵੈਰ"* ਰਹਿਣ ਦੀ ਸਿੱਖਿਆ ਭੁੱਲ ਗਈ। ਜਦੋਂ ਉਸ ਨੂੰ *"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥"* ਦੀ ਤੁਕ ਬਾਰੇ ਪੁੱਛਿਆ ਗਿਆ ਤਾਂ ਰਾਮਰਾਇ ਨੇ ਔਰੰਗਜ਼ੇਬ ਨੂੰ ਖੁਸ਼ ਕਰਨ ਲਈ ਕਹਿ ਦਿੱਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ "ਮਿੱਟੀ ਬੇਈਮਾਨ ਕੀ" ਕਿਹਾ ਹੈ। ਕਿਸੇ ਲਿਖਾਰੀ ਦੀ ਗ਼ਲਤੀ ਨਾਲ "ਮੁਸਲਮਾਨ ਕੀ" ਲਿਖ ਦਿੱਤਾ ਹੋਵੇਗਾ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੂੰ ਜਦੋਂ ਇਸ ਗੱਲ ਦੀ ਖ਼ਬਰ ਮਿਲੀ ਤਾਂ ਉਹ ਬਹੁਤ ਨਰਾਜ਼ ਹੋਏ ਅਤੇ ਕਿਹਾ ਕਿ ਰਾਮਰਾਇ ਨੇ ਗੁਰੂ ਨਾਨਕ ਸਾਹਿਬ ਜੀ ਦਾ ਬਚਨ ਬਦਲਿਆ ਹੈ। ਇਸ ਲਈ ਉਹ ਸਾਡੇ ਮੱਥੇ ਨਾ ਲੱਗੇ। ਗੁਰੂ ਸਾਹਿਬ ਜੀ ਨੇ ਇਸ ਘਟਨਾ ਉਪਰੰਤ, ਹਮੇਸ਼ਾਂ ਲਈ ਆਪਣੇ ਪੁੱਤਰ ਨੂੰ ਤਿਆਗ ਦਿੱਤਾ ਸੀ। ਹੋਰ ਸਿੱਖ ਸੰਗਤ ਨੂੰ ਵੀ ਰਾਮਰਾਈਆਂ ਤੋਂ ਦੂਰ ਰਹਿਣ ਦੇ ਹੁਕਮਨਾਮੇ ਭੇਜ ਦਿੱਤੇ। ਗੁਰੂ ਸਾਹਿਬ ਜੀ ਨੇ ਗੁਰਬਾਣੀ ਦੇ ਸਤਿਕਾਰ ਤੇ ਗੁਰਮਤਿ ਦੇ ਆਦਰਸ਼ ਤੋਂ ਪੁੱਤਰ ਪਿਆਰ ਨੂੰ ਕੁਰਬਾਨ ਕਰ ਦਿੱਤਾ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਆਪਣਾ ਅੰਤ ਸਮਾਂ ਨੇੜੇ ਆਇਆ ਜਾਣ ਕੇ ਗੁਰਿਆਈ ਦੀ ਮਹਾਨ ਜ਼ਿੰਮੇਵਾਰੀ ਯੋਗ ਸ਼ਖ਼ਸੀਅਤ ਨੂੰ ਸੌਂਪਣ ਦਾ ਫੈਸਲਾ ਕੀਤਾ। ਅੰਤ ਗੁਰੂ ਸਾਹਿਬ ਜੀ ਨੇ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਨੂੰ ਜਿਨ੍ਹਾਂ ਵਿਚ ਗੁਰਿਆਈ ਨੂੰ ਸੰਭਾਲਣ ਦੀਆਂ ਯੋਗਤਾਵਾਂ ਮੌਜੂਦ ਸਨ। ਅੱਠਵੇਂ ਗੁਰੂ ਥਾਪ ਕੇ ੧੬੬੧ ਈ. ਨੂੰ ਕੀਰਤਪੁਰ ਸਾਹਿਬ ਵਿਖੇ ਜੋਤੀ ਜੋਤ ਸਮਾ ਗਏ। ਸਿੱਖ ਪੰਥ ਨੂੰ ਗੁਰੂ ਸਾਹਿਬ ਜੀ ਦੇ ਪਰਉਪਕਾਰੀ ਕਾਰਜਾਂ ਦ੍ਰਿੜ੍ਹਤਾ, ਸਹਿਜ ਸੁਭਾਅ ਅਤੇ ਦਇਆ ਵਰਗੇ ਮਹਾਨ ਅਦੁੱਤੀ ਗੁਣਾਂ ਨੂੰ ਆਪਣੇ ਜੀਵਨ ਵਿਚ ਅਪਣਾਉਣਾ ਚਾਹੀਦਾ ਹੈ। ਗੁਰਬਾਣੀ ਤੇ ਗੁਰੂ ਦੇ ਸਿਧਾਂਤਾਂ 'ਤੇ ਚੱਲਣਾ ਚਾਹੀਦਾ ਹੈ। ਗੁਰਬਾਣੀ ਦਾ ਆਦਰ ਸਤਿਕਾਰ ਕਰਨਾ ਹੈ, ਕਿਉਂਕਿ ਗੁਰਬਾਣੀ ਹੀ ਗੁਰੂ ਹੈ। ਗੁਰਵਾਕ ਹੈ— *ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ॥* ■

*ਜਨਵਰੀ ੨੦੨੩ ਦਾ ਬਾਕੀ:*

# ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ-ਛੋਹ ਪ੍ਰਾਪਤ ਅਸਥਾਨ

*-ਡਾ. ਪਰਮਵੀਰ ਸਿੰਘ**

## ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ

ਇਹ ਨਗਰ ਸਰਹਿੰਦ ਤੋਂ ੩ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਸ਼ਹੀਦ ਕੀਤਾ ਸੀ ਅਤੇ ਇੱਥੇ ਹੀ ਮਾਤਾ ਗੁਜਰੀ ਜੀ ਸ਼ਹਾਦਤ ਪ੍ਰਾਪਤ ਕਰ ਗਏ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਕਾਰਨ ਇਸ ਨਗਰ ਦੇ ਨਵਾਬ ਵਜ਼ੀਰ ਖ਼ਾਨ ਅਤੇ ਉਸ ਦੇ ਅਹਿਲਕਾਰਾਂ ਨੂੰ ਬੁਰੇ ਦਿਨ ਦੇਖਣ ਲਈ ਮਜ਼ਬੂਰ ਹੋਣਾ ਪਿਆ ਸੀ। ਸਾਹਿਬਜ਼ਾਦਾ ਫ਼ਤਿਹ ਸਿੰਘ ਦੇ ਨਾਂ 'ਤੇ ਇਸ ਨਗਰ ਦਾ ਨਾਂ ਰੱਖਿਆ ਗਿਆ ਅਤੇ ੧੯੯੨ ਈ. ਦੀ ਵੈਸਾਖ਼ੀ ਨੂੰ ਇਹ ਨਗਰ ਜ਼ਿਲ੍ਹੇ ਦਾ ਰੂਪ ਧਾਰਨ ਕਰ ਗਿਆ। ਇਸ ਜ਼ਿਲ੍ਹੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਚਰਨ-ਛੋਹ ਪ੍ਰਾਪਤ ਇਹਨਾਂ ਅਸਥਾਨਾਂ ਦੇ ਦਰਸ਼ਨ ਹੁੰਦੇ ਹਨ।

**ਸੈਂਪਲੀ:** ਚੁੰਨੀ-ਮੋਰਿੰਡਾ ਸੜਕ 'ਤੇ ਚੁੰਨੀ ਤੋਂ ੨ ਕਿਲੋਮੀਟਰ ਦੀ ਦੂਰੀ 'ਤੇ ਇਹ ਪਿੰਡ ਮੌਜੂਦ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਇਹ ਪਿੰਡ ਪੀਰ ਸੈਂਪਲ ਸ਼ਾਹ ਦੇ ਨਾਂ 'ਤੇ ਵੱਸਿਆ ਹੋਇਆ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਨਾਲ ਮੁਲਾਕਾਤ ਹੋਈ ਦੱਸੀ ਜਾਂਦੀ ਹੈ। ਬਾਬਾ ਜੈਮਲ ਸਿੰਘ ਜੀ ਨੇ ਸੰਤ ਅਤਰ ਸਿੰਘ ਜੀ ਮਸਤੂਆਣਾ ਵਾਲਿਆਂ ਦੀ ਪ੍ਰੇਰਨਾ ਨਾਲ ਲਗ-ਪਗ ੧੯੨੦ ਈ. ਵਿਚ ਇਸ ਗੁਰਧਾਮ ਦੀ ਉਸਾਰੀ ਕਰਵਾਈ। ਕੈਲੜੀ ਪਿੰਡ ਤੋਂ ਬਾਬਾ ਜੈਮਲ ਸਿੰਘ ਜੀ ਪਹਿਲਾਂ ਪਮੌਰ ਅਤੇ ਫਿਰ ਸੈਂਪਲੀ ਵਿਖੇ ਆ ਕੇ ਵੱਸ ਗਏ ਸਨ। ੧੬ ਅਕਤੂਬਰ, ੧੯੯੦ ਨੂੰ ਇਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਬਾਬਾ ਬੰਤਾ ਸਿੰਘ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਨ ਲੱਗੇ। ੧੭ ਅਗਸਤ, ੨੦੧੧ ਈ. ਨੂੰ ਬਾਬਾ ਬੰਤਾ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਉਪਰੰਤ ਇਸ ਗੁਰਧਾਮ ਦਾ ਪ੍ਰਬੰਧ ੧੧ ਮੈਂਬਰੀ ਕਮੇਟੀ ਅਧੀਨ ਆ ਗਿਆ, ਸ. ਅਮਰਜੀਤ ਸਿੰਘ ਇਸ ਦੇ ਪ੍ਰਧਾਨ ਹਨ।

**ਕਲੌੜ:** ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਦਾ ਇਹ ਇਕ ਵੱਡਾ ਪਿੰਡ ਹੈ ਜਿਹੜਾ ਕਿ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਮਾਲਵੇ ਦੀ ਪ੍ਰਚਾਰ-ਯਾਤਰਾ ਦੌਰਾਨ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸੁਸ਼ੋਭਿਤ ਹੈ। ਇਸ ਪਿੰਡ ਦੇ ਸ. ਪ੍ਰਦੀਪ ਸਿੰਘ ਨੇ

**ਮੁਖੀ, ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ: +੯੧੯੮੭੨੦-੭੪੩੨੨*

ਗੁਰਦੁਆਰਾ ਸਾਹਿਬ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਘੜੂੰਆਂ ਤੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਅਤੇ ਇੱਥੋਂ ਅੱਗੇ ਨੰਦਪੁਰ ਚਲੇ ਗਏ ਸਨ। ਪਿੰਡ ਦੇ ਇਕ ਸਿੰਘ ਬਾਬਾ ਮਨੀ ਸਿੰਘ ਬੱਬਰ ਅਕਾਲੀ ਲਹਿਰ ਨਾਲ ਸੰਬੰਧਿਤ ਰਹੇ ਸਨ। ਇਨ੍ਹਾਂ ਨੇ ਮਹਾਰਾਜਾ ਪਟਿਆਲਾ ਨੂੰ ਕਹਿ ਕੇ ਇਹ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਵਾ ਦਿੱਤੀ ਸੀ। ਇਨ੍ਹਾਂ ਤੋਂ ਬਾਅਦ ਬਾਬਾ ਰਿਖੀ ਜੀ ਨੇ ਇਸ ਉੱਚੇ ਥੇਹ ਦੀ ਚਾਰ ਦੀਵਾਰੀ ਕਰ ਕੇ ਇੱਥੇ ਇਕ ਛੋਟਾ ਜਿਹਾ ਗੁਰਦੁਆਰਾ ਬਣਾਇਆ ਸੀ। ਜਦੋਂ ਵੋਟਾਂ ਰਾਹੀਂ ਸਰਪੰਚ ਚੁਣਨ ਦਾ ਰਿਵਾਜ ਪਿਆ ਤਾਂ ਪਿੰਡ ਦੇ ਇਕ ਵਿਅਕਤੀ ਨੇ ਵਾਅਦਾ ਕੀਤਾ ਕਿ ਜੇਕਰ ਉਹ ਚੋਣ ਜਿੱਤ ਗਿਆ ਤਾਂ ਗੁਰਦੁਆਰਾ ਸਾਹਿਬ ਦੇ ਨਾਂ ਜ਼ਮੀਨ ਲਵਾਏਗਾ। ਚੋਣ ਜਿੱਤਣ ਉਪਰੰਤ ਉਸ ਨੇ ੬ ਵਿੱਘੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਲਵਾ ਕੇ ਆਪਣਾ ਵਚਨ ਨਿਭਾਇਆ। ਬਾਬਾ ਪਿਆਰਾ ਸਿੰਘ ਨਿਹੰਗ ਸਿੰਘ, ਬਾਬਾ ਪ੍ਰੇਮ ਸਿੰਘ ਇਸ ਗੁਰਦੁਆਰਾ ਸਾਹਿਬ ਵਿਖੇ ਸੇਵਾ ਕਰਦੇ ਰਹੇ। ਪਿੰਡ ਵਾਲਿਆਂ ਨੇ ਇਸ ਅਸਥਾਨ ਦੀ ਸੇਵਾ ਬਾਬਾ ਹਰਬੰਸ ਸਿੰਘ ਕਾਰ-ਸੇਵਾ ਵਾਲਿਆਂ ਦੀ ਸੰਸਥਾ ਨੂੰ ਸੌਂਪ ਦਿੱਤੀ ਸੀ। ਇਸ ਸੰਸਥਾ ਦੇ ਬਾਬਾ ਸੁਜਾਨ ਸਿੰਘ ਨੇ ੨੦੦੭ ਈ. ਵਿਚ ਇਸ ਗੁਰਧਾਮ ਦੀ ਕਾਰ ਸੇਵਾ ਅਰੰਭ ਕੀਤੀ ਜਿਹੜੀ ਕਿ ੨੦੧੭ ਵਿਚ ਸੰਪੂਰਨ ਹੋਈ। ਵੈਸਾਖੀ, ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਦਿਹਾੜਾ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਇੱਥੇ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਭਾਈ ਹਰਜਿੰਦਰ ਸਿੰਘ ਇੱਥੇ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਿਹਾ ਹੈ।

ਗੁਰਦੁਆਰਾ ਸਾਹਿਬ ਦੀ ੫ ਵਿੱਘੇ ੧੦ ਬਿਸਵੇ ਜ਼ਮੀਨ ’ਤੇ ਦਰਬਾਰ ਹਾਲ, ਲੰਗਰ ਹਾਲ, ੬ ਰਿਹਾਇਸ਼ੀ ਕਮਰੇ ਅਤੇ ਗ੍ਰੰਥੀ ਸਿੰਘ ਦੀ ਰਿਹਾਇਸ਼ ਬਣੀ ਹੋਈ ਹੈ ਅਤੇ ਦਰਸ਼ਨੀ ਡਿਉੜ੍ਹੀ ਦਾ ਕਾਰਜ ਚੱਲ ਰਿਹਾ ਹੈ। ਇਸ ਤੋਂ ਇਲਾਵਾ ਸਾਢੇ ਪੰਜ ਏਕੜ ਵਾਹੀ ਯੋਗ ਜ਼ਮੀਨ ਠੇਕੇ ’ਤੇ ਦਿੱਤੀ ਜਾਂਦੀ ਹੈ। ਪਿੰਡ ਦੀ ਸਥਾਨਿਕ ਕਮੇਟੀ ਵਿੱਚੋਂ ਸ. ਹਰਨੇਕ ਸਿੰਘ, ਪ੍ਰਧਾਨ; ਸ. ਕਰਮਜੀਤ ਸਿੰਘ, ਸਕੱਤਰ; ਸ. ਪ੍ਰਦੀਪ ਸਿੰਘ, ਕੈਸ਼ੀਅਰ; ਤੋਂ ਇਲਾਵਾ ਸ. ਖ਼ੁਸ਼ਪਾਲ ਸਿੰਘ. ਸ. ਬਾਦਲ ਸਿੰਘ, ਸ. ਬਹਾਦਰ ਸਿੰਘ, ਸ. ਅਮਰੀਕ ਸਿੰਘ, ਸ. ਹਰਮਿੰਦਰ ਸਿੰਘ ਆਦਿ ਗੁਰਦੁਆਰਾ ਸਾਹਿਬ ਦੀ ਸੇਵਾ-ਸੰਭਾਲ ਕਰ ਰਹੇ ਹਨ। ਸਿੰਘ ਸਭਾ ਲਹਿਰ ਦੇ ਗਿਆਨੀ ਦਿੱਤ ਸਿੰਘ ਦਾ ਜਨਮ-ਸਥਾਨ ਹੋਣ ਕਰਕੇ ਇਹ ਪਿੰਡ ਵਧੇਰੇ ਪ੍ਰਸਿੱਧੀ ਪ੍ਰਾਪਤ ਕਰ ਗਿਆ।

**ਨੰਦਪੁਰ:** ਫ਼ਤਿਹਗੜ੍ਹ ਸਾਹਿਬ ਜ਼ਿਲ੍ਹਾ ਦਾ ਇਹ ਪਿੰਡ ਕਲੌੜ ਦੇ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਇਨ੍ਹਾਂ ਨੂੰ ਸਾਂਝੇ ਤੌਰ ’ਤੇ ਨੰਦਪੁਰ-ਕਲੌੜ ਕਿਹਾ ਜਾਂਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਇੱਥੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਦੱਸਦੀ ਹੈ ਕਿ ਮਹਾਰਾਜਾ

ਕਰਮ ਸਿੰਘ ਦੇ ਸਮੇਂ ਦਾ ਬਣਿਆ ਹੋਇਆ ਇਕ ਗੁਰਧਾਮ ਇੱਥੇ ਨੀਵੇਂ ਥਾਂ ਮੌਜੂਦ ਸੀ। ਨਵਾਂ ਗੁਰਧਾਮ ਉੱਚੇ ਥਾਂ ਸਾਜਿਆ ਗਿਆ। ਭਾਈ ਰਣਧੀਰ ਸਿੰਘ ਦੱਸਦੇ ਹਨ ਕਿ ੧੯੨੭-੨੮ ਈ. ਵਿਚ ਸੰਤ ਭਾਈ ਅਰਜਨ ਸਿੰਘ ਨੂੰ ਪੁਰਾਣੇ ਮੁਸਲਮਾਨ ਪਟਵਾਰੀਆਂ ਕੋਲੋਂ ਕੁਝ ਪਟੇ ਮਿਲੇ ਸਨ ਜਿਨ੍ਹਾਂ ਵਿੱਚੋਂ ਇਕ ਪਟਾ ਗੁਰਦੁਆਰਾ ਨੰਦਪੁਰ-ਕਲੌੜ ਨਾਲ ਸੰਬੰਧਿਤ ਸੀ। ਇਸ ਦੇ ਆਧਾਰ 'ਤੇ ਖੋਜ ਕਰਦੇ ਹੋਏ ਜਦੋਂ ਇਹ ਇਸ ਅਸਥਾਨ 'ਤੇ ਆਏ ਤਾਂ ਇਕ ਗੁਰਧਾਮ ਨੀਵੇਂ ਥਾਂ ਲੱਭਿਆ ਸੀ। ਮਿੱਟੀ ਦੇ ਗੱਡੇ ਅਤੇ ਟੋਕਰੀਆਂ ਢੋ-ਢੋ ਕੇ ਇਨ੍ਹਾਂ ਨੇ ਇਕ ਉੱਚੇ ਥਾਂ ਗੁਰਦੁਆਰਾ ਸਾਹਿਬ ਦੀ ਉਸਾਰੀ ਕੀਤੀ ਸੀ। ਪੁਰਾਣਾ ਮੰਜੀ ਸਾਹਿਬ ਥੱਲੇ ਸੁਭਾਇਮਾਨ ਹੈ ਤੇ ਬੜਾ ਮਹਿਫੂਜ਼ ਹੈ।[੩੮] ਸਥਾਨਿਕ ਪਰੰਪਰਾ ਦੱਸਦੀ ਹੈ ਕਿ ਸੰਤ ਕਰਤਾਰ ਸਿੰਘ ਜੀ ਨੇ ਇਸ ਗੁਰਧਾਮ ਦੀ ਸੇਵਾ-ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਪਾਕਿਸਤਾਨ ਤੋਂ ਇਸ ਪਿੰਡ ਵਿਚ ਆ ਕੇ ਇਹ ਸੰਤਬੇਲਾ, ਨੰਦਪੁਰ ਤੋਂ ਲਗ-ਪਗ ੨ ਕਿਲੋਮੀਟਰ ਦੂਰ, ਵਿਖੇ ਨਿਵਾਸ ਕਰਨ ਲੱਗੇ ਸਨ। ਭਜਨ-ਬੰਦਗੀ ਵਾਲੀ ਇਸ ਸ਼ਖ਼ਸੀਅਤ ਨੂੰ ਸੰਤ ਅਜੀਤ ਸਿੰਘ ਨੱਥਮਲਪੁਰ ਵਾਲਿਆਂ ਨੇ ਇਸ ਗੁਰਧਾਮ ਦੀ ਸੇਵਾ ਲਈ ਪ੍ਰੇਰਿਆ। ੧੯੩੪ ਤੋਂ ੧੯੪੯ ਈ. ਤਕ ਇਹ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ। ਇਨ੍ਹਾਂ ਤੋਂ ਬਾਅਦ ਸੰਤ ਜਵਾਲਾ ਸਿੰਘ ਜੀ, ਭਾਈ ਜਸਮੇਰ ਸਿੰਘ ਜੀ, ਸੰਤ ਕ੍ਰਿਪਾਲ ਸਿੰਘ ਜੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੇ ਰਹੇ ਹਨ। ਪਿੰਡ ਦੀ ਲੋਕਲ ਕਮੇਟੀ ਇਨ੍ਹਾਂ ਮਹਾਂਪੁਰਖਾਂ ਦੁਆਰਾ ਕੀਤੀ ਜਾਂਦੀ ਸੇਵਾ-ਸੰਭਾਲ ਵਿਚ ਸਹਿਯੋਗ ਕਰਦੀ ਰਹੀ ਹੈ। ਇਸ ਗੁਰਦੁਆਰਾ ਸਾਹਿਬ ਵਿਖੇ ਸੰਭਾਲ ਕੇ ਰੱਖਿਆ ਇਕ ਸੋਟਾ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦੱਸਿਆ ਜਾਂਦਾ ਹੈ।

੧੯੯੭ ਈ. ਤੋਂ ਇਸ ਗੁਰਧਾਮ ਦੇ ਮੈਨੇਜਰ ਦੀ ਸੇਵਾ ਨਿਭਾ ਰਹੇ ਸ. ਰਣਵੀਰ ਸਿੰਘ ਨੇ ਦੱਸਿਆ ਕਿ ਬਾਬਾ ਹਰਬੰਸ ਸਿੰਘ ਜੀ ਦੀ ਸੰਸਥਾ ਦੇ ਬਾਬਾ ਜਸਵੰਤ ਸਿੰਘ ਜੀ ਨੇ ੨੦੦੨ ਈ. ਵਿਚ ਇੱਥੇ ਨਵੇਂ ਗੁਰਧਾਮ ਦੀ ਸੇਵਾ ਅਰੰਭ ਕਰਵਾਈ ਸੀ। ੨੦੦੨ ਈ. ਵਿਚ ਸੰਪੂਰਨ ਹੋਣ 'ਤੇ ਦਰਬਾਰ ਹਾਲ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ। ਇਸ ਗੁਰਦੁਆਰਾ ਸਾਹਿਬ ਵਿਖੇ ਪ੍ਰਕਾਸ਼ ਗੁਰਪੁਰਬ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਜੀ, ਸ਼ਹੀਦੀ ਗੁਰਪੁਰਬ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਪ੍ਰਮੁੱਖਤਾ ਨਾਲ ਮਨਾਏ ਜਾਂਦੇ ਹਨ। ਇਸ ਤੋਂ ਇਲਾਵਾ ਹੋਲਾ ਮੁਹੱਲਾ, ਵੈਸਾਖੀ ਦੇ ਮੌਕੇ ਸਮਾਗਮ ਕੀਤੇ ਜਾਂਦੇ ਹਨ। ਇਕ ਏਕੜ ਤੋਂ ਵਧੇਰੇ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ਦਫ਼ਤਰ, ਪੁਰਾਤਨ ਖੂਹ ਅਤੇ ਕੁਝ ਕਮਰੇ ਬਣੇ ਹੋਏ ਹਨ। ਇਸ ਤੋਂ ਇਲਾਵਾ ੨੨ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਦੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ

ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਨੌਲੱਖਾ:** ਪਟਿਆਲਾ ਤੋਂ ਸਰਹਿੰਦ ਜਾਂਦੇ ਹੋਏ ਮੁੱਖ ਸੜਕ ਤੋਂ ਲਗ-ਪਗ ੨੦ ਕਿਲੋਮੀਟਰ ਬਾਅਦ ਇਸ ਪਿੰਡ ਨੂੰ ਸੜਕ ਮੁੜਦੀ ਹੈ ਅਤੇ ਇਕ ਕਿਲੋਮੀਟਰ ਅੰਦਰ ਵੱਲ ਇਹ ਪਿੰਡ ਸਥਿਤ ਹੈ ਜਿੱਥੇ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਨੌਲੱਖਾ ਸਾਹਿਬ ਸਸ਼ੋਭਿਤ ਹੈ। ਫ਼ਤਿਹਗੜ੍ਹ ਜ਼ਿਲ੍ਹੇ ਵਿਚ ਪੈਂਦੇ ਇਸ ਗੁਰ-ਅਸਥਾਨ ਬਾਰੇ ਜਾਣਕਾਰੀ ਦਿੰਦੇ ਹੋਏ ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ— "ਰਿਆਸਤ ਨਜ਼ਾਮਤ ਪਟਿਆਲਾ, ਤਸੀਲ ਸਰਹਿੰਦ, ਥਾਣਾ ਮੂਲੇਪੁਰ ਵਿਚ ਇੱਕ ਪਿੰਡ ਹੈ। ਇਸ ਦੀ ਵੱਸੋਂ ਦੇ ਨਾਲ ਹੀ ਉੱਤਰ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ। ਇੱਥੇ ਇਕ ਵਣਜਾਰੇ ਨੇ ੯ ਮਨਸੂਰੀ ਟਕੇ ਗੁਰੂ ਜੀ ਦੀ ਭੇਟ ਕੀਤੇ ਤਾਂ ਗੁਰੂ ਜੀ ਨੇ ਫ਼ਰਮਾਇਆ ਕਿ ਇਹ ਤਾਂ ਨੌ ਲੱਖ ਮੋਹਰ ਦੇ ਤੁੱਲ ਹਨ, ਤਦ ਤੋਂ ਇਸ ਥਾਂ ਦਾ ਨਾਮ ਨੌਲੱਖਾ ਪੈ ਗਿਆ, ਅਰ ਫੇਰ ਜੋ ਏਸ ਪਾਸ ਪਿੰਡ ਵੱਸਿਆ ਉਸ ਦੀ ਭੀ ਇਹੀ ਸੰਗਿਆ ਹੋਈ, ਨਿੱਕਾ ਜਿਹਾ ਮੰਜੀ ਸਾਹਿਬ ਹੈ, ਪਾਸ ਕੁੱਝ ਰਿਹਾਇਸ਼ੀ ਮਕਾਨ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਤਯ ਪ੍ਰਕਾਸ਼ ਹੁੰਦਾ ਹੈ, ਪੁਜਾਰੀ ਸਿੰਘ ਹੈ। ਗੁਰਦੁਆਰੇ ਨਾਲ ੧੦੦ ਵਿੱਘੇ ਜ਼ਮੀਨ ਰਿਆਸਤ ਪਟਿਆਲੇ ਵੱਲੋਂ ਹੈ। ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਸੱਤ ਮੀਲ ਪੱਛਮ ਕੱਚਾ ਰਸਤਾ ਹੈ।"[੩੯] ਪਿੰਡ ਦੀ ਸੰਗਤ ਵੱਲੋਂ ਬਣਾਈ ਗਈ ਪੁਰਾਤਨ ਇਮਾਰਤ ਦੀ ਕਾਰ-ਸੇਵਾ ੧੯੯੫-੯੬ ਵਿਚ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ਕਰਵਾਈ ਸੀ। ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਨਾਲ ਹੀ ਖਿਰਨੀ ਦਾ ਇਕ ਪੁਰਾਤਨ ਰੁੱਖ ਅਤੇ ਖੂਹ ਮੌਜੂਦ ਹੈ ਜਿਹੜਾ ਕਿ ਵਰਤੋਂ ਵਿਚ ਨਾ ਹੋਣ ਕਰਕੇ ਢੱਕਿਆ ਹੋਇਆ ਹੈ। ੨੪ ਕਿੱਲੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਗੁਰਦੁਆਰਾ ਸਾਹਿਬ ਦੇ ਨਾਲ ਹੀ ਬਾਬਾ ਜ਼ੋਰਾਵਰ ਸਿੰਘ ਅਤੇ ਬਾਬਾ ਫ਼ਤਿਹ ਸਿੰਘ ਸਕੂਲ ਵੀ ਚਲਾਇਆ ਜਾ ਰਿਹਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਪਮੌਰ:** ਚੁੰਨੀ ਕਲਾਂ-ਮੋਰਿੰਡਾ ਸੜਕ 'ਤੇ ਚੁੰਨੀ ਕਲਾਂ ਤੋਂ ੨ ਕਿਲੋਮੀਟਰ ਬਾਅਦ ਇਕ ਕਿਲੋਮੀਟਰ ਸੱਜੇ ਹੱਥ ਪਿੰਡ ਪਮੌਰ ਸਥਿਤ ਹੈ। ਦੱਸਿਆ ਜਾਂਦਾ ਹੈ ਕਿ ਸ੍ਰੀ ਗੁਰੂ ਤੇਗ ਬਹਦਾਰ ਜੀ ਨੇ ਇੱਥੇ ਸਾਈਂ ਫ਼ਜ਼ਲ ਸ਼ਾਹ ਨਾਲ ਵਿਚਾਰ-ਚਰਚਾ ਕੀਤੀ ਸੀ ਅਤੇ ਹਸਨਾ ਨਾਂ ਦੇ ਇਕ ਜੱਟ ਨੇ ਗੁਰੂ ਜੀ ਦੀ ਸੇਵਾ ਕੀਤੀ ਸੀ। ਗੁਰੂ ਜੀ ਨੇ ਇਸ ਨੂੰ 'ਹਸਨਾ ਖੁਲ ਕੇ ਬਸਨਾ' ਦਾ ਅਸ਼ੀਰਵਾਦ ਦਿੱਤਾ ਸੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ੧੯੯੦ ਵਿਚ ਬਾਬਾ ਹਰਬੰਸ ਸਿੰਘ ਕਾਰ-ਸੇਵਾ ਵਾਲਿਆਂ ਦੀ ਸੰਸਥਾ ਦੇ ਬਾਬਾ ਸੁਰਮੁਖ ਸਿੰਘ ਜੀ ਨੇ ਤਿਆਰ ਕਰਵਾਈ ਸੀ। ਸ੍ਰੀ

ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਗੁਰਪੁਰਬ ਅਤੇ ਇਸ ਅਸਥਾਨ ਦੀ ਲੰਮਾ ਸਮਾਂ ਸੇਵਾ ਕਰਨ ਵਾਲੇ ਬਾਬਾ ਬੰਤਾ ਸਿੰਘ ਦੀ ਬਰਸੀ ਮਨਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਦੀ ਲਗ-ਪਗ ੨ ਏਕੜ ਜ਼ਮੀਨ 'ਤੇ ਦਰਬਾਰ ਹਾਲ, ਲੰਗਰ ਹਾਲ, ੧੦ ਰਿਹਾਇਸ਼ੀ ਕਮਰੇ ਆਦਿ ਬਣੇ ਹੋਏ ਹਨ। ਲਗ-ਪਗ ੮ ਏਕੜ ਵਾਹੀ ਯੋਗ ਜ਼ਮੀਨ ਠੇਕੇ 'ਤੇ ਦਿੱਤੀ ਜਾਂਦੀ ਹੈ। ਪਿੰਡ ਦੀ ੧੧ ਮੈਂਬਰੀ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ। ਸ. ਬਲਕਾਰ ਸਿੰਘ ਇਸ ਦੇ ਪ੍ਰਧਾਨ ਹਨ।

**ਬੱਸੀ ਪਠਾਣਾਂ:** ਫ਼ਤਿਹਗੜ੍ਹ ਸਾਹਿਬ-ਮੋਰਿੰਡਾ ਸੜਕ 'ਤੇ ਫ਼ਤਿਹਗੜ੍ਹ ਤੋਂ ੪ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਨਗਰ ਦੀ ਸਥਾਪਨਾ ਇਕ ਪਠਾਣ ਮਲਿਕ ਨੇ ੧੫੪੦ ਵਿਚ ਕੀਤੀ ਸੀ ਜਿਹੜਾ ਕਿ ਸ਼ੇਰ ਸ਼ਾਹ ਸੂਰੀ ਦੇ ਸਮੇਂ ਇੱਥੇ ਆ ਵੱਸਿਆ ਸੀ। ਮਹਾਰਾਜਾ ਪਟਿਆਲਾ ਅਧੀਨ ਰਹੇ ਇਸ ਨਗਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੁਸ਼ੋਭਿਤ ਹੈ। ਇਸ ਦੇ ਸਾਹਮਣੇ ਹੀ ਪੁਰਾਣੀ ਸੈਂਟਰਲ ਜ਼ੇਲ ਬਣੀ ਹੋਈ ਹੈ। ਜ਼ੇਲ ਦੇ ਸਾਹਮਣੇ ਜਿਹੜਾ ਗੁਰਧਾਮ ਮੌਜੂਦ ਹੈ ਉੱਥੋਂ ਦੀ ਰਵਾਇਤ ਦੱਸਦੀ ਹੈ ਕਿ ੭੦-੮੦ ਸਾਲ ਪਹਿਲਾਂ ਇਹ ਗੁਰਧਾਮ ਛੋਟੀ ਜਿਹੀ ਜਗ੍ਹਾ 'ਤੇ ਸੀ ਇਸ ਦੇ ਆਲੇ-ਦੁਆਲੇ ਦੇ ਘਰ ਖਰੀਦ ਕੇ ਇਸ ਨੂੰ ਖੁੱਲ੍ਹਾ ਕੀਤਾ ਗਿਆ ਹੈ। ਡਾ. ਫੌਜਾ ਸਿੰਘ ਦੱਸਦੇ ਹਨ ਕਿ ਪਹਿਲਾਂ ਇੱਥੇ ਕੱਚਾ ਕੋਠਾ ਹੁੰਦਾ ਸੀ। ਉਸ ਕੋਠੇ ਵਿਚ ਇੱਕ ਬੁੱਢਾ ਤਰਖਾਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦਾ ਸੀ। ਬਾਅਦ ਵਿਚ ਸਰਦਾਰ ਅੱਛਰਾ ਸਿੰਘ, ਸਰਦਾਰ ਬਲਦੇਵ ਸਿੰਘ ਜਵੰਦਾ, ਸਰਦਾਰ ਕਰਤਾਰ ਸਿੰਘ ਤੇ ਸਰਦਾਰ ਮੰਗਲ ਸਿੰਘ ਨੇ ਬੁੱਢੇ ਤਰਖਾਣ ਕੋਲੋਂ ਸਾਰਾ ਪ੍ਰਬੰਧ ਲੈ ਕੇ ਇੱਥੇ ਪੱਕਾ ਗੁਰਦੁਆਰਾ ਬਣਾ ਦਿੱਤਾ।[੪੦] ਮੌਜੂਦਾ ਸਮੇਂ ਵਿਚ ਲਗ-ਪਗ ਅੱਧਾ ਏਕੜ ਵਿਚ ਦਰਬਾਰ ਹਾਲ, ਲੰਗਰ ਹਾਲ, ਗ੍ਰੰਥੀ ਸਿੰਘ ਦੀ ਰਿਹਾਇਸ਼ ਆਦਿ ਬਣੇ ਹੋਏ ਹਨ। ਸਥਾਨਿਕ ੭ ਮੈਂਬਰੀ ਕਮੇਟੀ ਇਸ ਦਾ ਪ੍ਰਬੰਧ ਦੇਖਦੀ ਹੈ।

**ਭਗੜਾਣਾ:** ਇਹ ਪਿੰਡ ਰਾਜਪੁਰਾ ਤੋਂ ਲਗ-ਪਗ ੨੦ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਪਟਿਆਲੇ ਤੋਂ ਜਖਵਾਲੀ, ਉਗਾਣੀ, ਚੱਕ, ਸਿੰਧੜਾਂ, ਬਡਾਲੀ ਮਾਈ ਕੀ ਆਦਿ ਪਿੰਡਾਂ ਵਿੱਚੋਂ ਹੋ ਕੇ ਇੱਥੇ ਪੁਜਿਆ ਜਾ ਸਕਦਾ ਹੈ ਅਤੇ ਰਾਜਪੁਰੇ ਵੱਲੋਂ ਵੀ ਸੰਗਤ ਇਸ ਪਿੰਡ ਵਿਖੇ ਦਰਸ਼ਨ ਕਰਨ ਲਈ ਆਉਂਦੀ ਹੈ। ਜਦੋਂ ਗੁਰੂ ਜੀ ਇਸ ਪਿੰਡ ਵਿਖੇ ਪੁੱਜੇ ਤਾਂ ਬਹੁਤ ਸਾਰੇ ਲੋਕ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਏ ਸਨ। ਇਨ੍ਹਾਂ ਵਿੱਚੋਂ ਭਾਈ ਅਮਰੂ ਅਤੇ ਭਾਈ ਦਿਆਲਾ ਦੋ ਮੁਖੀ ਸਿੱਖ ਸਾਹਮਣੇ ਆਏ ਜਿਨ੍ਹਾਂ ਨੇ ਗੁਰੂ ਜੀ ਦੀ ਯਾਦਗਾਰ ਸਥਾਪਿਤ ਕੀਤੀ। ਗੁਰੂ ਜੀ ਦੀ ਚਰਨ-ਛੋਹ ਪ੍ਰਾਪਤ ਇਹ ਅਸਥਾਨ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਵਜੋਂ ਪ੍ਰਸਿੱਧ ਹੈ। ਪਟਿਆਲੇ ਦੇ ਮਹਾਰਾਜਾ ਕਰਮ ਸਿੰਘ ਨੇ ਇਸ ਜਗ੍ਹਾ ਇਕ ਨਵੀਂ ਇਮਾਰਤ ਦੀ ਉਸਾਰੀ ਕਰਵਾਈ ਸੀ।

ਭਾਈ ਕਾਨ੍ਹ ਸਿੰਘ ਨਾਭਾ ਦੱਸਦੇ ਹਨ ਕਿ ਭਗੜਾਣਾ, "ਰਿਆਸਤ ਪਟਿਆਲਾ, ਤਸੀਲ ਥਾਣਾ ਬਸੀ ਵਿਚ ਇਕ ਪਿੰਡ ਹੈ ਜੋ ਰੇਲਵੇ ਸਟੇਸ਼ਨ ਸਾਧੂਗੜ੍ਹ ਤੋਂ ਪੰਜ ਮੀਲ ਪੂਰਵ ਹੈ। ਇਸ ਪਿੰਡ ਤੋਂ ਦੱਖਣ ਵੱਲ ਅੱਧ ਮੀਲ ਦੇ ਕਰੀਬ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਗੁਰਦੁਆਰਾ ਹੈ, ਦਰਬਾਰ ਛੋਟਾ ਜਿਹਾ ਬਣਿਆ ਹੋਇਆ ਹੈ, ਪਾਸ ਰਿਹਾਇਸ਼ੀ ਮਕਾਨ ਬਹੁਤ ਹਨ। ਗੁਰਦੁਆਰੇ ਨਾਲ ੨੫੦ ਵਿੱਘੇ ਜ਼ਮੀਨ ਰਿਆਸਤ ਵੱਲੋਂ ਹੈ। ਇਸ ਵੇਲੇ ਪੁਜਾਰਣ ਸਿੰਘਣੀ ਹੈ।"[੪੧]

ਸਥਾਨਿਕ ਰਵਾਇਤ ਦੱਸਦੀ ਹੈ ਕਿ ਭਾਈ ਮਦਨ ਸਿੰਘ ਅਤੇ ਭਾਈ ਕੋਠਾ ਸਿੰਘ, ਭਾਈ ਦਿਆਲਾ ਦੇ ਪੁੱਤਰ ਸਨ ਜਿਹੜੇ ਕਿ ਚਮਕੌਰ ਸਾਹਿਬ ਦੇ ਯੁੱਧ ਵਿਚ ਸ਼ਹੀਦ ਹੋ ਗਏ ਸਨ। ਗੁਰਦੁਆਰਾ ਸਾਹਿਬ ਦੇ ਮੁੱਖ ਦਰਬਾਰ ਦੇ ਸਾਹਮਣੇ ਇਨ੍ਹਾਂ ਦੀ ਯਾਦ ਵਿਚ ਇਕ ਬੁੰਗਾ ਮੌਜੂਦ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਇੱਥੇ ਮੌਜੂਦ ਸਰੋਵਰ ਵਿਚ ਇਕ ਪੁਰਾਤਨ ਖੂਹ ਮੌਜੂਦ ਹੈ, ਸਰੋਵਰ ਦੀ ਉਸਾਰੀ ਸਮੇਂ ਇਸ ਨੂੰ ਸੁਰੱਖਿਅਤ ਰੱਖ ਲਿਆ ਗਿਆ ਸੀ। ਦੱਸਿਆ ਜਾਂਦਾ ਹੈ ਕਿ ਇਸ ਖੂਹ ਦਾ ਪਾਣੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਿੱਠਾ ਕੀਤਾ ਸੀ। ਵੱਡੀ ਗੱਲ ਇਹ ਹੈ ਕਿ ਆਸ-ਪਾਸ ਜਿੰਨੇ ਵੀ ਟਿਊਬਵੈਲ ਲੱਗੇ ਹੋਏ ਹਨ, ਸਾਰੇ ਹੀ ਬਹੁਤ ਡੂੰਘੇ ਹਨ ਪਰ ਇਸ ਖੂਹ ਦਾ ਪਾਣੀ ਹਾਲੇ ਵੀ ਲਗ-ਪਗ ੨੫-੩੦ ਫੁੱਟ 'ਤੇ ਹੈ। ਲੰਗਰ ਦੇ ਨਾਂ ੪੦ ਕਿਲ੍ਹੇ ਜ਼ਮੀਨ ਹੈ। ਮੌਜੂਦਾ ਇਮਾਰਤ ਦੀ ਉਸਾਰੀ ਪਟਿਆਲਾ ਦੇ ਬਾਬਾ ਅਮਰੀਕ ਸਿੰਘ ਕਾਰ ਸੇਵਾ ਵਾਲਿਆਂ ਨੇ ਕਰਵਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਬਹੇੜ:** ਪੰਜਾਬ ਦੇ ਜ਼ਿਲ੍ਹਾ ਫ਼ਤਿਹਗੜ੍ਹ ਵਿਚ ਬੱਸੀ ਪਠਾਣਾਂ ਤੋਂ ਇਹ ਗੁਰਦੁਆਰਾ ਲਗ-ਪਗ ੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਪਿੰਡ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਯਾਦ ਵਿਚ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਸਥਾਨਿਕ ਪਰੰਪਰਾ ਅਨੁਸਾਰ ਬੱਸੀ ਪਠਾਣਾਂ ਤੋਂ ਗੁਰੂ ਜੀ ਇਸ ਪਿੰਡ ਵਿਖੇ ਆਏ ਸਨ ਅਤੇ ਇੱਥੇ ਉਨ੍ਹਾਂ ਨੇ ਇਕ ਮਾਤਾ ਦੇ ਪੁੱਤਰ ਨੂੰ ਸਿਹਤਯਾਬ ਕੀਤਾ ਸੀ। ਇੱਥੋਂ ਗੁਰੂ ਜੀ ਅੱਗੇ ਰੈਲੀ ਪਿੰਡ ਵਿਖੇ ਚਲੇ ਗਏ ਸਨ। ਲਗ-ਪਗ ੫ ਕਿੱਲੇ ਜ਼ਮੀਨ ਗੁਰਦੁਆਰਾ ਸਾਹਿਬ ਦੇ ਨਾਂ ਹੈ। ਪਿੰਡ ਵਾਲਿਆਂ ਨੇ ਇੱਥੇ ਇਕ ਪੁਰਾਤਨ ਖੂਹੀ ਹੋਣ ਦਾ ਜ਼ਿਕਰ ਕੀਤਾ ਹੈ ਜਿਹੜੀ ਕਿ ੨੦੧੫ ਵਿਚ ਉਸਾਰੀ ਗਈ ਨਵੀਂ ਇਮਾਰਤ ਸਮੇਂ ਬੰਦ ਕਰ ਦਿੱਤੀ ਗਈ ਸੀ। ਪਿੰਡ ਦੀ ਸਥਾਨਿਕ ਕਮੇਟੀ ਇਸ ਗੁਰਧਾਮ ਦਾ ਪ੍ਰਬੰਧ ਕਰਦੀ ਹੈ।

**ਮਕਾਰੋਂਪੁਰ:** ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਚ ਮੌਜੂਦ ਇਹ ਗੁਰਧਾਮ ਫ਼ਤਿਹਗੜ੍ਹ ਤੋਂ ਲਗ-ਪਗ ੧੫ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਇਹ ਅਸਥਾਨ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸ੍ਰੀ ਗੁਰੂ

ਗੋਬਿੰਦ ਸਿੰਘ ਜੀ ਦੀ ਚਰਨ-ਛੋਹ ਪ੍ਰਾਪਤ ਹੈ ਪਰ ਇੱਥੇ ਸੁਸ਼ੋਭਿਤ ਗੁਰਧਾਮ ਗੁਰਦੁਆਰਾ ਸਾਹਿਬ ਪਾਤਿਸ਼ਾਹੀ ਨੌਵੀਂ ਵਜੋਂ ਪ੍ਰਸਿੱਧ ਹੈ। ਇਸ ਤੋਂ ਇਲਾਵਾ ਪਿੰਡ ਵਿਚ ਸ਼ਹੀਦ ਸਿੰਘਾਂ ਦੇ ਦੋ ਗੁਰਦੁਆਰਾ ਸਾਹਿਬ ਸਥਿਤ ਹਨ। ਦੱਸਿਆ ਜਾਂਦਾ ਹੈ ਕਿ ਇਹ ਦੋ ਗੁਰਦੁਆਰੇ ਪਿੰਡ ਦੇ ਉਨ੍ਹਾਂ ਦੋ ਸ਼ਹੀਦ ਸਿੰਘਾਂ ਦੀ ਯਾਦ ਵਿਚ ਬਣੇ ਹੋਏ ਹਨ ਜਿਹੜੇ ਬਾਬਾ ਬੰਦਾ ਸਿੰਘ ਬਹਾਦਰ ਦੀ ਫ਼ੌਜ ਵਿਚ ਸ਼ਾਮਲ ਹੋ ਕੇ ਸਰਹਿੰਦ ਦੇ ਯੁੱਧ ਵਿਚ ਸ਼ਹੀਦ ਹੋਏ ਸਨ।

ਨੰਦਪੁਰ, ਕਲੌੜ, ਰੈਲੋਂ ਹੁੰਦੇ ਹੋਏ ਸ੍ਰੀ ਗੁਰੂ ਤੇਗ ਬਹਾਦਰ ਜੀ ਇਸ ਅਸਥਾਨ ’ਤੇ ਆਏ ਸਨ। ਇਸ ਪਿੰਡ ਦੇ ਵਸਨੀਕ ਮਾਤਾ ਮਾੜੀ ਅਤੇ ਇਸ ਦੇ ਪਤੀ ਬਾਬਾ ਰੂਪ ਚੰਦ ਨੇ ਇਨ੍ਹਾਂ ਦੀ ਸੇਵਾ ਕੀਤੀ ਸੀ। ਗੁਰੂ ਜੀ ਦੀ ਬਖ਼ਸ਼ਸ਼ ਸਦਕਾ ਇਨ੍ਹਾਂ ਦੇ ਘਰ ਸੱਤ ਪੁੱਤਰ ਪੈਦਾ ਹੋਏ ਪਰ ਕੇਵਲ ਇਕ ਪੁੱਤਰ ਦਾ ਵੰਸ਼ ਅੱਗੇ ਚੱਲਿਆ। ਇਸ ਪਰਵਾਰ ਦੇ ਵੰਸ਼ਜ਼ ਸ. ਚਰਨਜੀਤ ਸਿੰਘ ਜੀ ਨੇ ਦੱਸਿਆ ਕਿ ਪਿੰਡ ਦੇ ਬਾਹਰ ਜਿਸ ਅਸਥਾਨ ’ਤੇ ਗੁਰੂ ਜੀ ਆ ਕੇ ਬੈਠੇ ਸਨ, ਉੱਥੇ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ ਜਿਸ ਨੂੰ ਵੱਡਾ ਗੁਰਦੁਆਰਾ ਸਾਹਿਬ ਵੀ ਕਿਹਾ ਜਾਂਦਾ ਹੈ। ਉੱਥੇ ਇਕ ਬੇਰੀ ਦੇ ਹੇਠਾਂ ਗੁਰੂ ਜੀ ਨੇ ਨਿਵਾਸ ਕੀਤਾ ਸੀ ਜਿਹੜੀ ਕਿ ਕੁਝ ਸਾਲ ਪਹਿਲਾਂ ਤੱਕ ਮੌਜੂਦ ਸੀ ਅਤੇ ਪਰਕਰਮਾ ਖੁੱਲ੍ਹੀ ਕਰਨ ਸਮੇਂ ਕੱਟ ਦਿੱਤੀ ਗਈ ਸੀ। ਮਾਤਾ ਮਾੜੀ ਅਤੇ ਭਾਈ ਰੂਪ ਚੰਦ ਦਾ ਘਰ ਪਿੰਡ ਵਿਚ ਸੀ ਅਤੇ ਗੁਰੂ ਸਾਹਿਬ ਇੱਥੇ ੧੭ ਦਿਨ ਰਹੇ ਸਨ ਅਤੇ ਹੁਣ ਇੱਥੇ ਵੀ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ।

ਵੱਡੇ ਗੁਰਦੁਆਰਾ ਸਾਹਿਬ ਦੀ ਮੌਜੂਦਾ ਇਮਾਰਤ ੧੯੯੫ ਈ. ਵਿਚ ਬਾਬਾ ਹਰਬੰਸ ਸਿੰਘ ਜੀ ਦੀ ਸੰਸਥਾ ਦੇ ਬਾਬਾ ਬਲਬੀਰ ਸਿੰਘ ਜੀ ਨੇ ਤਿਆਰ ਕਰਵਾਈ ਸੀ। ਗੁਰਪੁਰਬਾਂ ਤੋਂ ਇਲਾਵਾ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਇਸ ਪਿੰਡ ਵਿਚ ਆਗਮਨ ਸੰਬੰਧੀ ਹਾੜ੍ਹ ਦੀ ਪੂਰਨਮਾਸੀ ਮਨਾਈ ਜਾਂਦੀ ਹੈ, ਭਾਰੀ ਜੋੜ-ਮੇਲ ਹੁੰਦਾ ਹੈ। ਲਗ-ਪਗ ੨ ਏਕੜ ਜ਼ਮੀਨ ’ਤੇ ਦਰਬਾਰ ਹਾਲ, ਲੰਗਰ ਹਾਲ, ਸਰੋਵਰ, ਦਫ਼ਤਰ ਆਦਿ ਬਣੇ ਹੋਏ ਹਨ ਅਤੇ ੨੨ ਏਕੜ ਵਾਹੀ ਯੋਗ ਜ਼ਮੀਨ ਠੇਕੇ ’ਤੇ ਦਿੱਤੀ ਜਾਂਦੀ ਹੈ। ਪਿੰਡ ਵਿਖੇ ਮਾਤਾ ਮਾੜੀ ਦੇ ਘਰ ਦੀ ਜਗ੍ਹਾ ’ਤੇ ਜਿਹੜਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ ਉਹ ੧੯੭੫ ਈ. ਦਾ ਬਣਿਆ ਹੋਇਆ ਹੈ। ਕਾਰ-ਸੇਵਾ ਰਾਹੀਂ ਇਸ ਦੀ ਨਵੀਂ ਇਮਾਰਤ ਉਸਾਰੀ ਕਰਨ ਦੀ ਯੋਜਨਾ ਹੈ। ਇਨ੍ਹਾਂ ਦੋਵੇਂ ਗੁਰਧਾਮਾਂ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਐਕਟ ਦੀ ਧਾਰਾ ੮੭ ਅਧੀਨ ਕੀਤਾ ਜਾਂਦਾ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਲਗ-ਪਗ ੩੦੦ ਮੀਟਰ ’ਤੇ ਬਾਬਾ ਰੂਪ ਚੰਦ ਦੀ ਸਮਾਧ ਹੈ ਜਿਸ ਦੀ ਸੇਵਾ-ਸੰਭਾਲ ਇਸ ਦੇ ਪਰਵਾਰ ਵੱਲੋਂ ਕੀਤੀ ਜਾਂਦੀ ਹੈ।

**ਰੈਲੀ:** ਸਰਹਿੰਦ-ਚੰਡੀਗੜ੍ਹ ਸੜਕ 'ਤੇ ਰਾਇਪੁਰ ਨੇੜੇ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਹ ਮੁਸਲਮਾਨਾਂ ਦਾ ਪਿੰਡ ਸੀ ਜਿਸ ਵਿਚ ਨਿਵਾਸ ਕਰਨ ਵਾਲੇ ਕੁਝ ਇਕ ਪਰਵਾਰਾਂ ਨੇ ਗੁਰੂ ਜੀ ਦੀ ਯਾਦ ਸੰਭਾਲ ਕੇ ਰੱਖੀ ਹੋਈ ਸੀ। ੧੯੪੭ ਵਿਚ ਮੁਸਲਮਾਨਾਂ ਦੇ ਪਲਾਇਣ ਕਰ ਜਾਣ ਉਪਰੰਤ ਇੱਥੇ ਸਿੱਖ ਪਰਵਾਰ ਆ ਵੱਸੇ ਸਨ ਜਿਨ੍ਹਾਂ ਨੇ ਇੱਥੇ ਇਕ ਇਮਾਰਤ ਉਸਾਰੀ ਕਰਵਾਈ ਸੀ। ੨੦੨੦ ਦੇ ਅਖ਼ੀਰ ਵਿਚ ਉਸਾਰੀ ਗਈ ਨਵੀਂ ਇਮਾਰਤ ਦੀ ਪਹਿਲੀ ਮੰਜ਼ਲ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ ਅਤੇ ਜ਼ਮੀਨੀ ਮੰਜ਼ਲ 'ਤੇ ਲੰਗਰ ਆਦਿ ਲਈ ਹਾਲ ਬਣਾਇਆ ਜਾ ਰਿਹਾ ਹੈ। ਪਿੰਡ ਦੀ ੧੧ ਮੈਂਬਰੀ ਪ੍ਰਬੰਧਕ ਕਮੇਟੀ ਇਸ ਗੁਰਧਾਮ ਦੀ ਸੇਵਾ-ਸੰਭਾਲ ਕਰਦੀ ਹੈ।

**ਰੈਲੋਂ (ਰਾਇਲੋਂ):** ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਵਿਚ ਸਥਿਤ ਇਹ ਪਿੰਡ ਗੁਰੂ ਤੇਗ ਬਹਾਦਰ ਜੀ ਦੀ ਯਾਦ ਦਿਵਾਉਂਦਾ ਹੈ। ਇਨ੍ਹਾਂ ਦੀ ਯਾਦ ਵਿਚ ਇੱਥੇ ਗੁਰਦੁਆਰਾ ਬਾਉਲੀ ਸਾਹਿਬ ਪਾਤਸ਼ਾਹੀ ਨੌਵੀਂ ਸੁਸ਼ੋਭਿਤ ਹੈ। ਜਿਸ ਛੱਪੜੀ ਵਿਚ ਗੁਰੂ ਜੀ ਨੇ ਚਰਨ ਪਾਏ ਸਨ, ਉੱਥੇ ਹੁਣ ਸਰੋਵਰ ਬਣਿਆ ਹੋਇਆ ਹੈ। ਪਹਿਲਾਂ ਇੱਥੇ ਇਕ ਉਦਾਸੀ ਸਾਧੂ ਨਿਵਾਸ ਕਰਦਾ ਸੀ ਜਿਸ ਤੋਂ ਪਿੰਡ ਵਾਲਿਆਂ ਨੇ ਪ੍ਰਬੰਧ ਲੈ ਕੇ ਸੇਵਾ ਅਰੰਭ ਕਰ ਦਿੱਤੀ। ਸਥਾਨਿਕ ਪਰੰਪਰਾ ਅਨੁਸਾਰ ਗੁਰੂ ਜੀ ਨੇ ਇਸ ਪਿੰਡ ਵਿਖੇ ਖ਼ਾਰਸ਼ ਦੀ ਬੀਮਾਰੀ ਦੂਰ ਕਰਨ ਦੇ ਨਾਲ-ਨਾਲ ਪਿੰਡ ਦੀ ਇਕ ਮਾਈ ਆਸੋ ਨੂੰ ਪੁੱਤਰ ਦੀ ਦਾਤ ਬਖ਼ਸ਼ਿਸ਼ ਕੀਤੀ ਸੀ। ਗੁਰੂ ਜੀ ਨੇ ਇੱਥੇ ਸਤਿਸੰਗਤ ਕਰਨ ਅਤੇ ਲੋੜਵੰਦਾਂ ਲਈ ਲੰਗਰ ਦਾ ਪ੍ਰਬੰਧ ਕਰਨ ਦਾ ਆਦੇਸ਼ ਕੀਤਾ। ਗੁਰੂ ਜੀ ਦੇ ਆਦੇਸ਼ ਦੀ ਪੂਰਤੀ ਲਈ ਇਕ ਗੁਰਸਿੱਖ ਭਾਈ ਭਗਤੂ ਨੇ ੨ ਵਿੱਘੇ ੯ ਵਿਸਵੇ ਜ਼ਮੀਨ ਗੁਰੂ-ਘਰ ਨੂੰ ਅਰਦਾਸ ਕਰਵਾਈ ਜਿੱਥੇ ਸੰਗਤ ਨਾਮ-ਬਾਣੀ ਦੇ ਅਭਿਆਸ ਲਈ ਜੁੜਨ ਲੱਗੀ। ਸੰਤ ਅਰਜਨ ਸਿੰਘ ਨੇ ੧੯੩੩ ਵਿਚ ਇਸ ਅਸਥਾਨ ਦੀ ਸੇਵਾ ਕਰਵਾਈ ਸੀ। ਇਸ ਦੀ ਜਗ੍ਹਾ ਨਵੀਂ ਇਮਾਰਤ ਦੀ ਉਸਾਰੀ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੇ ੨੫-੩੦ ਸਾਲ ਪਹਿਲਾਂ ਕਰਵਾਈ ਸੀ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪਿੰਡ ਦੀ ਕਮੇਟੀ ਦੁਆਰਾ ਕੀਤਾ ਜਾਂਦਾ ਹੈ।

**ਹਵਾਲੇ :**


੩੮. ਭਾਈ ਰਣਧੀਰ ਸਿੰਘ, *ਰੰਗਲੇ ਸੱਜਣ*, ਪੰਨਾ ੯੬.

੩੯. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ੭੨੨.*

੪੦. ਫੌਜਾ ਸਿੰਘ, *ਗੁਰੂ ਤੇਗ ਬਹਾਦਰ: ਯਾਤਰਾ ਅਸਥਾਨ, ਪਰੰਪਰਾਵਾਂ ਤੇ ਯਾਦ ਚਿੰਨ੍ਹ*, ਪੰਨਾ ੩੬.

੪੧. ਕਾਨ੍ਹ ਸਿੰਘ ਨਾਭਾ, *ਗੁਰੁਸ਼ਬਦ ਰਤਨਾਕਰ ਮਹਾਨ ਕੋਸ਼*, ੯੦੩.


***ਚਲਦਾ. . .***

# ਬਚਿੱਤ੍ਰ ਗੁਰੂ : ਸ੍ਰੀ ਗੁਰੂ ਗੋਬਿੰਦ ਸਿੰਘ ਜੀ

*-ਐਡ. ਗੁਰਚਰਨਜੀਤ ਸਿੰਘ ਲਾਂਬਾ**

ਕਲਗੀਧਰ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪ੍ਰਕਾਸ਼ ਅਤੇ ਬਹੁਤ ਹੀ ਥੋੜੇ ਜਿਹੇ ਸਮੇਂ ਲਈ ਉਨ੍ਹਾਂ ਦੀ ਸੰਸਾਰ ਯਾਤਰਾ ਮਾਨਵਤਾ ਦੇ ਇਤਿਹਾਸ ਵਿਚ ਇਕ ਅਹਿਮ ਪੜਾਅ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਸਾਰੀ ਲੋਕਾਈ, ਸਾਰਾ ਬ੍ਰਹਿਮੰਡ ਹੀ ਗੁਰੂ ਸਾਹਿਬ ਦੀ ਰੂਹਾਨੀ ਜੋਤ ਨੂੰ ਆਪਣਾ ਧੁਰਾ ਮੰਨ ਕੇ ਉਸ ਦੀ ਪਰਕਰਮਾ ਕਰਨ ਲੱਗ ਪਿਆ।

*ਸਾਧ ਸਮੂਹ ਪ੍ਰਸੰਨ ਫਿਰੈਂ ਜਗ ਸਤ੍ਰ ਸਭੈ ਅਵਲੋਕ ਚਪੈਂਗੇ ॥* ਦੇ ਨਿਸ਼ਾਨੇ ਦੀ ਪੂਰਤੀ ਲਈ ਕਰਤਾ ਪੁਰਖ ਦੇ ਹੁਕਮ ਅਨੁਸਾਰ ਪ੍ਰਗਟੀ ਗੁਰੂ ਨਾਨਕ ਜੋਤ ਨੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਰੂਪ ਵਿਚ ਆਪਣੇ ਕਾਰਜ ਦੀ ਸੰਪੂਰਨਤਾ ਕਰਦਿਆਂ ਪਸ਼ੂ, ਪ੍ਰੇਤ ਵਰਗੀਆਂ ਮਾਨਸ ਰੂਪ ਵਿਚ ਵਿਚਰ ਰਹੀਆਂ ਜੂਨਾਂ ਨੂੰ ਅਕਾਲ ਪੁਰਖ ਦਾ ਨਿੱਜ ਰੂਪ ਅਤੇ ਸਰੂਪ ਪ੍ਰਦਾਨ ਕਰ ਦਿੱਤਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਆਗਮਨ ਅਤੇ ਜੀਵਨ ਯਾਤਰਾ ਇੱਕ ਬਿਜਲੀ ਦੀ ਚਮਕ ਨਿਆਈ ਸੀ। ਇਸ ਦੀ ਜ਼ਿੰਦਗੀ ਲਮੇਰੀ ਤਾਂ ਨਹੀਂ ਹੁੰਦੀ ਪਰ ਇਹ ਜਿਤਨੀ ਦੇਰ ਨਜ਼ਰ ਹੁੰਦੀ ਹੈ ਇਸ ਵਿਚ ਚਮਕ ਅਤੇ ਗਰਜ ਹੁੰਦੀ ਹੈ।

ਹਜ਼ੂਰ ਦੀ ਜ਼ਿੰਦਗੀ ਅਤੇ ਜੀਵਨ ਦਾ ਹਰ ਪੱਖ ਵਚਿਤ੍ਰਤਾ ਭਰਿਆ ਸੀ। ਉਨ੍ਹਾਂ ਦੇ ਪ੍ਰਕਾਸ਼ ਹੁੰਦੇ ਸਾਰ ਪੀਰ ਭੀਖਣ ਸ਼ਾਹ ਦਾ ਪੱਛਮ ਦੀ ਬਜਾਏ ਪੂਰਬ ਵੱਲ ਸਿਜਦਾ ਕਰਨਾ, ਉਨ੍ਹਾਂ ਦੀ ਛੱਬ ਰੱਬ ਦਾ ਸਰਗੁਣ ਸਰੂਪ, ਉਨ੍ਹਾਂ ਦੀ ਕਲਗੀ - ਨੂਰਾਨੀਂ, ਉਨ੍ਹਾਂ ਦੀ ਕਿਰਪਾਨ - ਸ੍ਰੀ ਸਾਹਿਬ, ਉਨ੍ਹਾਂ ਦਾ ਖੰਡਾ - ਦੋਧਾਰਾ, ਉਨ੍ਹਾਂ ਦਾ ਝੰਡਾ ਨਿਸ਼ਾਨ ਸਾਹਿਬ, ਉਨ੍ਹਾਂ ਦਾ ਨਗਾਰਾ - ਪਰਬਤਾਂ ਵਿਚ ਗੂੰਜ ਪੈਦਾ ਕਰਨ ਵਾਲਾ ਰਣਜੀਤ ਨਗਾਰਾ, ਉਨ੍ਹਾਂ ਦਾ ਜੈਕਾਰਾ - ਸਤਿ ਸ੍ਰੀ ਅਕਾਲ, ਉਨ੍ਹਾਂ ਦਾ ਖ਼ਾਲਸਾ - ਅਬਿਨਾਸ਼ੀ, ਉਨ੍ਹਾਂ ਦੀ ਗੂੰਜ - ਦੇਗ ਤੇਗ ਫ਼ਤਿਹ॥, ਉਨ੍ਹਾਂ ਦੇ ਪੀਰ - ਅਸਤ੍ਰ-ਸ਼ਸਤ੍ਰ, ਉਨ੍ਹਾਂ ਦੀ ਮੋਹਰ - ਕੇਸ, ਉਨ੍ਹਾਂ ਦਾ ਖਾਸ ਰੂਪ - ਖਾਲਸਾ, ਉਨ੍ਹਾਂ ਦਾ ਕੀਰਤਨੀ ਸਾਜ਼ - ਤਾਊਸ, ਉਨ੍ਹਾਂ ਦਾ ਘੋੜਾ - ਨੀਲਾ, ਉਨ੍ਹਾਂ ਦਾ ਹਾਥੀ - ਪ੍ਰਸਾਦੀ, ਉਨ੍ਹਾਂ ਦਾ ਬਾਜ਼ - ਚਿੱਟਾ, ਉਨ੍ਹਾਂ ਦਾ ਤੀਰ ਸੋਨੇ ਦੀ ਚੁੰਝ ਜੜਤ, ਉਨ੍ਹਾਂ ਦੀ ਕਲਮ - ਲੋਹ ਕਲਮ, ਉਨ੍ਹਾਂ ਦੀ ਖੜਗ - ਸਰਬ-ਲੋਹ ਦੀ ਭਗੌਤੀ, ਉਨ੍ਹਾਂ ਦਾ ਦਾਨ - ਸਰਬੰਸ ਦਾਨ, ਉਨ੍ਹਾਂ ਦੇ ਆਸ਼ਕ - ਪਰਵਾਰ ਵਾਰਨ ਵਾਲੇ ਪੀਰ ਬੁੱਧੂ ਸ਼ਾਹ ਤੇ ਨਬੀ ਖਾਂ-ਗਨੀ ਖਾਂ ਵਰਗੇ, ਉਨ੍ਹਾਂ ਦੇ ਯੋਧੇ ਭਾਈ ਬਚਿੱਤਰ ਸਿੰਘ ਵਰਗੇ, ਉਨ੍ਹਾਂ ਦੇ ਸੰਗ੍ਰਾਮ - ਧਰਮ ਯੁੱਧ, ਉਨ੍ਹਾਂ

**santsipahi@gmail.com, Ph. +19736990950*

ਦਾ ਚਾਅ - ਸ਼ਸਤ੍ਰਨ ਸਿਓ ਜੂਝ ਮਰਨ ਦੀ ਲਾਲਸਾ, ਉਨ੍ਹਾਂ ਵੱਲੋਂ ਮੋੜੀ ਹੋਈ ਭਾਜੀ- ਭਾਈ ਘਨੱਈਆ ਜੀ, ਉਨ੍ਹਾਂ ਦੇ ਪੰਜ ਪਿਆਰੇ - ਸਿਰ ਧਰ ਤਲੀ 'ਤੇ ਰੱਖ ਪ੍ਰੀਤਮ ਦੀ ਗਲੀ 'ਤੇ ਟੁਰਨ ਵਾਲੇ, ਉਨ੍ਹਾਂ ਦੇ ਮੁਕਤੇ - ਆਪਣੇ ਲਹੂ ਨਾਲ ਬੇਦਾਵਾ ਪੜਵਾਣ ਵਾਲੇ, ਉਨ੍ਹਾਂ ਦਾ ਸਿੱਖ ਦੇ ਬਿਰਦ ਬਾਣੇ ਦੀ ਪੈਜ - ਸਿੱਖ ਅਤੇ ਬਦਕਾਰੀ ਵਿਚਕਾਰ ਚੱਟਾਨ ਵਾਂਗ ਖੜ ਜਾਣਾ, ਉਨ੍ਹਾਂ ਦਾ ਬਿਖੜੇ ਸਮੇਂ ਦੀ ਸਦਾਅ - ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦੀ ਗੂੰਜ, ਉਨ੍ਹਾਂ ਦਾ ਸ਼ੁਕਰਾਨਾ - ਚਾਰੋਂ ਸਾਹਿਬਜ਼ਾਦੇ ਸ਼ਹੀਦ ਕਰਵਾ ਕੇ ਕਹਿਣਾ ਇਨ ਪੁਤ੍ਰਨ ਕੇ ਸੀਸ ਪੇ , ਉਨ੍ਹਾਂ ਦੀ ਕੁਰਬਾਨੀ ਦੀ ਇੰਤਹਾ - ਪਿਤਾ ਦੇ ਕੇਵਲ ਸੀਸ ਦਾ ਸਸਕਾਰ, ਵੱਡੇ ਸਾਹਿਬਜ਼ਾਦਿਆਂ ਦੇ ਕੇਵਲ ਸਰੀਰਾਂ ਦੇ ਦਰਸ਼ਨ ਅਤੇ ਛੋਟੇ ਸਾਹਿਬਜ਼ਾਦਿਆਂ, ਮਾਂ ਗੁਜਰੀ ਦੀ ਸ਼ਹਾਦਤ ਦਾ ਸਿਰਫ਼ ਸੁਨੇਹਾ ਹੀ ਪ੍ਰਾਪਤ ਹੋਣਾ, ਉਨ੍ਹਾਂ ਦਾ ਸਰਬੰਸ ਪਰਵਾਰ ਲੇਖੇ ਲਾਣ ਦੇ ਬਾਅਦ ਅਕਾਲ ਪੁਰਖ ਨੂੰ ਮੁਖਾਤਬ ਕਰਨਾ- ਕਮਾਲ-ਏ-ਕਰਾਮਾਤ ਕਾਇਮ ਕਰੀਮ ਰਜ਼ਾ ਬਖ਼ਸ਼, ਰਾਜ਼ਕ, ਰਿਹਾਕੁਨ, ਰਹੀਮ, ਉਨ੍ਹਾਂ ਦਾ ਨਿਸ਼ਾਨਾ ਜਾਂ ਮੰਜ਼ਿਲੇ ਮਕਸੂਦ - ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ, ਉਨ੍ਹਾਂ ਦਾ ਜ਼ਫ਼ਰਨਾਮਾ - ਵਾਹਿਗੁਰੂ ਜੀ ਕੀ ਫ਼ਤਹ ਦਾ ਐਲਾਨ-ਨਾਮਾ, ਉਨ੍ਹਾਂ ਦਾ ਰੱਬ ਨੂੰ ਅਦੁੱਤੀ ਅਰਜ਼ਨਾਮਾ - ਬੇਨਤੀ ਚੌਪਈ, ਉਨ੍ਹਾਂ ਦੀ ਪੂਜਾ - ਅਕਾਲ, ਅਕਾਲ, ਉਨ੍ਹਾਂ ਦੀ ਧੁਨੀ - ਤੂਹੀ-ਤੂਹੀ-ਤੂਹੀ.... , ਉਨ੍ਹਾਂ ਦਾ ਪਰਚਾ - ਗ੍ਰੰਥ ਕਾ, ਉਨ੍ਹਾਂ ਦੀ ਦਰਸ਼ਨ ਦੀ ਲਾਲਸਾ - ਖਾਲਸੇ ਦੇ ਦੀਦਰ , ਉਨ੍ਹਾਂ ਦੀ ਅਰਦਾਸ- ਭਲਾ ਸਰਬੱਤ ਕਾ, ਉਨ੍ਹਾਂ ਦਾ ਬਾਣੀ ਲਈ ਸਤਿਕਾਰ - ਆਦਿ ਗ੍ਰੰਥ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਕਹਿ ਕੇ ਸਿਰ ਝੁਕਾ ਦੇਣਾ, ਉਨ੍ਹਾਂ ਦੀ ਨਿਮਰਤਾ - ਆਪਣੀ ਬਾਣੀ ਨੂੰ ਮੇਰੀ ਖੇਡ ਕਹਿ ਦੇਣਾ, ਉਨ੍ਹਾਂ ਦੀ ਸਭ ਤੋਂ ਵੱਡੀ ਕਿਰਤ - ਖਾਲਸੇ ਨੂੰ ਵਾਹਿਗੁਰੂ ਜੀ ਕਾ ਖਾਲਸਾ ਬਣਾ ਦੇਣਾ, ਉਨ੍ਹਾਂ ਦੀ ਜੁਗਤੀ - ਦੇਗ ਤੇਗ ਫ਼ਤਿਹ, ਉਨ੍ਹਾਂ ਦੇ ਦਰਬਾਰ ਦੇ ਸ਼ਿੰਗਾਰ - ਕਵੀ, ਗੁਣੀ, ਗਿਆਨੀ ਅਤੇ ਵਿਦਵਾਨ, ਉਨ੍ਹਾਂ ਦੀ ਬਖ਼ਸ਼ਿਸ਼ - ਬਾਣਾ ਤੇ ਬਾਣੀ, ਉਨ੍ਹਾਂ ਦੇ ਹੁਕਮ - ਰਹਿਤ ਦੀ ਪ੍ਰਪੱਕਤਾ, ਉਨ੍ਹਾਂ ਦੀ ਬਰਕਤ - ਪੰਜ ਕਕਾਰ, ਉਨ੍ਹਾਂ ਦੀ ਤਾੜਨਾ - ਚਾਰ ਕੁਰਹਿਤਾਂ, ਉਨ੍ਹਾਂ ਦਾ ਐਲਾਨ - ਏਕ ਬਿਨਾ ਮਨ ਨੈਕ ਨ ਆਨੇ, ਉਨ੍ਹਾਂ ਦਾ ਵਾਰਸ ਅਤੇ ਵਿਰਾਸਤ - ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ, ਉਨ੍ਹਾਂ ਦੀ ਆਤਮਾ -ਗੁਰੂ ਗ੍ਰੰਥ ਵਿਚ, ਉਨ੍ਹਾਂ ਦਾ ਸਰੀਰ - ਗੁਰੂ ਪੰਥ ਵਿਚ। ਉਹ ਮਾਲਕ - ਦੋਹਾਂ ਜਹਾਨਾਂ ਦਾ। ਸਭ ਵਚਿੱਤ੍ਰ ਮਈ, ਸਭ ਵਚਿੱਤ੍ਰਤਾ ਭਰਪੂਰ। *ਐਸੋ ਕਉਨੁ ਬਲੀ ਰੇ ॥* ਐਸੇ ਗੁਰਦੇਵ ਬਾਰੇ ਇਹੋ ਹੀ ਕਿਹਾ ਫਬਦਾ ਹੈ *ਸੁਪਨ ਚਰਿਤ੍ਰ ਚਿਤ੍ਰ ਬਾਨਕ ਬਨੇ ਬਚਿਤ੍ਰ ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈ॥ (ਕਬਿੱਤ ੨੦੫)*

ਇਸੇ ਲਈ ਤਾਂ ਸ਼ਾਇਰ-ਏ-ਮਸ਼ਰਕ ਅਲਾਮਾ ਇਕਬਾਲ ਨੇ ਵੀ ਗੁਰੂ ਦੀ ਉੱਮਤ ਖ਼ਾਲਸੇ ਦੀ ਉਪਮਾ ਕਰਦਿਆਂ ਕਹਿ ਹੀ ਦਿੱਤਾ ਕਿ ਇਸ ਦੀਆਂ ਅਦਾਵਾਂ

ਲਟਬੌਰੂ ਫ਼ਕੀਰਾਂ ਵਰਗੀਆਂ ਅਤੇ ਇਸ ਦਾ ਜਲਾਲ ਬਾਦਸ਼ਾਹਾਂ ਵਰਗਾ ਹੈ। ਇਹ ਗੁਰੂ ਦੇ ਸਿੱਖ ਸ਼ਮਸ਼ੀਰਾਂ ਦੀ ਛਾਂ ਥੱਲ੍ਹੇ ਪਲਦੇ ਹਨ। *ਕਲੰਦਰਾਨਾ ਅਦਾਏਂ, ਸਿਕੰਦਰਾਨਾ ਜਲਾਲ-ਯੇ ਉਤੇ ਹੈਂ ਬਰਹਿਨਾਂ ਸ਼ਮਸ਼ੀਰੇਂ।*

ਇਸੇ ਤਰ੍ਹਾਂ ਚੰਦ ਸਤਰਾਂ ਵਿਚ ਹੀ ਹਕੀਮ ਮਿਰਜ਼ਾ ਅਲਹ ਯਾਰ ਖਾਂ ਜੋਗੀ ਰਹਿਮਾਨੀ ਕਲਗੀਧਰ ਪਿਤਾ ਦੇ ਇਸ ਬਚਿੱਤ੍ਰ ਨਾਟਕ ਦਾ ਵਰਣਨ ਕਰਦੇ ਹਨ,

*ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।*
*ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ।*
*ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।*
*ਸਤਿਗੁਰ ਕੇ ਲਿਖੂੰ ਵਸਫ ਕਹਾਂ ਤਾਬਿ ਰਕਮ ਹੈ।*
*ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਿਰ ਕੋ ਦੇਖੇ।*
*ਸਾਹਿਲ ਕੋ ਯਾ ਮੰਝਧਾਰ ਕੋ ਯਾ ਲਹਰ ਕੋ ਦੇਖੇ।*

ਕਲਗੀਧਰ ਪਿਤਾ ਸਰਬ ਕਲਾ ਭਰਪੂਰ ਸਮਰੱਥ ਗੁਰੂ ਹਨ। ਉਹ ਸਿੱਖ ਦੇ ਹਲਤੁ ਪਲਤ ਰਾਖੇ ਤੇ ਤਿੰਨਾਂ ਕਾਲਾਂ ਦੇ ਸਦਾ ਸਦਾ ਸਹਾਈ ਗੁਰ ਪਰਮੇਸਰ ਹਨ। ਇਸੇ ਲਈ ਤਾਂ ਹਰ ਸਿੱਖ ਨਿਤਾਪ੍ਰਤਿ ਅਰਦਾਸ ਵਿਚ ਜਾਚਨਾ ਕਰਦਾ ਹੈ, *ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ।*

ਉਸ 'ਮੇਹਰਾਂ ਦੇ ਘਰ' ਸਤਿਗੁਰੂ ਗੋਬਿੰਦ ਸਿੰਘ ਜੀ ਦੀਆਂ ਅਪਾਰ ਬਖ਼ਸ਼ਿਸ਼ਾਂ ਵਿੱਚੋਂ ਇਕ ਰਹਿਮਤ ਗੁਰਬਾਣੀ ਅਤੇ ਸਾਹਿਤ ਦਾ ਖ਼ਜ਼ਾਨਾ ਵੀ ਹੈ। ਸਾਹਿਤ ਦੇ ਕਦਰਦਾਨ ਗੁਰੂ ਜੀ ਨੇ ਬੇਅੰਤ ਕਵੀਆਂ ਨੂੰ ਨਿਵਾਜਿਆ ਤੇ ਬਵੰਜਾ ਕਵੀਆਂ ਨੂੰ ਹਜ਼ੂਰੀ ਕਵੀ ਹੋਣ ਦਾ ਮਾਣ ਵੀ ਬਖ਼ਸ਼ਿਆ। ਇਨ੍ਹਾਂ ਹਜ਼ੂਰੀ ਕਵੀਆਂ ਵਿੱਚੋਂ ਪ੍ਰਮੁੱਖ ਸਨ-ਅਣੀ ਰਾਇ, ਅੰਮ੍ਰਿਤ ਰਾਇ, ਆਸਾ ਸਿੰਘ, ਆਲਮ, ਸੁਖਾ ਸਿੰਘ, ਸੁਦਾਮਾ, ਸੈਨਾਪਤਿ, ਹੀਰ, ਹੰਸ ਰਾਮ, ਕੁੰਵਰੇਸ਼, ਨੰਦ ਲਾਲ, ਮਦਨ ਸਿੰਘ ਤੇ ਮੰਗਲ। ਇਨ੍ਹਾਂ ਕਵੀਆਂ ਤੇ ਵਿਦਵਾਨਾਂ ਵਿਚ ਕਈ ਅਜਿਹੇ ਵੀ ਸਨ ਜੋ ਮੁਗ਼ਲ ਦਰਬਾਰ ਵਿਚ ਮਾਣ ਪ੍ਰਾਪਤ ਕਰਦੇ ਰਹੇ ਸਨ ਪਰ ਸੰਗੀਤ ਤੇ ਕੋਮਲ ਕਲਾਵਾਂ ਦੀ ਦੁਸ਼ਮਣ ਵਕਤੀ ਸਰਕਾਰ ਦੀਆਂ ਫ਼ਿਰਕੂ ਅਤੇ ਵਹਿਸ਼ੀਆਨਾ ਨੀਤੀਆਂ ਕਰਕੇ ਇਨ੍ਹਾਂ ਵਿੱਚੋਂ ਕਈ ਗੁਰੂ ਦੀ ਸ਼ਰਨ ਵਿਚ ਆ ਗਏ। ਇਨ੍ਹਾਂ ਸਾਰਿਆਂ ਨੇ ਵੀ ਮਹਾਨ ਰਚਨਾਵਾਂ ਰਚੀਆਂ। ਇਨ੍ਹਾਂ ਨੂੰ ਇਕਤਰ ਕਰ ਕੇ ਨਾਮ ਵਿਦਿਆ ਸਾਗਰ ਗ੍ਰੰਥ ਪ੍ਰਸਿੱਧ ਹੋਇਆ। ਇਨ੍ਹਾਂ ਕਵੀਆਂ ਦੀਆਂ ਕਾਫ਼ੀ ਰਚਨਾਵਾਂ ਖੋਜੀਆਂ ਨੇ ਪ੍ਰਾਪਤ ਕਰ ਲਈਆਂ ਹਨ। ਇਨ੍ਹਾਂ ਸਾਰੀਆਂ ਰਚਨਾਵਾਂ ਵਿਚ ਇਕ ਗੱਲ ਬਹੁਤ ਹੀ ਵਿਲੱਖਣ ਅਤੇ ਸਪੱਸ਼ਟ ਤੌਰ 'ਤੇ ਉਭਰ ਕੇ ਪ੍ਰਗਟ ਹੁੰਦੀ ਹੈ ਕਿ ਹਰ ਕਵੀ ਨੇ ਮੰਗਲ ਗੁਰੂ ਕਲਗੀਧਰ ਪਿਤਾ ਦਾ ਹੀ ਕੀਤਾ ਹੈ। ਪਰ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਅੰਕਤ ਗੁਰੂ ਸਾਹਿਬ ਦੀ ਆਪਣੀ ਸਾਰੀ ਬਾਣੀ ਦਾ ਮੰਗਲ ਕੇਵਲ ਅਕਾਲ ਪੁਰਖ਼ ਦਾ ਅਤੇ ਉਸਤਤਿ

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਤਕ ਦੀ ਹੀ ਹੈ। ਜਿਵੇਂ ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦॥ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੱਕ ਦਾ ਮੰਗਲ ਕੀਤਾ ਗਿਆ ਹੈ। ਇਸਦੇ ਬਾਅਦ ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਹਿਬ ਜੀ! ਸਭ ਥਾਈਂ ਹੋਇ ਸਹਾਇ। ਪੰਥ ਨੇ ਅਰਦਾਸ ਵਿਚ ਸ਼ਾਮਲ ਕੀਤਾ ਹੈ। ਇਸੇ ਤਰ੍ਹਾਂ 'ਅਪਨੀ ਕਥਾ' ਵਿਚ ਵੀ ਗੁਰੂ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਤਕ ਦਾ ਵਰਣਨ ਕੀਤਾ ਹੈ। ਸਪੱਸ਼ਟ ਹੈ ਕਿ ਜੇਕਰ ਸਤਿਗੁਰੂ ਜੀ ਤੋਂ ਇਲਾਵਾ ਕੋਈ ਹੋਰ ਰਚਨਾ ਕਰੇਗਾ ਤਾਂ ਨੌਂ ਗੁਰੂ ਸਾਹਿਬ ਦੇ ਨਾਲ-ਨਾਲ ਦਸਮ ਪਾਤਸ਼ਾਹ ਦਾ ਜ਼ਿਕਰ ਜ਼ਰੂਰ ਕਰੇਗਾ। ਸਮੁੱਚੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਕਿਧਰੇ ਵੀ ਗੁਰੂ ਗੋਬਿੰਦ ਸਿੰਘ ਜੀ ਦੀ ਉਸਤਤਿ ਨਹੀਂ ਹੈ।

ਗੁਰੂ ਜੀ ਦਾ ਇਕ ਹਜ਼ੂਰੀ ਕਵੀ ਸਾਹਿਬਾਂ ਦੀ ਬਾਣੀ ਬਾਰੇ ਬਿਆਨ ਕਰਦਾ ਹੈ ਕਿ ਹੇ ਸਤਿਗੁਰੂ ਸੱਚੇ ਪਾਤਸ਼ਾਹ ! ਆਪ ਜੀ ਦੀ ਬਾਣੀ ਪੜ੍ਹ ਕੇ ਇਸ ਸੰਸਾਰ ਵਿਚ ਜੀਵਨ ਮੁਕਤ ਹੋਇਆ ਜਾ ਸਕਦਾ ਹੈ। ਇਸ ਦੇ ਪਠਨ ਨਾਲ ਸੰਤ-ਸਿਪਾਹੀ ਦੀ ਬਿਰਤੀ ਯਾਨਿ ਕਿ ਸਾਧੂ ਬਿਰਤੀ ਵਾਲੇ ਸ਼ੇਰ ਦੀ ਨਿਆਈਂ ਤੇ ਸ਼ੇਰ ਸਾਧੂ ਬਿਰਤੀ ਨਾਲ ਨਿਵਾਜੇ ਜਾਂਦੇ ਹਨ। ਇਸ ਬਾਣੀ ਦੀ ਕਿਰਪਾ ਸਦਕਾ ਗੁਰੂ ਕੇ ਸਿੱਖ ਨਾਮ ਕਰਕੇ ਸ਼ੇਰ ਹੋ ਜਾਂਦੇ ਹਨ ਅਤੇ ਜੋ ਮੈਦਾਨ-ਏ-ਜੰਗ (ਸਮਰ) ਵਿਚ ਵੀ ਸ਼ੇਰ ਦੀ ਤਰ੍ਹਾਂ ਗਰਜਦੇ ਹਨ ਅਤੇ ਜਗਤ ਵਿਚ ਵੀ ਸ਼ੇਰ (ਸ਼੍ਰੋਮਣੀ) ਹੋ ਜਾਂਦੇ ਹਨ।

*ਪਢ ਕੈ ਤਿਹਾਰੀ ਬਾਨੀ ਮਨ ਗੋਬਿੰਦ ਸਿੰਘ,*
*ਜੀਵਨ ਮੁਕਤ ਜਨ ਹੋਯ ਰਹੈਂ ਅਗ ਮੇ।*
*ਸਾਧੁ ਮੇਨ ਸ਼ੇਰਪਨ ਸ਼ੇਰ ਮੇਨ ਸਾਧੁਮਨ,*
*ਦੋਊ ਪਨ ਦੇਖਿਯਤ ਆਪ ਹੀ ਕੇ ਮਗ ਮੇ।...*
*ਸਿਖ ਜੇ ਤਿਹਾਰੇ ਸਭ ਸੰਗਯਾ ਮਾਹਿ ਸਿੰਘ ਭਯੋ,*
*ਸਮਰ ਮੇ ਸਿੰਘ ਭਯੋ ਸਿੰਘ ਭਯੋ ਜਗ ਮੇ ॥*

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਵਿਚ ਰਾਗ ਕੇਵਲ ਰਾਗ-ਰੰਗ ਹੋ ਕੇ ਰਹਿ ਗਿਆ ਸੀ ਤੇ ਇਸਲਾਮ ਵਿਚ ਇਸ ਨੂੰ ਹਰਾਮ ਤਕ ਕਹਿ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਰਾਗ ਵਿਚ ਸ਼ਬਦ ਪਾ ਕੇ ਕਾਦਰ ਦੀ ਉਸਤਤਿ ਕਰ ਕੇ ਇਸ ਨੂੰ ਪਾਵਨਤਾ ਬਖ਼ਸ਼ੀ। ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮਾਂ ਵੀ ਸਾਹਿਤ ਦੇ ਸ਼ਿੰਗਾਰ ਰਸ ਦਾ ਕਾਲ ਸੀ। ਸਾਹਿਤ ਵਿਚ ਨੌਂ ਰਸ ਹੁੰਦੇ ਹਨ। ਕੋਈ ਵੀ ਕਵੀ ਕਿਸੇ ਇਕ ਰਸ ਵਿਚ ਪ੍ਰਬੀਨਤਾ ਹਾਸਿਲ ਕਰ ਸਕਦਾ ਹੈ ਜਾਂ ਵੱਧ ਤੋਂ ਵੱਧ ਦੋ ਰਸਾਂ ਵਿਚ। ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਕਲਮ ਨੇ ਰੀਤੀ ਕਾਲ ਦੇ ਸਮੇਂ ਵਿਚ ਵੀ ਨੌਂ ਦੇ ਨੌਂ ਰਸਾਂ ਵਿਚ ਹੀ ਰਚਨਾ ਕੀਤੀ। ਇਸ ਬਾਰੇ ਹਜ਼ੂਰ ਦਾ ਦਰਬਾਰੀ ਕਵੀ

ਅੰਮ੍ਰਿਤ ਰਾਇ ਲਿਖਦਾ ਹੈ-

*ਪ੍ਰਿਯਾ ਪ੍ਰੇਮ ਸੋ ਸ਼ਿੰਗਾਰੀ, ਹਾਸਯ ਸੋ ਵਿਨੋਦ ਭਾਰੀ,*
*ਦੀਨਨ ਪੈ ਕਰਣਾਨੁਖਾਰੀ ਸੁਖੋਦੀਨੋ ਹੈ।*
*ਕੀਨੇ ਆਰਿ ਰੁੰਡ ਮੁੰਡ ਰੌਦ੍ਰ ਰਸ ਭਰਯੋ ਝੁੰਡ,*
*ਫੌਜਨ ਸੁਧਾਰਨ ਮੇਂ ਵੀਰ ਰਸ ਕੀਨੋ ਹੈ।*
*ਡੰਕ ਧੁਨ ਲੋਕ ਭਯਭਾਂਤ ਸਤੂ ਵਾਮ ਨਿੰਦਾ*
*ਵਿਕ੍ਰਮ ਪ੍ਰਬਲ ਅਦਭੁਤ ਰਸ ਲੀਨੋ ਹੈ।*
*ਬ੍ਰਹਮ ਗਯਾਨ ਸਮ ਰਸ ਅੰਮ੍ਰਿਤ ਵਿਰਾਜੈ ਸਦਾ,*
*ਸ੍ਰੀ ਗੁਰੁ ਗੋਬਿੰਦ ਰਾਇ ਨਵੋ ਰਸ ਭੀਨੋ ਹੈ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦਾ ਇਕ ਹੋਰ ਪੱਖ ਗੁਰਮਤਿ ਦੇ ਪਹਿਲੂ ਤੋਂ ਬਹੁਤ ਹੀ ਅਹਿਮੀਅਤ ਰੱਖਦਾ ਹੈ। ਪੰਥ ਪ੍ਰਵਾਨਿਤ 'ਸਿੱਖ ਰਹਿਤ ਮਰਯਾਦਾ' ਦੇ ਮੁਤਾਬਿਕ ਸਿੱਖ ਦੀ ਪਰਿਭਾਸ਼ਾ ਅਤੇ ਗੁਰਮਤਿ ਦੀ ਰਹਿਣੀ ਸਿਰਲੇਖ ਹੇਠ ਅੰਕਿਤ ਹੈ ਕਿ ਸਿੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਆਪਣਾ ਮੁਕਤੀ ਦਾਤਾ ਤੇ ਇਸ਼ਟ ਮੰਨਣਾ ਅਤੇ ਇਸ 'ਤੇ ਨਿਸ਼ਚਾ ਰੱਖਣਾ ਜ਼ਰੂਰੀ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਣੀ ਸਿੱਖ ਲਈ ਉਸ ਦਾ ਇਸ਼ਟ ਤੇ ਮੁਕਤੀ ਦਾਤਾ ਹੈ ਅਤੇ ਇਸ ਵਿਚ ਭਰੋਸਾ, ਵਿਸ਼ਵਾਸ, ਅਕੀਦਾ ਤੇ ਟੇਕ ਰੱਖਣਾ ਉਸ ਦਾ ਧਾਰਮਿਕ ਫ਼ਰਜ਼ ਹੈ।

'ਸਿੱਖ ਰਹਿਤ ਮਰਯਾਦਾ' ਮੁਤਾਬਿਕ ਅੰਮ੍ਰਿਤ ਛਕਾਉਣ ਲਈ ਅਤੇ ਨਿਤਨੇਮ ਲਈ ਮੁਕੱਰਰ ਕੀਤੀਆਂ ਪੰਜ ਬਾਣੀਆਂ ਵਿਚ ਤਿੰਨ ਬਾਣੀਆਂ ਦਸਮ ਪਾਤਸ਼ਾਹ ਦੀਆਂ ਹਨ। ਇਸੇ ਤਰ੍ਹਾਂ ਸਿੱਖ ਦੀ ਨਿਤਾਪ੍ਰਤਿ ਅਰਦਾਸ ਦੀ ਪਹਿਲੀ ਪਉੜੀ ਵਾਰ ਸ੍ਰੀ ਭਗੌਤੀ ਜੀ ਕੀ ਕਲਗੀਧਰ ਪਿਤਾ ਦੀ ਬਖ਼ਸ਼ਿਸ਼ ਹੈ ਅਤੇ ਇਸ ਦਾ ਸੋਮਾ ਵੀ ਸ੍ਰੀ ਦਸਮ ਗ੍ਰੰਥ ਹੀ ਹੈ।

ਸਤਿਗੁਰੂ ਸੱਚੇ ਪਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਪ੍ਰਭਾਵ ਬਾਰੇ ਉੱਘੇ ਤੇ ਸਤਿਕਾਰਤ ਖੋਜੀ ਡਾ. ਬਲਬੀਰ ਸਿੰਘ ਜੀ ਦੇ ਕਥਨ ਬਹੁਤ ਹੀ ਮਹੱਤਵ-ਪੂਰਨ ਹਨ ਜੋ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਛਪੇ 'ਦਸਮ ਗ੍ਰੰਥ ਤੁਕ ਤਤਕਰਾ' ਵਿਚ ਇਸ ਤਰ੍ਹਾਂ ਅੰਕਿਤ ਹਨ:

"ਹੁਣ ਵਕਤ ਆ ਰਿਹਾ ਹੈ ਕਿ ਦਸਮ ਗ੍ਰੰਥ ਦੇ ਸਾਹਿਤ ਦਾ ਪ੍ਰਭਾਵ ਫਿਰ ਮਹਿਸੂਸ ਕੀਤਾ ਜਾਵੇ। ਜਿਸ ਉਦੇਸ਼ ਨੂੰ ਲੈ ਕੇ ਗੁਰੂ ਜੀ ਨੇ ਸਾਹਿਤ (ਬਾਣੀ) ਰਚਨਾ ਕੀਤੀ ਸੀ, ਉਸ ਨੂੰ ਮੁੜ ਸੁਰਜੀਤ ਕੀਤਾ ਜਾਏ। ਗੁਰੂ ਜੀ ਦਾ ਆਸ਼ਾ ਸੀ ਕਿ ਗਿਰੀ ਹੋਈ ਮਨੁੱਖ ਸ਼੍ਰੇਣੀ ਨੂੰ ਉੱਚਾ ਕਰਨ ਲਈ ਬਲਵਾਨ ਸਾਹਿਤ ਦੀ ਲੋੜ ਹੈ। ਉਨ੍ਹਾਂ

ਸਾਹਿਤ ਵੀ ਰਚਿਆ ਤੇ ਉਸ ਰਚਨਾ ਦਾ ਅਸਰ ਵੀ ਪ੍ਰਤੱਖ ਕਰਕੇ ਦਿਖਾ ਦਿੱਤਾ। ਅਸੀਂ ਜਿਸ ਵੇਲੇ ਦਿਮਾਗ਼ੀ ਬਹਿਸ ਵਿਚ ਪੈ ਜਾਂਦੇ ਹਾਂ ਤਾਂ ਸਾਰ ਵਸਤੂ ਤੋਂ ਉੱਖੜ ਜਾਂਦੇ ਹਾਂ। ਸਾਨੂੰ ਕੁਝ ਸਬਕ ਪੱਛਮੀਆਂ ਕੋਲੋਂ ਲੈ ਲੈਣਾ ਚਾਹੀਦਾ ਹੈ। ਇੰਗਲੈਂਡ ਵਿਚ ਵੀ ਸ਼ੈਕਸਪੀਅਰ ਦੀ ਹਸਤੀ ਬਾਰੇ ਸ਼ੰਕੇ ਹਨ। ਪਰ ਇਸ ਦੇ ਬਾਵਜੂਦ ਸ਼ੈਕਸਪੀਅਰ ਦੀ ਰਚਨਾ ਦਾ ਪ੍ਰਭਾਵ ਵੈਸੇ ਦਾ ਵੈਸਾ ਹੀ ਹੈ। ਅਸੀਂ ਜਿਸ ਵੇਲੇ ਧਰਮ ਪੁਸਤਕਾਂ ਸੰਬੰਧੀ ਨਿੱਜੀ ਸੰਦੇਹ ਪ੍ਰਗਟ ਕਰਦੇ ਹਾਂ ਤਾਂ ਸਤਿਕਾਰ ਦਾ ਸਾਰਾ ਵਾਯੂ ਮੰਡਲ ਵਿਗਾੜ ਲੈਂਦੇ ਹਾਂ। ਜ਼ਰੂਰਤ ਹੈ ਦਸਮ ਗ੍ਰੰਥ ਦੇ ਉਦੇਸ਼ ਨੂੰ ਸਮਝਣ ਦੀ ਤੇ ਉਸ ਮੰਤਵ ਨੂੰ ਪ੍ਰਾਪਤ ਕਰਨ ਲਈ ਹੰਬਲਾ ਮਾਰਨ ਦੀ, ਜਿਸ ਦਾ ਇਖਲਾਕੀ ਟੀਚਾ ਇਸ ਸਾਹਿਤ ਨੇ ਸਾਡੇ ਸਾਹਮਣੇ ਰੱਖਿਆ। ਅਸੀਂ ਉਸ ਖਾਰਿਸ਼ (allergy) ਤੋਂ ਵੀ ਉੱਚਾ ਉਠਣਾ ਹੈ ਜੋ ਪੁਰਾਣਾਂ ਦਾ ਨਾਮ ਜਾਂ ਕੁਝ ਕਥਾ ਕਹਾਣੀਆਂ ਸੁਣਨ ਨਾਲ ਸਾਡੇ ਜਿਸਮ ਉੱਤੇ ਖੁਰਕ ਪੈਦਾ ਕਰ ਦਿੰਦਾ ਹੈ ਤੇ ਜੋ ਰੋਗ ਅਸੀਂ ਬਾਹਰਲੀ ਛੂਤ ਤੋਂ ਅੰਦਰ ਵਾੜਿਆ। ਗੁਰੂ ਨਾਨਕ ਸਾਹਿਬ ਨੇ ਸਾਨੂੰ ਇਹੋ ਸਿੱਖਿਆ ਦਿੱਤੀ ਸੀ,

*ਦਸ ਅਠਾਰ ਮੈ ਅਪਰੰਪਰੋ ਚੀਨੈ ਕਹੈ ਨਾਨਕੁ ਇਵ ਏਕੁ ਤਾਰੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੩)*

ਇਸ ਦਾ ਭਾਵ ਇਹ ਹੈ ਕਿ ਅਠਾਰਾਂ ਪੁਰਾਣਾਂ ਨੂੰ ਬੇਸ਼ੱਕ ਵਾਚੋ, ਉਨ੍ਹਾਂ ਵਿੱਚੋਂ ਰੂਹਾਨੀਅਤ ਦਾ ਤੱਤ ਜੋ ਅਪਰੰਪਰ ਹੈ ਉਸ ਨੂੰ ਪਛਾਣੋ।

ਇਹ ਗੱਲ ਕਦੇ ਵੀ ਅੱਖੋਂ ਓਹਲੇ ਨਹੀਂ ਹੋਣੀ ਚਾਹੀਦੀ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਵਰਗੀ ਕ੍ਰਾਂਤੀਕਾਰੀ ਹਸਤੀ ਦੀ ਰਚਨਾ ਵਿਚ ਕੁਝ ਖ਼ਾਸ ਵਿਚਿਤ੍ਰਤਾ ਹੈ। ਚਾਹੇ ਸਾਡੀ ਅਣਗਹਿਲੀ ਜਾਂ ਅਰੁਚੀ ਕਾਰਨ ਇਹ ਰਚਨਾ ਸਾਡੇ ਪ੍ਰਚਾਰ ਦੇ ਦਾਇਰੇ ਤੋਂ ਬਾਰਵਾਰ ਰਹੀ ਹੈ ਪਰ ਇਸ ਰਚਨਾ ਦੀ ਬੁਝੀ ਹੋਈ ਭਸਮ ਵਿਚ ਵੀ ਦੱਬੇ ਹੋਏ ਲਾਲ ਅੰਗਾਰੇ ਹਨ, ਜੋ ਲੋੜ ਸਮੇਂ ਫਿਰ ਭੜਕ ਸਕਦੇ ਹਨ ਤੇ ਅੰਦੋਲਨ ਦਾ ਕਾਰਜ ਸੰਪੂਰਨਤਾ ਤਕ ਲਿਜਾ ਸਕਦੇ ਹਨ। ”...

ਇਤਿਹਾਸਕਾਰਾਂ ਨੂੰ ਵੀ ਹੁਣ ਇਹ ਸਮਝ ਪੈ ਰਹੀ ਹੈ ਕਿ ਉਹ ਮਨੌਤਾਂ ਜੋ ਇਕ ਕੌਮ ਦੇ ਰਗ ਰੇਸ਼ੇ ਵਿਚ ਰਚ ਗਈਆਂ ਹਨ

ਤੇ ਇਸ ਦੀ ਜਿੰਦ ਨਾਲ ਰਸ ਰੂਪ ਹੋ ਗਈਆਂ ਹਨ ਉਨ੍ਹਾਂ ਨੂੰ ਪੜਚੋਲ ਦੀ ਨਜ਼ਰ ਬਦਲ ਨਹੀਂ ਸਕਦੀ। ਉਨ੍ਹਾਂ ਨੂੰ ਬਦਲਣ ਲਈ ਕਿਸੇ ਕ੍ਰਾਂਤੀਕਾਰੀ ਤਾਕਤ ਦੀ ਲੋੜ ਹੈ। ਉਨ੍ਹਾਂ ਨੂੰ ਬਦਲਣ ਲਈ ਕਿਸੇ ਗੁਰੂ ਪੀਰ ਦੀ ਕੁਰਬਾਨੀ (ਸ਼ਹਾਦਤ) ਦੇ ਖ਼ੂਨ ਦੀ ਲੋੜ ਹੁੰਦੀ ਹੈ।

ਗੁਰੂ ਕਲਗੀਧਰ ਪਿਤਾ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਸ਼ੇ ਅਤੇ ਉਦੇਸ਼ ਦੀ ਪ੍ਰੋੜਤਾ ਕਰਦੀ ਹੈ। ਇਹ ਖਾਲਸੇ ਦੇ ਨਿਆਰੇਪਨ ਦੀ ਜਾਮਨ ਹੈ। ਇਸ ਬਾਰੇ ਗੁਰਬਾਣੀ ਵਿਚ ਭਿੱਜੇ ਹੋਏ ਗੁਰਮਤੀਏ ਵਿਦਵਾਨ ਡਾ. ਤਾਰਨ ਸਿੰਘ ਜੀ ਆਪਣੀ ਪੁਸਤਕ 'ਦਸਮ ਗ੍ਰੰਥ ਰੂਪ ਤੇ ਰਸ' ਵਿਚ ਲਿਖਦੇ ਹਨ— "ਵਿਚਾਰਧਾਰਾ ਕਰਕੇ ਦਸਮ ਗ੍ਰੰਥ ਅਤੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਬੁਨਿਆਦੀ ਤੌਰ ਤੇ ਪੂਰੀ ਤਰ੍ਹਾਂ ਇਕ ਹਨ। ਰੂਪ ਦੋਹਾਂ ਦਾ ਡੂੰਘੇ ਰਹੱਸਾਂ ਵਿਚ ਇਕ ਹੈ, ਰਸ ਦੋਹਾਂ ਦਾ ਭਿੰਨ-ਭਿੰਨ ਹੈ।"

ਸੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਖ਼ਸ਼ਿਸ਼ ਕੀਤੀ ਬਾਣੀ ਸਿੱਖ ਦਾ ਇਸ਼ਟ, ਮੁਕਤੀਦਾਤਾ ਤੇ ਸਾਹ-ਰਗ ਹੈ। ਇਸ ਬਾਣੀ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਤੱਤ ਸਾਰ ਅਤੇ ਨਿਸ਼ਾਨਾ ਵੀ ਇੱਕੋ ਹੀ ਹੈ। ਇਸ ਬਾਣੀ ਦੀ ਸੰਭਾਲ ਇਸ ਸੋਮੇ ਪ੍ਰਤੀ ਸਮਰਪਿਤ ਹੋਣਾ ਸਿੱਖ ਦਾ ਮਨੋਰਥ ਤੇ ਫ਼ਰਜ਼ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਬਾਣੀ ਦੇ ਨਾਲ ਸਿੱਖ ਦਾ ਨਾਤਾ ਕੇਵਲ ਨਿਤਨੇਮ ਤੇ ਅੰਮ੍ਰਿਤ ਸੰਸਕਾਰ ਦੀਆਂ ਬਾਣੀਆਂ ਤਕ ਹੀ ਸੀਮਿਤ ਨਾ ਹੋਵੇ ਬਲਕਿ ਕਲਗੀਧਰ ਪਿਤਾ ਦੀ ਬਾਣੀ ਦੇ ਵਿਸ਼ਾਲ ਸਾਗਰ ਵਿੱਚੋਂ ਪਠਨ ਪਾਠਨ ਦੀ ਰੁਚੀ ਵਿਕਸਿਤ ਹੋਵੇ ਤਾਂ ਕਿ ਕਲਗੀਆਂ ਵਾਲੇ ਪ੍ਰੀਤਮ ਦਾ ਸੁਨੇਹਾ ਸਾਡੇ ਹਿਰਦੇ ਵਿਚ ਰਚ ਸਕੇ। ਗੁਰੂ ਜੀ ਦੇ ਪ੍ਰਕਾਸ਼ ਗੁਰਪੁਰਬ ਤੇ ਇਹੋ ਧੁਨੀ ਅਲਾਪੀਏ:

*ਗੋਬਿੰਦ ਗੋਬਿੰਦ ਕਰਿ ਹਾਂ॥ ਹਰਿ ਹਰਿ ਮਨਿ ਪਿਆਰਿ ਹਾਂ॥*
*ਗੁਰ ਕਹਿਆ ਸੁ ਚਿਤਿ ਧਰਿ ਹਾਂ॥ ਅਨ ਸਿਉ ਤੋਰਿ ਫੇਰਿ ਹਾਂ॥*
*ਐਸੇ ਲਾਲਨੁ ਪਾਇਓ ਰੀ ਸਖੀ ॥੧॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੦੯)* ■

## ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਅੰਮ੍ਰਿਤ-ਸੰਚਾਰ

ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪ੍ਰੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਛੇਵੀਂ ਪਾਤਸ਼ਾਹੀ ਨੌਸ਼ਹਿਰਾ, ਜ਼ਿਲ੍ਹਾ ਰਾਜੌਰੀ ਵਿਖੇ ੧੦ ਜੁਲਾਈ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੨੨੭ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਭਗਤ ਰਵਿਦਾਸ ਜੀ ਦੀ ਬਾਣੀ ਵਿਚ ਸਮਕਾਲੀ ਇਤਿਹਾਸ ਦਾ ਚਿਤਰਣ

*-ਡਾ. ਗੁਰਪ੍ਰੀਤ ਸਿੰਘ**

ਕੋਈ ਵੀ ਮਨੁੱਖ ਜਿਸ ਸਮਾਜ ਵਿਚ ਵਿਚਰ ਰਿਹਾ ਹੁੰਦਾ ਹੈ ਉਸ ਨੂੰ ਉਸ ਸਮਾਜ ਦੇ ਸਮਕਾਲ ਤੋਂ ਵੱਖਰਾ ਨਹੀਂ ਕੀਤਾ ਜਾ ਸਕਦਾ। ਇਸ ਲਈ ਕਿਸੇ ਵੀ ਵਿਅਕਤੀ ਦੇ ਜੀਵਨ ਨਾਲ ਉਸ ਦੇ ਸਮਕਾਲੀ ਇਤਿਹਾਸ ਦੇ ਅੰਸ਼ ਸਹਿਜ ਸੁਭਾਵਿਕ ਹੀ ਜੁੜ ਜਾਂਦੇ ਹਨ। ਜਿਹੜੇ ਵਿਅਕਤੀ ਸਮਾਜ ਵਿਚ ਇਤਿਹਾਸ ਦੀ ਗਤੀ ਨੂੰ ਪ੍ਰਭਾਵਿਤ ਕਰਦੇ ਹਨ, ਉਹ ਵਿਅਕਤੀ ਉਸ ਇਲਾਕੇ ਦੇ ਮੁੱਖ ਪਾਤਰ ਬਣ ਜਾਂਦੇ ਹਨ। ਭਗਤ ਰਵਿਦਾਸ ਜੀ ਨੇ ਬਨਾਰਸ ਦੇ ਇਲਾਕੇ ਤੋਂ ਇਲਾਵਾ ਭਾਰਤ ਦੇ ਇਤਿਹਾਸ ਨੂੰ ਬਹੁਪੱਖਾਂ ਤੋਂ ਪ੍ਰਭਾਵਿਤ ਕੀਤਾ ਹੈ। ਭਗਤ ਰਵਿਦਾਸ ਜੀ ਦੇ ਸਮਕਾਲ ਬਾਰੇ ਉਨ੍ਹਾਂ ਦੀ ਬਾਣੀ ਵਿੱਚੋਂ ਅਨੇਕ ਹਵਾਲੇ ਪ੍ਰਾਪਤ ਹੁੰਦੇ ਹਨ।

ਡਾ. ਜਸਬੀਰ ਸਿੰਘ ਸਾਬਰ ਅਨੁਸਾਰ ਭਗਤ ਰਵਿਦਾਸ ਜੀ ਦਾ ਜਨਮ ਮਾਘ ਸੁਦੀ ਪੰਦਰਾਂ ਪੂਰਨਮਾਸ਼ੀ ਵਾਲੇ ਦਿਨ ਐਤਵਾਰ ਨੂੰ ੧੪੩੩ ਬਿਕ੍ਰਮੀ (੧੩੭੬ ਈ.) ਨੂੰ ਹੋਇਆ।[੧] ਭਗਤ ਰਵਿਦਾਸ ਜੀ ਦਾ ਜਨਮ ਅਸਥਾਨ ਬਨਾਰਸ ਨੇੜੇ ਪਿੰਡ ਸੀਰ ਗਵਰਧਨਪੁਰ ਮੰਨਿਆ ਜਾਂਦਾ ਹੈ। ਇਸ ਪਿੰਡ ਵਿਚ ਭਗਤ ਜੀ ਦਾ ਚਾਰ-ਮੰਜਲਾ ਅਸਥਾਨ ਉਸਾਰਿਆ ਹੋਇਆ ਹੈ। ਇੱਥੇ ਭਗਤ ਜੀ ਦੀਆਂ ਦੋ ਯਾਦਗਾਰੀ ਵਸਤਾਂ ਰੰਬੀ ਅਤੇ ਸੰਖ ਰੱਖੀਆਂ ਹੋਈਆਂ ਹਨ।[੨] ਭਗਤ ਰਵਿਦਾਸ ਜੀ ਨੇ ਬਨਾਰਸ ਤੋਂ ਲੈ ਕੇ ਰਾਜਸਥਾਨ ਤਕ ਇਕ ਪਰਮਾਤਮਾ ਦੀ ਇਲਾਹੀ ਜੋਤ ਦਾ ਪ੍ਰਚਾਰ ਕੀਤਾ। ਬਹੁਤ ਲੰਮੀ ਉਮਰ ਪਰਮਾਤਮਾ ਦੀ ਭਗਤੀ ਵਿਚ ਲਾਉਂਦਿਆਂ ਹੋਇਆਂ ਭਗਤ ਜੀ ੨੮ ਮਾਘ ਸੰਮਤ ੧੫੭੫ ਬਿਕ੍ਰਮੀ (੧੫੧੮ ਈ.) ਨੂੰ ਅਕਾਲ ਚਲਾਣਾ ਕਰ ਗਏ।[੩] ਭਗਤ ਰਵਿਦਾਸ ਜੀ ਦੇ ੧੬ ਰਾਗਾਂ ਵਿਚ ੪੦ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਉਨ੍ਹਾਂ ਦੀ ਬਾਣੀ ਵਿਚ ਉਸ ਸਮਕਾਲ ਦੇ ਇਤਿਹਾਸ ਬਾਰੇ ਕਾਫੀ ਜਾਣਕਾਰੀ ਮਿਲ ਜਾਂਦੀ ਹੈ। ਕਿਸੇ ਵੀ ਸਮਕਾਲ ਦੇ ਇਤਿਹਾਸ ਦਾ ਅਧਿਐਨ ਕਰਨ ਲਈ ਉਸ ਸਮੇਂ ਦੀਆਂ ਧਾਰਮਿਕ, ਰਾਜਨੀਤਿਕ, ਸਮਾਜਿਕ ਅਤੇ ਆਰਥਿਕ ਪ੍ਰਸਥਿਤੀਆਂ ਨੂੰ ਦੇਖਿਆ ਜਾਂਦਾ ਹੈ। ਇਨ੍ਹਾਂ ਪ੍ਰਸਥਿਤੀਆਂ ਦਾ ਜ਼ਿਕਰ ਭਗਤ ਰਵਿਦਾਸ ਜੀ ਨੇ ਵੀ ਆਪਣੀ ਬਾਣੀ ਵਿਚ ਕੀਤਾ ਹੈ।

## ਧਾਰਮਿਕ ਪ੍ਰਸਥਿਤੀ:

ਗੌਂਡ ਰਾਗ ਦੇ ਇਕ ਸ਼ਬਦ ਤੋਂ ਪਤਾ ਲੱਗਦਾ ਹੈ ਕਿ ਭਗਤ ਰਵਿਦਾਸ ਜੀ ਦੇ

**ਧਾਰਮਿਕ ਅਧਿਆਪਕ, ਸ੍ਰੀ ਗੁਰੂ ਰਾਮਦਾਸ ਪਬਲਿਕ ਸਕੂਲ, ਗੋਲਡਨ ਟੈਂਪਲ ਕਲੋਨੀ, ਸੁਲਤਾਨਵਿੰਡ ਰੋਡ, ਸ੍ਰੀ ਅੰਮ੍ਰਿਤਸਰ। ਮੋ: +੯੧੯੭੨੫੦-੧੫੧੬੩*

ਸਮਕਾਲ ਵਿਚ ਅਠਾਹਠ ਤੀਰਥਾਂ ਦੀ ਯਾਤਰਾ, ਬਾਰ੍ਹਾਂ ਸ਼ਿਵਲਿੰਗਾਂ ਦੀ ਪੂਜਾ ਕਰਨੀ, ਖੂਹ ਅਤੇ ਤਲਾਬ ਬਣਾਉਣੇ, ਸੂਰਜ ਗ੍ਰਹਿਣ ਸਮੇਂ ਕੁਰਕਸ਼ੇਤਰ ਜਾ ਕੇ ਇਸ਼ਨਾਨ ਕਰਨਾ, ਪਾਠ ਸੁਣਨਾ, ਠਾਕੁਰਾਂ ਨੂੰ ਭੋਗ ਲਾਉਣੇ, ਭੂਮੀ ਦਾਨ ਕਰਨੀ, ਗਹਿਣਿਆਂ ਸਮੇਤ ਆਪਣੀ ਇਸਤਰੀ ਦਾਨ ਕਰ ਦੇਣੀ ਆਦਿਕ ਕਰਮ-ਕਾਂਡ ਅਤੇ ਰਸਮਾਂ ਪ੍ਰਚਲਿਤ ਸਨ।[੪] ਇਸ ਸ਼ਬਦ ਤੋਂ ਉਸ ਸਮੇਂ ਦੀ ਧਾਰਮਿਕ ਹਾਲਤ ਦਾ ਪਤਾ ਚਲਦਾ ਹੈ:

*ਜੇ ਓਹੁ ਗ੍ਰਹਨ ਕਰੈ ਕੁਲਖੇਤਿ ॥ ਅਰਪੈ ਨਾਰਿ ਸੀਗਾਰ ਸਮੇਤਿ ॥ ...*
*ਜੇ ਓਹੁ ਅਨਿਕ ਪ੍ਰਸਾਦ ਕਰਾਵੈ ॥ ਭੂਮਿ ਦਾਨ ਸੋਭਾ ਮੰਡਪਿ ਪਾਵੈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ ੮੭੫)*

**ਰਾਜਨੀਤਿਕ ਪ੍ਰਸਥਿਤੀ:**

ਭਗਤ ਰਵਿਦਾਸ ਜੀ ਨੇ ਉਸ ਵੇਲੇ ਦੀ ਰਾਜਨੀਤਿਕ ਦਸ਼ਾ ਨੂੰ ਵਿਚਾਰਦਿਆਂ ਹੋਇਆਂ ਉਸ ਜ਼ੁਲਮ-ਓ-ਸਿਤਮ ਦੇ ਵਿਰੁੱਧ ਇਕ ਸਟੇਟ ਦਾ ਸੰਕਲਪ ਦਿੱਤਾ। ਇਸ ਸੰਕਲਪ ਨੂੰ 'ਬੇਗਮਪੁਰਾ' ਕਿਹਾ ਗਿਆ ਹੈ। ਇਸ ਸਟੇਟ ਦਾ ਸਰੂਪ ਉਨ੍ਹਾਂ ਨੇ ਆਪਣੇ ਇਸ ਸ਼ਬਦ ਵਿਚ ਸਾਹਮਣੇ ਲਿਆਂਦਾ ਜਿਸ ਵਿਚ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਬੇਹਤਰੀ ਨੂੰ ਪੇਸ਼ ਕੀਤਾ ਗਿਆ ਹੈ। ਡਾ. ਦਰਸ਼ਨ ਸਿੰਘ ਅਨੁਸਾਰ— "ਉਨ੍ਹਾਂ ਦੇ ਇਸ ਬੇਗਮਪੁਰੇ ਦਾ ਪਹਿਲਾ ਗੁਣ ਇਹ ਹੈ ਕਿ ਇਸ ਰਾਜ ਅੰਦਰ ਕੋਈ ਸੀਮਾ ਨਹੀਂ। ਇਸ ਦਾ ਭਾਵ ਹੈ ਕਿ ਰਾਜ ਅੰਦਰ ਕਿਸੇ ਕਿਸਮ ਦੀ ਕੋਈ ਹੱਦਬੰਦੀ ਨਹੀਂ। ਸਾਰੀ ਪਰਜਾ ਸਮਾਨ ਹੱਕਾਂ ਅਤੇ ਫਰਜ਼ਾਂ ਦੀ ਮਾਲਕ ਹੈ। ਸਾਰੀ ਪਰਜਾ ਨੂੰ ਰਾਜ ਅੰਦਰ ਕਿਤੇ ਵੀ ਜਾਣ ਦਾ ਅਧਿਕਾਰ ਹੈ। ਅਮੀਰ ਅਤੇ ਗ਼ਰੀਬ ਦਾ ਭੇਦ, ਜਾਤ-ਪਾਤ ਦਾ ਭੇਦ, ਇਕ ਦੂਜੇ ਦਾ ਭੇਦ, ਇਸ ਰਾਜ ਵਿਚ ਨਹੀਂ। ਇਸ ਤਰ੍ਹਾਂ ਇਸ ਰਾਜ ਅੰਦਰ ਹਰ ਕਿਸਮ ਦੀ ਬਰਾਬਰਤਾ ਇਸ ਰਾਜ ਦੇ ਵਾਸੀਆਂ ਦਾ ਜਨਮ ਸਿੱਧ ਅਧਿਕਾਰ ਹੈ"।[੫] ਭਗਤ ਰਵਿਦਾਸ ਜੀ ਨੇ ਉਸ ਸਮੇਂ ਦੀ ਸਮਕਾਲੀ ਰਾਜਨੀਤਿਕ ਉਥਲ-ਪੁਥਲ, ਅਸ਼ਾਂਤੀ ਅਤੇ ਜ਼ੁਲਮ ਦੇ ਬਦਲ ਵਜੋਂ ਬੇਗਮਪੁਰਾ ਦਾ ਸੰਕਲਪ ਪੇਸ਼ ਕੀਤਾ:

*ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥*
*ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)*

**ਸਮਾਜਿਕ ਪ੍ਰਸਥਿਤੀ:**

ਭਗਤ ਰਵਿਦਾਸ ਜੀ ਦੇ ਸਮੇਂ ਦਾ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ। ਇਸ ਤੋਂ ਵੀ ਅੱਗੇ ਹਰੇਕ ਵਰਣ ਅਨੇਕ ਉਪ ਜਾਤਾਂ ਵਿਚ ਵੰਡਿਆ ਹੋਇਆ ਸੀ। ਭਗਤ ਰਵਿਦਾਸ ਜੀ ਨੇ ਸਮਾਜ ਦੀ ਇਸ ਪ੍ਰਸਥਿਤੀ ਦਾ ਵਰਣਨ ਕੀਤਾ ਹੈ:

*ਬ੍ਰਹਮਨ ਬੈਸ ਸੂਦ ਅਰੁ ਖ੍ਰਤ੍ਰੀ ਡੋਮ ਚੰਡਾਰ ਮਲੇਛ ਮਨ ਸੋਇ ॥*

*ਹੋਇ ਪੁਨੀਤ ਭਗਵੰਤ ਭਜਨ ਤੇ ਆਪੁ ਤਾਰਿ ਤਾਰੇ ਕੁਲ ਦੋਇ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੮)*

ਭਗਤ ਰਵਿਦਾਸ ਜੀ ਨੇ ਵਰਣ ਵੰਡ ਦੇ ਭਰਮ ਨੂੰ ਤੋੜਦਿਆਂ ਹੋਇਆਂ ਦੱਸਿਆ ਹੈ ਕਿ ਸਮਾਜਿਕ ਤੌਰ 'ਤੇ ਨੀਵੇਂ ਜਾਂ ਉੱਚੇ ਸਮਝੇ ਜਾਂਦੇ ਵਰਣ ਸਿਰਫ ਪਰਮਾਤਮਾ ਦਾ ਨਾਮ ਜਪਣ ਕਰਕੇ ਹੀ ਤਰ ਸਕਦੇ ਹਨ। ਛੂਤ-ਛਾਤ ਬਾਰੇ ਭਗਤ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਮੇਰੀ ਜਾਤ ਉੱਪਰ ਲੋਕ ਹੱਸਦੇ ਹਨ ਪਰ ਉਨ੍ਹਾਂ ਨੂੰ ਤਾਂ ਪਰਮਾਤਮਾ ਦਾ ਨਾਮ ਜਪਣ ਨਾਲ ਅਠਾਰ੍ਹਾਂ ਸਿੱਧੀਆਂ ਪ੍ਰਾਪਤ ਹੋ ਗਈਆਂ ਹਨ:

*ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥*
*ਅਸਟ ਦਸਾ ਸਿਧਿ ਕਰ ਤਲੈ ਸਭ ਕ੍ਰਿਪਾ ਤੁਮਾਰੀ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫੮)*

ਭਗਤ ਰਵਿਦਾਸ ਜੀ ਫੁਰਮਾਉਂਦੇ ਹਨ ਕਿ ਉੱਚੀ ਜਾਤ ਵਾਲੇ ਮੇਰੀ ਛੂਹ ਤੋਂ ਵੀ ਡਰਦੇ ਸਨ ਪਰ ਹੁਣ ਪਰਮਾਤਮਾ ਤੂੰ ਮੈਨੂੰ (ਅਛੌਤੀ) ਨੀਚ ਤੋਂ ਉਚ ਕਰ ਦਿੱਤਾ ਹੈ:

*ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁਹੀਂ ਢਰੈ ॥*
*ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

ਭਗਤ ਰਵਿਦਾਸ ਜੀ ਨੇ ਸਮਾਜਿਕ ਭਾਈਚਾਰੇ ਦੀ ਇੱਕਜੁਟਤਾ ਕਾਇਮ ਰੱਖਣ ਲਈ ਪਰਮਾਤਮਾ ਦੇ ਇੱਕ ਰਸਤੇ ਉੱਪਰ ਚੱਲਣ ਲਈ ਕਿਹਾ ਹੈ:

*ਜੋ ਹਮ ਸਹਰੀ ਸੁ ਮੀਤੁ ਹਮਾਰਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)*

**ਆਰਥਿਕ ਪ੍ਰਸਥਿਤੀ:**

'*ਬੇਗਮਪੁਰਾ ਸਹਰ ਕੋ ਨਾਉ*' ਵਾਲੇ ਸ਼ਬਦ ਤੋਂ ਸਾਨੂੰ ਉਸ ਸਮੇਂ ਦੇ ਸਮਾਜ ਵਿਚਲੇ ਆਰਥਿਕ ਹਾਲਾਤਾਂ ਦਾ ਪਤਾ ਚਲਦਾ ਹੈ ਕਿ ਉਸ ਸਮੇਂ ਲੁੱਟ-ਖਸੁੱਟ, ਡਰ, ਬਹੁ-ਗਿਣਤੀ ਵਿਚ ਟੈਕਸਾਂ ਦਾ ਭਾਰ ਅਤੇ ਵਪਾਰਕ ਘਾਟੇ ਦਾ ਵਰਤਾਰਾ ਪ੍ਰਚਲਿਤ ਸੀ। ਇਸ ਸਭ ਬੁਰਛਾਗਰਦੀ ਦੇ ਬਦਲ ਵਜੋਂ ਹੀ ਭਗਤ ਜੀ ਨੇ ਸਹੂਲਤਾਂ ਭਰੇ ਸਟੇਟ ਦੀ ਜਾਗਰੂਕਤਾ ਫੈਲਾਈ। ਉਨ੍ਹਾਂ ਦਾ ਫੁਰਮਾਨ ਹੈ:

*ਬੇਗਮ ਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥*
*ਨਾਂ ਤਸਵੀਸ ਖਿਰਾਜੁ ਨ ਮਾਲੁ ॥ਖਉਫੁ ਨ ਖਤਾ ਨ ਤਰਸੁ ਜਵਾਲੁ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੫)*

**ਭਗਤ ਰਵਿਦਾਸ ਜੀ ਦੀ ਬਾਣੀ ਵਿਚ ਉਨ੍ਹਾਂ ਦੀ ਜੀਵਨ ਝਲਕ:**

ਭਗਤ ਰਵਿਦਾਸ ਜੀ ਆਪਣੀ ਬਾਣੀ ਵਿਚ ਆਪਣੀ ਜਨਮ-ਭੂਮੀ ਬਨਾਰਸ, ਉਸ ਦੇ ਆਸ-ਪਾਸ ਦਾ ਅਤੇ ਆਪਣੀ ਕਿਰਤ ਦਾ ਜ਼ਿਕਰ ਕਰਦੇ ਹਨ:

*ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਭਗਤ ਜੀ ਇਸ ਸ਼ਬਦ ਵਿਚ ਆਪਣੀ ਜਾਤ ਬਾਰੇ ਦੱਸਦਿਆਂ ਫੁਰਮਾਉਂਦੇ ਹਨ:

*ਨਾਗਰ ਜਨਾਂ ਮੇਰੀ ਜਾਤਿ ਬਿਖਿਆਤ ਚੰਮਾਰੰ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਭਗਤ ਜੀ ਨੇ ਆਪਣੀ ਕਿਰਤ ਨਾਲ ਸੰਬੰਧਿਤ ਵਸਤਾਂ ਦੇ ਪ੍ਰਤੀਕ ਵਰਤ ਕੇ ਪਰਮਾਤਮਾ ਦੀ ਭਗਤੀ ਦਾ ਸੰਦੇਸ਼ ਦਿੱਤਾ:

*ਚਮਰਟਾ ਗਾਂਠਿ ਨ ਜਨਈ ॥ ਲੋਗੁ ਗਠਾਵੈ ਪਨਹੀ ॥੧॥ਰਹਾਉ॥*
*ਆਰ ਨਹੀ ਜਿਹ ਤੋਪਉ ॥ ਨਹੀ ਰਾਂਬੀ ਠਾਉ ਰੋਪਉ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੫੯)*

**ਭਗਤ ਸਾਹਿਬਾਨ ਦਾ ਜ਼ਿਕਰ :**

ਆਸਾ ਰਾਗ ਵਿਚ ਭਗਤ ਕਬੀਰ ਜੀ ਅਤੇ ਭਗਤ ਨਾਮਦੇਵ ਜੀ ਦਾ ਜ਼ਿਕਰ ਕਰਦਿਆਂ ਭਗਤ ਨਾਮਦੇਵ ਜੀ ਦੁਆਰਾ ਠਾਕੁਰ ਨੂੰ ਦੁੱਧ ਪਿਆਉਣ ਵਾਲੀ ਸਾਖੀ ਦਾ ਜ਼ਿਕਰ ਕੀਤਾ ਹੈ:

*ਹਰਿ ਕੇ ਨਾਮ ਕਬੀਰ ਉਜਾਗਰ ॥ ਜਨਮ ਜਨਮ ਕੇ ਕਾਟੇ ਕਾਗਰ ॥੧॥*
*ਨਿਮਤ ਨਾਮਦੇਉ ਦੂਧੁ ਪੀਆਇਆ ॥ ਤਉ ਜਗ ਜਨਮ ਸੰਕਟ ਨਹੀ ਆਇਆ॥੨॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੮੭)*

ਮਾਰੂ ਰਾਗ ਵਿਚ ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਤ੍ਰਿਲੋਚਨ ਜੀ, ਭਗਤ ਸਧਨਾ ਜੀ ਅਤੇ ਭਗਤ ਸੈਨ ਜੀ ਦਾ ਇਸ ਸੰਸਾਰ ਰੂਪੀ ਸਮੁੰਦਰ ਤੋਂ ਤਰ ਜਾਣ ਦਾ ਜ਼ਿਕਰ ਕੀਤਾ ਹੈ:

*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੬)*

ਮਲਾਰ ਰਾਗ ਵਿਚ ਭਗਤ ਨਾਮਦੇਵ ਜੀ ਬਾਰੇ ਲਿਖਦੇ ਹਨ ਕਿ ਨਾਮਦੇਵ ਜੀ ਦੇ ਘਰ ਪਰਮਾਤਮਾ ਦੀ ਸਿਫਤ ਸਾਲਾਹ ਲਿਖੀ ਜਾ ਰਹੀ ਹੈ। ਉੱਚੀ ਜਾਤ ਵਾਲਿਆਂ ਦੇ ਭਾਣੇ ਭਾਵੇਂ ਉਹ ਛੀਂਬਾ ਹੈ, ਅਛੂਤ ਹੈ, ਪਰ ਉਸ ਦੀ ਵਡਿਆਈ ਤਿੰਨਾਂ ਲੋਕਾਂ ਵਿਚ ਹੋ ਰਹੀ ਹੈ:

*ਜਾ ਕੈ ਭਾਗਵਤੁ ਲੇਖੀਐ ਅਵਰੁ ਨਹੀ ਪੇਖੀਐ ਤਾਸ ਕੀ ਜਾਤਿ ਆਛੋਪ ਛੀਪਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਭਗਤ ਕਬੀਰ ਜੀ ਬਾਰੇ ਫੁਰਮਾਇਆ ਕਿ ਭਗਤ ਕਬੀਰ ਜੀ ਹਕੂਮਤ ਤੋਂ ਨਿਡਰ ਰਹਿ ਕੇ ਪਰਮਾਤਮਾ ਦਾ ਨਾਮ ਸਿਮਰ ਕੇ ਪ੍ਰਸਿੱਧ ਹੋ ਗਏ:

*ਜਾ ਕੈ ਬਾਪ ਵੈਸੀ ਕਰੀ ਪੂਤ ਐਸੀ ਸਰੀ ਤਿਹੂ ਰੇ ਲੋਕ ਪਰਸਿਧ ਕਬੀਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੯੩)*

ਇਸ ਤਰ੍ਹਾਂ ਭਗਤ ਰਵਿਦਾਸ ਜੀ ਦੀ ਬਾਣੀ ਉਸ ਸਮੇਂ ਦੇ ਸਮਕਾਲੀ ਇਤਿਹਾਸ ਨੂੰ ਪੇਸ਼ ਕਰਦਿਆਂ ਹਰ ਯੁੱਗ ਤੇ ਵਰਤਮਾਨ ਨੂੰ ਅਨੇਕ ਜਤਨਾਂ, ਵਿਧੀਆਂ ਤੇ ਰੱਬੀ ਭਗਤੀ

ਰਾਹੀਂ ਸਮਾਜ ਦੇ ਹਲਤ-ਪਲਤ ਦੀ ਬੇਹਤਰੀ ਲਈ ਮਾਰਗ-ਦਰਸ਼ਨ ਕਰਦੀ ਹੈ।

**ਹਵਾਲੇ :**


੧. ਜਸਬੀਰ ਸਿੰਘ ਸਾਬਰ, *ਭਗਤ ਰਵਿਦਾਸ (ਸਰੋਤ ਪੁਸਤਕ)*, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ, ੧੯੯੭, ਪੰਨਾ ੨੯.

੨. ਉਹੀ, ਪੰਨੇ ੩੩-੩੪.

੩. ਪ੍ਰੋ. ਬ੍ਰਹਮਜਗਦੀਸ਼ ਸਿੰਘ, *ਭਗਤ ਰਵਿਦਾਸ ਜੀ, ਜੀਵਨ, ਦਰਸ਼ਨ ਅਤੇ ਬਾਣੀ*, ਸੰਗਮ ਪਬਲੀਕੇਸ਼ਨ, ਪਟਿਆਲਾ, ੨੦੧੫, ਪੰਨਾ ੩੧.

੪. ਸੁਖਦੇਵ ਸਿੰਘ ਸ਼ਾਂਤ, 'ਭਗਤ ਰਵਿਦਾਸ ਜੀ ਦੀ ਬਾਣੀ ਵਿਚ ਇਤਿਹਾਸਕ ਅੰਸ਼', *ਗੁਰੂ ਰਵਿਦਾਸ ਬਾਣੀ ਵਿਚਾਰ* (ਸੰਪਾ.), ਡਾ. ਬਲਦੇਵ ਸਿੰਘ ਬਦਨ ਅਤੇ ਡਾ. ਧਰਮਪਾਲ ਸਿੰਗਲ, ਪੰਨਾ ੨੭੩.

੫. ਡਾ. ਦਰਸ਼ਨ ਸਿੰਘ, 'ਸੰਤ ਰਵਿਦਾਸ ਦਾ ਬੇਗਮਪੁਰੇ ਦਾ ਸੰਕਲਪ', *ਗੁਰੂ ਰਵਿਦਾਸ ਬਾਣੀ ਵਿਚਾਰ* (ਸੰਪਾ.) ਡਾ. ਬਲਦੇਵ ਸਿੰਘ ਬਦਨ, ਡਾ. ਧਰਮਪਾਲ ਸਿੰਗਲ, ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ, ੨੦੧੩, ਪੰਨਾ ੨੭੩.


---

ਕਵਿਤਾ

# ਹਰ ਦਿਨ ਮੁਬਾਰਕ

*-ਡਾ. ਮਨਜੀਤ ਕੌਰ**

*ਦਿਲ 'ਚ ਸੱਚਾਈ ਹੋਵੇ, ਹੱਕ ਦੀ ਕਮਾਈ ਹੋਵੇ।*
*ਹਮੇਸ਼ਾਂ ਪੂਰਾ ਤੋਲ ਹੋਵੇ, ਮਿੱਠਾ ਸਦਾ ਬੋਲ ਹੋਵੇ।*
*ਇੱਕ 'ਤੇ ਵਿਸ਼ਵਾਸ ਹੋਵੇ, ਪੂਰੀ ਸ਼ੁੱਭ ਆਸ ਹੋਵੇ।*
*ਜੀਆਂ 'ਤੇ ਦਇਆ ਹੋਵੇ, ਮਨੁੱਖਤਾ ਲਈ ਪ੍ਰੇਮ ਹੋਵੇ।*
*ਸਾਤਵਿਕ ਭੋਜਨ ਹੋਵੇ, ਨਸ਼ਿਆਂ ਤੋਂ ਪ੍ਰਹੇਜ਼ ਹੋਵੇ।*
*ਅੰਦਰ ਸਾਡੇ ਜੋਸ਼ ਹੋਵੇ, ਪਰ ਜੋਸ਼ ਵਿਚ ਵੀ ਹੋਸ਼ ਹੋਵੇ।*
*ਆਲਸ ਦਾ ਤਿਆਗ ਹੋਵੇ, ਕਰਮ ਤੇ ਪੁਰਸ਼ਾਰਥ ਹੋਵੇ।*
*ਅੰਬਰ ਤਕ ਸੰਚਾਰ ਹੋਵੇ, ਮਾਤ ਭੂਮੀ ਨਾਲ ਪਿਆਰ ਹੋਵੇ।*
*ਮਾਂ ਬੋਲੀ ਦਾ ਸਤਿਕਾਰ ਹੋਵੇ, ਕਿਸੇ (ਬੋਲੀ) ਦਾ ਨਾ ਤ੍ਰਿਸਕਾਰ ਹੋਵੇ।*
*ਮੱਤ ਵਿਚ ਪ੍ਰਗਾਸ ਹੋਵੇ, ਦੁਰਮਤ ਦਾ ਨਾਸ਼ ਹੋਵੇ।*
*ਇੱਛਾਵਾਂ ਦਾ ਦਮਨ ਹੋਵੇ, ਗੁਰੂ ਚਰਨਾਂ 'ਚ ਨਮਨ ਹੋਵੇ।*
*ਜੀਵਨ ਵਿਚ ਸ਼ਾਂਤੀ ਹੋਵੇ, ਮਨ ਵਿਚ ਨ ਕੋਈ ਭ੍ਰਾਂਤੀ ਹੋਵੇ।*
*ਗੁਰਬਾਣੀ ਦੀ ਟੇਕ ਹੋਵੇ, ਹਰ ਪਾਸੇ ਰੱਬ ਦੇਖ ਹੋਵੇ।*
*ਵਿਵੇਕਸ਼ੀਲ ਬੁੱਧ ਹੋਵੇ, ਅੰਤਰ ਮਨ ਸਾਡਾ ਸ਼ੁੱਧ ਹੋਵੇ।*
*ਜੀਵਨ ਵਿਚ ਸਦਾਚਾਰ ਹੋਵੇ, ਉੱਚਾ-ਸੁੱਚਾ ਸਾਡਾ ਕਿਰਦਾਰ ਹੋਵੇ।*
*ਹਰ ਦਿਨ ਮੁਬਾਰਕ ਹੋਵੇ, ਦਿਲ ਰੰਗਿਆ ਕਰਤਾਰ ਹੋਵੇ।*

**2/104, Jawahar Nagar, Jaipur (Rajasthan)-302004, Mo. +9199297-62523*

# ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ

*-ਡਾ. ਹਰਨਾਮ ਸਿੰਘ ਸ਼ਾਨ**

ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਸਵੇਂ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ, ਦੇ ਪਲੇਠੇ ਭਾਵ ਪਹਿਲੇ ਜਾਂ ਸਭ ਤੋਂ ਵੱਡੇ ਸਪੁੱਤਰ ਸਨ। ਉਨ੍ਹਾਂ ਦਾ ਮੁਬਾਰਕ ਜਨਮ ਸੰਨ ੧੬੮੭ (*ਸਿੱਖ ਇਤਿਹਾਸ* ਕ੍ਰਿਤ ਕਰਤਾਰ ਸਿੰਘ ਐਮ. ਏ.), ਨੂੰ ਮਾਤਾ ਸੁੰਦਰੀ ਜੀ ਦੀ ਕੁੱਖੋਂ ਪਾਉਂਟਾ ਸਾਹਿਬ ਵਿਖੇ ਹੋਇਆ ਸੀ। ਉਹ ਦੀਨ-ਦੁਨੀ ਦੇ 'ਸੱਚੇ ਪਾਤਸ਼ਾਹ' ਦੇ ਸੁੱਚੇ ਤੇ ਸੂਰਬੀਰ ਸਪੁੱਤਰ ਸਨ। ਇਸ ਲਈ ਉਨ੍ਹਾਂ ਦੀ ਉਮੱਤ ਉਨ੍ਹਾਂ ਨੂੰ ਮੁੱਢੋਂ ਹੀ ਅਤੀ ਪਿਆਰ ਤੇ ਸਤਿਕਾਰ ਸਹਿਤ ਸਾਹਿਬਜ਼ਾਦਾ ਦੇ ਆਦਰ-ਸ਼ਹੂਕ ਲਕਬ ਨਾਲ ਚਿਤਾਰਦੀ ਤੇ ਸਨਮਾਨਦੀ ਰਹੀ ਹੈ।

ਸਾਹਿਬਜ਼ਾਦਾ ਅਜੀਤ ਸਿੰਘ, ਇਸ ਤੋਂ ਇਲਾਵਾ, ਇਕ ਅਤਿ ਵਿਸ਼ੇਸ਼ ਤੇ ਮਹਾਨ ਵਿਰਸੇ ਦੇ ਵੀ ਵਾਰਸ ਸਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ, ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਨਕੜਪੋਤੇ, ਮੀਰੀ-ਪੀਰੀ ਦੇ ਮਾਲਕ, ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਪੜਪੋਤੇ ਅਤੇ ਲਾਸਾਨੀ ਬਲੀਦਾਨੀ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਪੋਤੇ ਹੋਣ ਦਾ ਅਦੁੱਤੀ ਮਾਣ ਤੇ ਸਥਾਨ ਵੀ ਪ੍ਰਾਪਤ ਸੀ।

ਇਸੇ ਲਈ ਉੱਚ-ਕੋਟੀ ਦੀ ਸੁੱਚਤਾ, ਸੁਚੱਜਤਾ, ਸੂਰਬੀਰਤਾ ਤੇ ਬਲੀਦਾਨਤਾ ਆਦਿ ਦੀ ਭਰਵੀਂ ਅੰਸ਼ ਉਨ੍ਹਾਂ ਦੇ ਰਗ-ਰੇਸ਼ੇ ਵਿਚ ਮੂਲੋਂ ਹੀ ਰਚੀ ਹੋਈ ਸੀ ਅਤੇ ਨਾਲੇ ਉਹ ਆਪਣੀ ਮਹਾਨ ਦਾਦੀ, ਮਾਤਾ ਗੁਜਰੀ ਜੀ ਦੀ ਗੋਦ ਵਿਚ ਖੇਡ ਕੇ ਵੱਡੇ ਹੋਏ ਸਨ। ਉਨ੍ਹਾਂ ਨੇ ਆਪਣੇ ਪਾਵਨ ਪੁਰਖਿਆਂ ਤੇ ਪਿਤਾਮਿਆਂ ਦੇ ਹੇਠ ਲਿਖੇ ਸਿਧਾਂਤਕ ਵਾਕ ਵੀ ਉਨ੍ਹਾਂ ਤੋਂ ਕਈ ਵਾਰ ਸੁਣੇ ਤੇ ਸਮਝੇ ਹੋਣਗੇ:

*-ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥* (ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੧੨)
*-ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥*
(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੭)

ਉਨ੍ਹਾਂ ਨੇ ਆਪਣੇ 'ਕਾਦਰ-ਏ-ਹਰਕਾਰ' ਤੇ ਖਾਲਸੇ ਦੇ ਸਾਜਨਹਾਰ ਗੁਰੂ-ਪਿਤਾ ਦੇ ਮੁਖਾਰਬਿੰਦ ਤੋਂ ਵੀ ਉਹ ਬੇਮਿਸਾਲ ਵਰ, ਉਹ ਬੇਜੋੜ ਪ੍ਰਤਿੱਗਿਆ ਤੇ ਪ੍ਰਾਰਥਨਾ ਵੀ ਕਈ ਵਾਰ ਸੁਣੀ-ਸਮਝੀ ਹੋਵੇਗੀ, ਜੋ ਉਨ੍ਹਾਂ ਨੇ ਭਰਵੇਂ ਸਿਦਕ ਤੇ ਭਰਪੂਰ ਸ਼ਰਧਾ ਨਾਲ ਅਕਾਲ ਪੁਰਖ ਨੂੰ ਸੰਬੋਧਨ ਕਰਦਿਆਂ ਇਉਂ ਉਚਾਰੀ ਹੋਈ ਸੀ:

*ਨ ਡਰੋਂ ਅਰਿ ਸੋ ਜਬ ਜਾਇ ਲਰੋਂ*

---

**ਗੁਰਪੁਰਵਾਸੀ*

*ਨਿਸਚੈ ਕਰ ਅਪਨੀ ਜੀਤ ਕਰੋਂ ॥...*
*ਜਬ ਆਵ ਕੀ ਅਉਧ ਨਿਦਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋਂ ॥* *(ਚੰਡੀ ਚਰਿਤ੍ਰ)*

ਇਸ ਅਦੁੱਤੀ ਸੰਬੋਧਨ ਵਿੱਚੋਂ ਡੁੱਲ੍ਹ-ਡੁੱਲ੍ਹ ਪੈ ਰਹੀ ਭਗਤੀ, ਸ਼ਕਤੀ ਤੇ ਨੇਕ ਚਲਨੀ; ਸਵੈ-ਮਾਣ, ਸਵੈ-ਵਿਸ਼ਵਾਸ ਤੇ ਸਵੈ-ਤਿਆਗ; ਨਿਰਭੈਤਾ, ਨਿਰਵੈਰਤਾ ਤੇ ਦ੍ਰਿੜ੍ਹਤਾ: ਪਰਉਪਕਾਰਤਾ ਅਤੇ ਬਲੀਦਾਨਤਾ ਆਦਿ ਨਾਲ ਓਤਪੋਤ ਚੜ੍ਹਦੀ-ਕਲਾ ਵਾਲੇ ਜਜ਼ਬੇ ਦੇ ਜਲਵੇ ਵੀ ਉਨ੍ਹਾਂ ਆਪਣੇ ਅੱਖੀਂ ਕਈ ਵਾਰ ਵੇਖੇ ਹੋਣਗੇ। ਉਨ੍ਹਾਂ ਨੇ ਤਾਂ ਉਸ ਦੇ ਕ੍ਰਾਂਤੀਕਾਰੀ ਤੇ ਲੋਕ-ਹਿਤਕਾਰੀ ਅੰਸ਼ ਵੀ ਆਪਣੇ ਹਿਰਦੇ ਦੀਆਂ ਧੁਰ ਡੂੰਘਾਈਆਂ ਵਿਚ ਸਮੋ ਲਏ ਹੋਣਗੇ। ਤਦੇ ਤਾਂ ਜਦੋਂ ਸੰਨ ੧੭੦੪ ਈ. ਦੀਆਂ ਭਰ ਸਰਦੀਆਂ ਵਿਚ, ਅਨਿਆਂ ਤੇ ਅਤਿਆਚਾਰ ਨਾਲ ਆਖ਼ਰੀ ਟੱਕਰ ਲੈਣ ਦਾ ਸਮਾਂ ਆਇਆ ਅਤੇ ਜਦੋਂ "ਅਤ ਹੀ ਰਨ ਮੈ ਤਬ ਜੂਝ ਮਰੋਂ" ਦੀ ਵੰਗਾਰ ਪਈ ਤਾਂ ਉਹ ਜ਼ਰਾ ਨਹੀਂ ਝਿਜਕੇ; ਜ਼ਰਾ ਨਹੀਂ ਅਟਕੇ; ਅਤੇ ਦੇਸ਼, ਕੌਮ ਤੇ ਮਨੁੱਖਤਾ ਵਾਸਤੇ ਆਪਣਾ ਫ਼ਰਜ਼ ਨਿਭਾਉਣ ਲਈ ਰਣਭੂਮੀ ਵਿਚ ਜਾ ਨਿੱਤਰੇ ਸਨ।

ਉਦੋਂ ਉਹ ਉਨ੍ਹੀਂ ਕੁ ਵਰਿਆਂ ਦੇ ਬੜੇ ਸੁੰਦਰ, ਸੁਨੱਖੇ ਜਵਾਨ ਸਨ। ਇਕ ਘੋਰ ਬਦਨੀਤੀ ਤੇ ਵਿਸਾਹਘਾਤ ਦੇ ਸ਼ਿਕਾਰ ਹੋ ਕੇ, ਆਪਣੇ ਮਾਪਿਆਂ ਤੇ ਉਨ੍ਹਾਂ ਦੀ ਉੱਮਤ ਸਮੇਤ ਆਪਣੀ ਕਰਮ-ਭੂਮੀ, ਅਨੰਦਪੁਰ ਸਾਹਿਬ ਤੋਂ ਨਿਕਲ ਆਏ ਸਨ। ਰਾਹ ਵਿਚ ਪਿੱਛੇ ਆ ਰਹੇ ਵੈਰੀ-ਦਲ ਨਾਲ ਟੱਕਰਾਂ ਲੈਂਦੇ ਉਹ ਸਰਸਾ ਨਦੀ ਦੇ ਕੰਢੇ ਪਹੁੰਚ ਗਏ ਸਨ। ਮੀਂਹ ਵਾਂਗ ਵਰ੍ਹਦੀਆਂ ਗੋਲੀਆਂ ਦੀ ਬੁਛਾੜ ਤੋਂ ਬਚਣ ਲਈ, ਉਹ ਰਾਹ ਘੇਰੇ ਬੈਠੀ ਹੜ੍ਹਿਆਈ ਸਰਸਾ ਨਦੀ ਨੂੰ ਪਾਰ ਕਰਨ ਲਈ ਰੱਬ-ਆਸਰੇ ਠਿੱਲ੍ਹ ਪਏ ਸਨ। ਉਸ ਦੀ ਸ਼ੂਕਦੀ ਫੇਟ ਤੋਂ ਬਚ ਕੇ ਮਸਾਂ ਪਾਰ ਹੁੰਦਿਆਂ ਹੀ, ਪਤਾ ਲੱਗਾ ਕਿ ਉਹ ਆਪਣੀ ਪਾਵਨ ਦਾਦੀ, ਮੁਬਾਰਕ ਮਾਂ, ਦੋ ਨਿੱਕੇ ਭਰਾਵਾਂ ਅਤੇ ਬਾਕੀ ਦੇ ਸ਼ਾਹ-ਸਵਾਰਾਂ ਤੋਂ ਨਿੱਖੜ ਚੁੱਕੇ ਸਨ। ਆਪਣੇ 'ਬਾਦਸ਼ਾਹ-ਦਰਵੇਸ਼' ਪਿਤਾ, ਛੋਟੇ ਵੀਰ ਜੁਝਾਰ ਸਿੰਘ ਅਤੇ ਕੁਝ ਗਿਣਵੇਂ ਸਾਥੀਆਂ ਨਾਲ ਵੱਸਦੇ ਮੀਂਹ, ਭਿੱਜਦੇ ਕੱਪੜੀਂ, ਠਰੇ-ਭੁੱਖੇ ਤੇ ਥੱਕੇਟੁੱਟੇ ਸਰੀਰਾਂ ਨੂੰ ਠੇਲ੍ਹਦੇ ਰੋਪੜ ਵੱਲ ਤੁਰ ਪਏ ਸਨ। ਉਥੇ ਪੁੱਜਦਿਆਂ ਹੀ, ਸਥਾਨਕ ਪਠਾਣਾਂ ਨੇ ਉਨ੍ਹਾਂ ਨਾਲ ਆਢਾ ਲਿਆ ਤੇ ਜਦੋਂ ਉਹ ਦਿਨ ਡੁੱਬਦੇ ਚਮਕੌਰ ਪਹੁੰਚੇ ਤਾਂ ਉਨ੍ਹਾਂ ਨਾਲ ਪਿਤਾ ਤੇ ਭਰਾ ਤੋਂ ਛੁਟ ਕੇਵਲ ਚਾਲੀ ਸਿੰਘ ਹੀ ਬਾਕੀ ਰਹਿ ਗਏ ਸਨ। ਵੈਰੀ-ਦਲ ਤੇ ਮੁਲਖਈਆ ਪਿੱਛੋਂ ਮਾਰੋ-ਮਾਰ ਕਰਦਾ, ਵਾਹੋ-ਦਾਹੀ ਆ ਰਿਹਾ ਸੀ। ਇਹ ਅਜੀਬ ਕੁੜਿੱਕੀ ਤੇ ਘੋਰ ਸਥਿਤੀ ਵਿਚ ਫਸਿਆਂ ਨੇ, ਫਿਰ ਵੀ ਨਾ ਹਿੰਮਤ ਹਾਰੀ ਅਤੇ ਨਾ ਹੀ ਹੌਸਲਾ ਛੱਡਿਆ ਸੀ। ਛੱਡਦੇ ਵੀ ਕਿਵੇਂ ਜਦ ਕਿ ਉਨ੍ਹਾਂ ਦੇ ਸ਼ਹੀਦ ਦਾਦਾ ਤੇ ਮਹਾਂਬਲੀ ਪਿਤਾ ਨੇ ਉਨ੍ਹਾਂ ਨੂੰ ਤੇ ਉਨ੍ਹਾਂ ਦੇ ਸਾਥੀਆਂ ਨੂੰ ਇੰਨਾ ਨਿਰਭੈ ਤੇ ਦ੍ਰਿੜ੍ਹ ਬਣਾ ਦਿੱਤਾ ਸੀ ਕਿ ਉਹ ਜੀਵਨ ਦੇ ਸਭ ਤੋਂ ਵੱਡੇ ਭੈ, ਮੌਤ, ਨਾਲ ਵੀ ਮੱਥਾ

ਡਾਹੁਣ ਲਈ, ਉਨ੍ਹਾਂ ਦੇ ਹੀ ਸਿਖਾਏ ਹੇਠ-ਲਿਖੇ ਸਬਕ ਅਨੁਸਾਰ, ਬਿਲਕੁਲ ਤਿਆਰ-ਬਰ-ਤਿਆਰ ਸਨ:

*ਜੋ ਕਹੂੰ ਕਾਲ ਤੇ ਭਾਜ ਕੇ ਬਾਚੀਅਤ*
*ਤੌ ਕਿਹ ਕੁੰਟ ਕਹੋ ਭਜਿ ਜਈਐ ॥* *(ਬਚਿਤ੍ਰ ਨਾਟਕ)*

ਸ਼ਹੀਦ ਪਿਤਾ-ਪੜਦਾਦੇ ਦੇ ਯੋਗ ਵਾਰਸ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਤੁਰੰਤ ਹੀ, ਉਥੇ ਹੀ ਅਟਕਣ, ਅੰਤਮ ਸੁਆਸਾਂ ਤਕ ਜੂਝਣ ਤੇ ਜੀਂਦੇ-ਜੀਅ ਵੈਰੀ ਦੇ ਹੱਥ ਨਾ ਆਉਣ ਦਾ ਫੈਸਲਾ ਕਰ ਲਿਆ ਸੀ। ਪਿੰਡ ਦੀ ਇਕ ਹਵੇਲੀ, ਇਸ ਬੇਮਿਸਾਲ ਧਰਮ-ਯੁੱਧ ਦੇ ਬਚੇ ਹੋਏ, ਇਨ੍ਹਾਂ ਗਿਣਵੇਂ ਪਰਵਾਨਿਆਂ ਦੀ ਗੜ੍ਹੀ ਬਣ ਗਈ ਸੀ। ਸਵੇਰ ਹੁੰਦਿਆਂ ਹੀ, ਲੱਖਾਂ ਹਥਿਆਰਬੰਦ ਫੌਜੀਆਂ ਨੇ ਇਹਨੂੰ ਚੁਫੇਰਿਓਂ ਘੇਰ ਲਿਆ ਸੀ। ਵੈਰੀ-ਦਲ ਨੂੰ ਗੜ੍ਹੀ ਤੋਂ ਪਰੇਡੇ ਰੱਖਣ ਲਈ, ਪਹਿਲਾਂ ਤੀਰ ਵਰਤੇ ਗਏ ਸਨ। ਜਦੋਂ ਉਹ ਮੁੱਕ ਗਏ ਸਨ ਤਾਂ ਹੱਥੋਂ-ਹੱਥ ਲੜਾਈ ਸ਼ੁਰੂ ਹੋ ਗਈ ਸੀ। ਇਨ੍ਹਾਂ ਮੁੱਠੀ-ਭਰ ਮਰਜੀਵੜਿਆਂ ਦੇ ਨਿੱਕੇ-ਨਿੱਕੇ ਜਥੇ ਗੜ੍ਹੀ ਵਿੱਚੋਂ ਵਾਰੋ-ਵਾਰ ਨਿਕਲਣ, ਜੂਝਣ ਤੇ ਸ਼ਹੀਦ ਹੋਣ ਲੱਗ ਪਏ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਲੇਠੇ ਪੁੱਤਰ ਤੇ ਬੀਰ ਬਹਾਦਰ ਬਾਬਾ ਅਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਆਪਣੀਆਂ ਅੱਖਾਂ ਸਾਹਵੇਂ ਜੂਝਦਿਆਂ ਅਤੇ ਦੇਸ਼-ਕੌਮ ਤੇ ਧਰਮ-ਕਰਮ ਦੀ ਰੱਖਿਆ ਲਈ ਪੁਰਜਾ-ਪੁਰਜਾ ਹੁੰਦਿਆਂ ਵੇਖਿਆ। ਉਨ੍ਹਾਂ ਦਾ ਬੀਰ-ਰਸੀ ਖ਼ੂਨ ਖੌਲਿਆ, ਸੀਨਾ ਉਭਰਿਆ ਅਤੇ ਡੌਲੇ ਫਰਕੇ। ਬੜੇ ਦਾਈਏ ਤੇ ਜ਼ੇਰੇ ਨਾਲ ਗੁਰੂਪਿਤਾ ਨੂੰ ਬੇਨਤੀ ਕੀਤੀ : "ਸੱਚੇ ਪਾਤਸ਼ਾਹ! ਹੁਣ ਮੇਰੇ ਲਈ ਵੀ ਸਮਾਂ ਆ ਗਿਆ ਹੈ ਇਸ ਧਰਮ-ਯੁੱਧ ਵਿਚ ਸ਼ਾਮਲ ਹੋਣ ਦਾ, ਇਨ੍ਹਾਂ ਮਰਜੀਵੜਿਆਂ ਵਾਂਗ ਇਸ ਰਣਭੂਮੀ ਵਿਚ ਕੁੱਦਣ ਤੇ ਜੂਝਣ ਦਾ। ਹੁਣ ਮੈਨੂੰ ਵੀ ਆਗਿਆ ਤੇ ਅਸੀਸ ਨਾਲ ਨਿਵਾਜੋ ਤਾਂ ਜੋ ਮੈਂ ਵੀ ਇਨ੍ਹਾਂ ਬਾਕੀ ਰਹਿੰਦੇ ਜਾਨਬਾਜ਼ਾਂ ਦੇ ਸਿਦਕੀ ਤੇ ਮਜ਼ਬੂਤ ਮੋਢਿਆਂ ਨਾਲ ਆਪਣੇ ਜਵਾਨ ਮੋਢੇ ਜੋੜ ਕੇ ਆਪਣਾ ਫਰਜ਼ ਨਿਭਾ ਸਕਾਂ।" ਰਵਾਇਤ ਦੱਸਦੀ ਹੈ ਕਿ ਗੁਰੂ-ਪਿਤਾ ਨੇ ਬੜੇ ਰਮਜ਼ ਭਰੇ ਲਹਿਜ਼ੇ ਵਿਚ ਆਖਿਆ, "ਮੇਰੇ ਸੂਰਬੀਰ ਨੌਨਿਹਾਲ! ਅਜਿਹੀ ਫਰਜ਼-ਅਦਾਇਗੀ ਦਾ ਮੌਕਾ ਤੈਨੂੰ ਵੀ ਜ਼ਰੂਰ ਮਿਲੇਗਾ। ਪਰ ਅਜੇ ਤੇਰੀ ਉਮਰ ਇਸ ਦੇ ਹਾਣ ਦੀ ਨਹੀਂ ਜਾਪਦੀ।"

ਕਹਿੰਦੇ ਹਨ, ਸਾਹਿਬਜ਼ਾਦਾ ਅਜੀਤ ਸਿੰਘ ਨੇ ਦੋਵੇਂ ਹੱਥ ਜੋੜ ਕੇ ਸਨਿਮਰ ਅਰਜ਼ ਕੀਤੀ: "ਸੱਚੇ ਪਾਤਸ਼ਾਹ ਮੇਰੀ ਉਮਰ ਆਪ ਜੀ ਦੀ ਉਸ ਸਮੇਂ ਦੀ ਉਮਰ ਤੋਂ ਹੁਣ ਦੂਣੀ ਹੋ ਗਈ ਹੈ ਜਿਸ ਨਿੱਕੀ ਜਿਹੀ ਉਮਰ ਵਿਚ ਆਪ ਜੀ ਨੇ ਆਪਣੇ ਮੁਬਾਰਕ ਗੁਰੂਪਿਤਾ ਅਤੇ ਮੇਰੇ ਪਾਵਨ ਦਾਦਾ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਨੂੰ ਸ਼ਹਾਦਤ ਦਾ ਜਾਮ ਪੀਣ ਲਈ, ਖ਼ੁਦ ਆਪ ਪ੍ਰੇਰਿਆ ਤੇ ਤੋਰਿਆ ਸੀ। ਅਕਾਲ ਪੁਰਖ ਦੀ ਮਿਹਰ ਤੇ ਆਪ ਦੀ ਅਸੀਸ ਸਦਕਾ ਮੈਂ ਆਪ ਜੀ ਨੂੰ ਯਕੀਨ ਦੁਆਉਂਦਾ ਹਾਂ ਕਿ ਮੇਰੀ ਉਮਰ ਮੇਰੇ ਕਰਤੱਵ

ਦੀ ਪਾਲਣਾ ਵਿਚ ਕਿਤੇ ਕੋਈ ਰੋਕ ਨਹੀਂ ਪਾ ਸਕੇਗੀ।" 'ਬੇਕਸਾਂ ਰਾ ਯਾਰ' ਗੁਰੂ-ਪਿਤਾ ਨੇ ਜਦੋਂ ਆਪਣੇ ਭਰ-ਜਵਾਨ ਤੇ ਬਲਵਾਨ ਪੁੱਤਰ ਵੱਲ ਭਰਵੀਂ ਤੇ ਜਲਾਲੀ ਨਜ਼ਰ ਨਾਲ ਵੇਖਿਆ ਤਾਂ ਕਹਿੰਦੇ ਹਨ, ਉਸ ਕਥਨੀ ਤੇ ਕਰਨੀ ਦੇ ਸੂਰੇ ਨੌਨਿਹਾਲ ਨੇ ਆਪਣੀ ਹਿੱਕ ਥਾਪੜ ਕੇ ਆਖਿਆ, "ਸੱਚੇ ਪਾਤਸ਼ਾਹ! ਮੈਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਨਕੜਪੋਤਾ ਹਾਂ; ਮੈਂ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦਾ ਪੜਪੋਤਾ ਹਾਂ; ਮੈਂ ਮਹਾਨ ਬਲੀਦਾਨੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ ਪੋਤਾ ਹਾਂ, ਮੈਂ ਪੰਥ ਦੇ ਵਾਲੀ ਤੇ ਚੜ੍ਹਦੀ ਕਲਾ ਦੇ ਪੁੰਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਲੇਠਾ ਪੁੱਤਰ ਹਾਂ; ਮੈਂ ਮਾਤਾ ਸੁੰਦਰੀ ਜੀ ਦਾ ਲਾਲ ਅਤੇ ਮਾਤਾ ਗੁਜਰੀ ਜੀ ਦਾ ਨੌਨਿਹਾਲ ਹਾਂ। ਮੈਂ ਆਪਣੇ ਫਰਜ਼ ਦੀ ਅਦਾਇਗੀ ਵਿਚ ਕੋਈ ਆਂਚ ਨਹੀਂ ਆਉਣ ਦਿਆਂਗਾ, ਮੈਂ ਗੁਰੂ ਨਾਨਕ ਦੇ ਦਰ-ਘਰ ਨੂੰ ਲੀਕ ਨਹੀਂ ਲੱਗਣ ਦਿਆਂਗਾ, ਮੈਂ ਖ਼ਾਲਸੇ ਦੀ ਚਿੱਟੀ ਚਾਦਰ ਨੂੰ ਕਦੇ ਦਾਗ਼ੀ ਨਹੀਂ ਹੋਣ ਦਿਆਂਗਾ। ਮੇਰਾ ਤਾਂ ਨਾਂ ਹੀ ਆਪ ਨੇ 'ਅਜੀਤ ਸਿੰਘ' ਰੱਖਿਆ ਹੈ ਜਿਸ ਦਾ ਭਾਵ 'ਨਾ ਜਿੱਤਿਆ ਜਾ ਸਕਣ ਵਾਲਾ ਸ਼ੇਰ' ਹੈ। ਮੈਂ ਫਿਰ ਯਕੀਨ ਦੁਆਉਂਦਾ ਹਾਂ ਕਿ ਆਪ ਦੀ ਦੱਸੀ ਹੋਈ ਪ੍ਰਤਿੱਗਿਆ ਅਨੁਸਾਰ, ਮੈਂ ਵੈਰੀ ਤੋਂ ਕਦੇ ਨਹੀਂ ਡਰਾਂਗਾ ਅਤੇ ਆਪ ਦੇ ਫ਼ਰਮਾਨ ਮੁਤਾਬਕ 'ਨਿਸਚੈ ਕਰ ਅਪਨੀ ਜੀਤ' ਲੜਾਂਗਾ। ਅੱਵਲ ਤਾਂ ਮੈਨੂੰ ਕੋਈ ਜਿੱਤ ਨਹੀਂ ਸਕੇਗਾ ਪਰ ਜੇ ਕਦੇ ਕੋਈ ਮੇਰੇ ਉੱਤੇ ਭਾਰੂ ਹੋ ਗਿਆ ਤਾਂ ਹਾਰਿਆ ਹੋਇਆ ਮੂੰਹ ਵਿਖਾਉਣ ਲਈ ਰਣਭੂਮੀ ਤੋਂ ਜੀਂਦਾ ਕਦੇ ਨਹੀਂ ਮੁੜਾਂਗਾ।" ਮਿਰਜ਼ਾ ਮੁਹੰਮਦ ਅਬਦੁਲ ਦੇ ਲਫਜ਼ਾਂ ਵਿਚ....

*ਮੁਝ ਕੋ ਭੀ ਦੀਜੇ ਹੁਕਮ, ਕਿ ਜੌਹਰ ਦਿਖਾਊਂ ਮੈਂ।*
*ਜਾਏ ਬਲਾ ਸੇ ਜਾਨ ਪੇ, ਵਾਪਸ ਨ ਆਊਂ ਮੈਂ।...*
*ਨਾਮ ਕਾ ਅਜੀਤ ਹੂੰ, ਜੀਤਾ ਨਾ ਜਾਊਂਗਾ।*
*ਜੀਤਾ ਤੋ ਖ਼ੈਰ ਹਾਰ ਕੇ, ਜੀਤਾ ਨਾ ਆਊਂਗਾ।* *(ਜੌਹਰਿ ਤੇਗ)*

ਸਾਹਿਬਜ਼ਾਦਾ ਅਜੀਤ ਸਿੰਘ ਨੇ ਇਸ ਐਲਾਨ ਤੇ ਇਕਰਾਰ ਨੂੰ ਚਮਕੌਰ ਦੇ ਰਣਤੱਤੇ ਵਿਚ ਜੂਝ ਕੇ ਜਿਵੇਂ ਸੱਚ ਕਰ ਵਿਖਾਇਆ, ਉਸ ਦਾ ਜ਼ਿਕਰ ਕਰਦਿਆਂ ਹਕੀਮ ਅੱਲਾ ਯਾਰ ਖਾਂ ਜੋਗੀ ਨੇ ਲਿਖਿਆ ਹੈ:

*ਜਿਸ ਸੱਮਤ ਗਯਾ, ਰਣ ਕਾ ਯਿਹ ਨਕਸ਼ਾ ਬਦਲ ਆਇਆ।*
*ਪਲਟਨ ਪਲਟ ਆਇਆ, ਯਿਹ ਰਸਾਲਾ ਕੁਚਲ ਆਇਆ।*
*(ਗੰਜਿ ਸ਼ਹੀਦਾਂ, ੯੨)*

ਉਸ ਦੀ ਅਜਿਹੀ ਸੂਰਬੀਰਤਾ ਤੇ ਚੜ੍ਹਦੀ ਕਲਾ ਨੂੰ ਵੇਖ ਕੇ, ਗੜ੍ਹੀ ਤੋਂ ਕਮਾਨ ਕਰ ਰਹੇ ਗੁਰੂ-ਪਿਤਾ ਨੇ ਜੋ ਸ਼ਾਬਾਸ਼ ਭੇਜੀ, ਉਸ ਨੂੰ ਵੀ ਉਨ੍ਹਾਂ ਨੇ ਇਉਂ ਕਾਨੀਬੰਦ ਕੀਤਾ ਹੈ:

*ਸ਼ਾਬਾਸ਼ ਪਿਸਰ ਖ਼ੂਬ ਦਲੇਰੀ ਸੇ ਲੜੇ ਹੋ!*

*ਹਾਂ, ਕਿਉਂ ਨ ਹੋ ਗੋਬਿੰਦ ਕੇ ਫ਼ਰਜ਼ੰਦ ਬੜੇ ਹੋ!!* *(ਗੰਜਿ ਸ਼ਹੀਦਾਂ)*

ਮਹਾਨ ਪਿਤਾ ਦੇ ਇਸ ਮਹਾਨ ਸਪੁੱਤਰ ਨੇ ਆਪਣੇ ਗੁਰੂ-ਪਿਤਾ ਜੀ ਦੇ ਹੀ ਹੇਠ ਲਿਖੇ ਨਿਸਚੇ ਤੇ ਪ੍ਰਣ ਨੂੰ ਅਮਲੀ ਜਾਮਾ ਪੁਆਉਂਦਿਆਂ, ਉਨ੍ਹਾਂ ਦੇ ਵੇਖਦੇ-ਵੇਖਦੇ ਬੀਰ ਬਹਾਦਰਾਂ ਵਾਂਗ ਸਨਮੁਖ ਲੜ ਕੇ ਆਪਣੇ ਆਪ ਨੂੰ ਦੇਸ਼-ਕੌਮ ਤੇ ਧਰਮ-ਕਰਮ ਦੀ ਦਰਵੱਟਵੀਂ ਉੱਤੇ ਇਉਂ ਨਿਛਾਵਰ ਕਰ ਦਿੱਤਾ:

*ਜਬ ਆਵ ਕੀ ਅਉਧ ਨਿਦਾਨ ਬਨੈ*
*ਅਤ ਹੀ ਰਨ ਮੈ ਤਬ ਜੂਝ ਮਰੋਂ ॥* *(ਚੰਡੀ ਚਰਿਤ੍ਰ)*

ਅਤੇ ਉਸ ਦੇ ਮਹਾਂਬਲੀ ਤੇ 'ਏਜ਼ਦੀ ਮਨਜ਼ੂਰ' ਪਿਤਾ ਨੇ ਅਕਾਲ ਪੁਰਖ ਦੀ ਇਸ ਮਿਹਰ ਦਾ ਸ਼ੁਕਰੀਆ ਅਦਾ ਕਰਦਿਆਂ ਬਰਮਲਾਅ ਆਖਿਆ:

*ਮੁਝ ਪਰ ਸੇ ਆਜ ਤੇਰੀ, ਅਮਾਨਤ ਅਦਾ ਹੁਈ।*
*ਬੇਟੇ ਕੀ ਜਾਨ ਧਰਮ ਕੀ ਖਾਤਰ ਫਿਦਾ ਹੁਈ।* *(ਜ਼ੋਹਰਿ ਤੇਗ)*

੮ ਪੋਹ, ੧੭੬੧ ਬਿ: (੧੭੦੪ ਈ.) ਨੂੰ ਅੱਖੀਂ-ਡਿੱਠੀ ਉਸ ਦੀ ਇਸ ਬੇਜੋੜ ਅਦਾਇਗੀ ਨੇ ਉਸ ਦੇ ਛੋਟੇ ਭਰਾ, ਪੰਦਰਾਂ ਕੁ ਵਰ੍ਹਿਆਂ ਦੇ ਸ਼ਹੀਦੀ-ਮਰਦਾਨਗੀ ਤੇ ਫਰਜ਼ ਦੇ ਪੁਤਲੇ, ਸਾਹਿਬਜ਼ਾਦਾ ਜੁਝਾਰ ਸਿੰਘ ਦੀ ਖ਼ਾਲਸਾਈ ਸਪਿਰਿਟ ਨੂੰ ਵੀ ਪਲੋਪਲੀ ਇੰਨਾ ਉਤੇਜਿਤ ਕਰ ਦਿੱਤਾ ਕਿ ਉਸ ਨੇ ਵੀ, ਅੱਲਾ ਯਾਰ ਖਾਂ ਦੇ ਲਫ਼ਜ਼ਾਂ ਵਿਚ, ਦੋਵੇਂ ਹੱਥ ਜੋੜ ਕੇ ਇਉਂ ਬੇਨਤੀ ਕੀਤੀ:

*ਇਸ ਵਕਤ ਕਹਾ ਨੰਨ੍ਹੇਂ ਸੇ ਮਾਸੂਮ ਪਿਸਰ ਨੇ,*
*ਰੁਖ਼ਸਤ ਹਮੇਂ ਦਿਲਵਾਉ ਪਿਤਾ ਜਾਏਂਗੇ ਮਰਨੇ!* *(ਗੰਜਿ ਸ਼ਹੀਦਾਂ)*

ਨੌਜਵਾਨ ਬੇਟਿਆਂ ਦੀ ਅਜਿਹੀ ਸੂਰਬੀਰਤਾ ਤੇ ਮੂੰਹ-ਮੰਗੀ ਸ਼ਹਾਦਤ ਨੇ ਗੁਰੂਪਿਤਾ ਦੇ ਨਿਸਚੇ ਨੂੰ ਵੀ ਮਾਨੋ ਹੋਰ ਦ੍ਰਿੜ੍ਹ ਕਰ ਦਿੱਤਾ, ਉਨ੍ਹਾਂ ਦੀ ਚੜ੍ਹਦੀ ਕਲਾ ਵਾਲੀ ਸਪਿਰਿਟ ਹੋਰ ਪ੍ਰਜਵੱਲਤ ਹੋ ਗਈ... ਇੰਨੀ ਤੇ ਅਜਿਹੀ ਕਿ ਸਮੇਂ ਦੀ ਸਭ ਤੋਂ ਵੱਡੀ ਸਲਤਨਤ ਦੇ ਸ਼ਹਿਨਸ਼ਾਹ ਔਰੰਗਜ਼ੇਬ ਨੂੰ ਉਸ ਦੀ ਨੀਚਤਾ ਤੇ ਕਾਇਰਤਾ ਦਾ ਅਹਿਸਾਸ ਕਰਾਉਣ ਅਤੇ ਆਪਣੀ ਚੜ੍ਹਦੀ-ਕਲਾ ਦੇ ਜਲੌ ਦਰਸਾਉਣ ਲਈ, ਉਨ੍ਹਾਂ ਨੇ ਇਕ ਇਨਕਲਾਬੀ ਚਿੱਠੀ ਰਾਹੀਂ ਵੰਗਾਰਦਿਆਂ ਤੇ ਲਲਕਾਰਦਿਆਂ ਆਖਿਆ :

*ਚੇ ਸ਼ੁਦ ਗਰ ਸ਼ਗਾਲੇ ਬ ਮਕਰੋ ਰਿਆ॥*
*ਹਮੀਂ ਕੁਸ਼ਤ ਦੋ ਬੱਚਾਏ ਸ਼ੇਰ ਰਾ॥*
*ਚੂੰ ਸ਼ੇਰੇ ਜ਼ਿਆਂ ਜ਼ਿੰਦਾ ਮਾਂਨਦ ਹਮੇਂ॥*
*ਜ਼ਤੂ ਇੰਤਕਾਮੇ ਸਤਾਨਦ ਹਮੇਂ॥* *(ਫ਼ਤਹਨਾਮਾ ਕ੍ਰਿਤ ਗੁਰੂ ਗੋਬਿੰਦ ਸਿੰਘ)*

ਅਰਥਾਤ : ਕੀ ਹੋਇਆ ਜੇ ਇਕ ਗਿੱਦੜ ਨੇ ਸ਼ੇਰ ਦੇ ਦੋ ਬੱਚਿਆਂ ਨੂੰ ਧੋਖੇ ਤੇ ਧ੍ਰੋਹ ਨਾਲ ਮਾਰ ਦਿੱਤਾ ਹੈ? ਸ਼ੇਰ ਅਜੇ ਜੀਉਂਦਾ ਹੈ ਅਤੇ ਉਨ੍ਹਾਂ ਦੇ ਅਦਲੇ-ਬਦਲੇ ਗਿਣ ਕੇ ਲੈ ਸਕਦਾ ਹੈ।"

ਔਰੰਗਜ਼ੇਬ ਨੂੰ ਜੋ ਚਿੱਠੀ ਗੁਰੂ ਸਾਹਿਬ ਨੇ ਲਿਖੀ ਉਸ ਵਿਚ ਉਸ ਦੇ ਫੌਜਦਾਰਾਂ ਦੇ ਵਿਸਾਹਘਾਤ ਤੇ ਚਮਕੌਰ ਵਿਚ ਜੂਝੇ ਉਕਤ ਗਿਣਵੇਂ ਸਾਥੀਆਂ ਦੀ ਜਾਨਬਾਜ਼ੀ ਦਾ ਜ਼ਿਕਰ ਕਰਦਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੜੇ ਮਾਣ ਨਾਲ ਆਖਿਆ: "ਜੇ ਮੈਂ ਤੁਹਾਡੀਆਂ ਕੁਰਾਨ ਉੱਤੇ ਹੱਥ ਰੱਖ ਕੇ ਚੁੱਕੀਆਂ ਸਹੁੰਆਂ ਉੱਤੇ ਇਤਬਾਰ ਨਾ ਕਰਦਾ, ਤਾਂ ਮੈਂ ਜਾਨ ਨਾਲੋਂ ਵੀ ਪਿਆਰੀ ਸੈਨਾ ਨੂੰ ਇਉਂ ਬਰਬਾਦ ਨਾ ਕਰਾਉਂਦਾ। ਆਖ਼ਰ ਚਾਲੀ ਭੁੱਖੇ ਤੇ ਨਿਹੱਥੇ, ਬੇਬਸ ਤੇ ਬੇਖ਼ਬਰ ਬੰਦੇ ਤੁਹਾਡੀ ਦਸ-ਲੱਖੀ ਹਥਿਆਰਬੰਦ ਸੈਨਾ ਦੇ ਅਚਾਨਕ ਤੇ ਵਿਸਾਹਘਾਤੀ ਹੱਲੇ ਸਾਹਵੇਂ ਕੀ ਕਰ ਸਕਦੇ ਸਨ?"

*ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ।*
*ਕਿ ਦਹ ਲੱਕ ਬਿਆਯਦ ਬਰੋ ਬੇਖ਼ਬਰ।* *(ਜ਼ਫ਼ਰਨਾਮਾ)*

"ਫਿਰ ਵੀ ਉਹ ਅੰਤਲੇ ਸੁਆਸਾਂ ਤਕ ਲੜੇ। ਕਿਸੇ ਨੇ ਈਨ ਨਾ ਮੰਨੀ, ਕਿਸੇ ਨੇ ਪਿੱਠ ਨਾ ਵਿਖਾਈ। ਅਜਿਹੀ ਹਾਲਤ ਵਿਚ ਮੈਨੂੰ ਆਪ ਤਲਵਾਰ ਸੂਤ ਕੇ ਮੈਦਾਨ ਵਿਚ ਨਿੱਤਰਨ ਤੋਂ ਸਿਵਾ ਹੋਰ ਕੋਈ ਚਾਰਾ ਨਜ਼ਰ ਨਾ ਆਇਆ ਤੇ ਇਹ ਹੈ ਵੀ ਯੋਗ, ਕਿਉਂਕਿ ਜਦੋਂ ਕੋਈ ਸਥਿਤੀ ਸਫ਼ਾਈ ਤੇ ਸੁਲਾਹਕੁਲੀ ਦੇ ਸਾਰੇ ਹੀਲੇ ਵਰਤਿਆਂ ਵੀ ਸੁਧਰ ਨਾ ਸਕੇ ਅਤੇ ਵੈਰੀ ਆਪਣੀ ਬਦਨੀਤੀ ਤੋਂ ਟਲਦਾ ਨਜ਼ਰ ਨਾ ਆਏ, ਤਾਂ ਮਰਦਾਂ ਵਾਂਗ ਤਲਵਾਰ ਨੂੰ ਵਰਤਣਾ ਤੇ ਜੂਝਣਾ ਧਰਮ ਹੋ ਜਾਂਦਾ ਹੈ।"

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ*
*ਹਲਾਲੱਸਤ ਬੁਰਦਨ ਬ ਸ਼ਮਸ਼ੀਰ ਦਸਤ।* *(ਜ਼ਫ਼ਰਨਾਮਾ)*

ਸੋ, ਚਮਕੌਰ ਸਾਹਿਬ ਦਾ ਉਪਰੋਕਤ ਧਰਮ-ਯੁੱਧ ਸਿੱਖ ਇਤਿਹਾਸ ਦਾ ਇਕ ਵੱਡਾ ਮੋੜ ਸਿੱਧ ਹੋਇਆ, ਬੀਰ ਨਾਇਕ ਸਾਹਿਬਜ਼ਾਦਾ ਅਜੀਤ ਸਿੰਘ ਦੀ ਪਾਈ ਲਲਕਾਰ ਤੇ ਦਿੱਤੀ ਸ਼ਹਾਦਤ ਨੇ ਸਿੱਖ-ਸੰਘਰਸ਼ ਲਈ ਅਜਿਹੇ ਪੂਰਨੇ ਪਾ ਦਿੱਤੇ ਜੋ ਸਿੱਖ ਸਰੂਪ ਤੇ ਖ਼ਾਲਸਾਈ ਸਪਿਰਿਟ ਨੂੰ ਬਰਕਰਾਰ ਰੱਖਣ ਲਈ ਸਦਾ ਇਕ ਰਾਹ-ਦਸੇਰੇ ਤੇ ਚਾਨਣ-ਮੁਨਾਰੇ ਦਾ ਕੰਮ ਕਰਦੇ ਰਹੇ ਹਨ। ■

## ਜ਼ਿਲ੍ਹਾ ਮੋਗਾ ਵਿਖੇ ਅੰਮ੍ਰਿਤ-ਸੰਚਾਰ

ਭਾਈ ਬਲਵਿੰਦਰ ਸਿੰਘ ਪ੍ਰਚਾਰਕ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਗੁਰਦੁਆਰਾ ਪਾਤਸ਼ਾਹੀ ਪਹਿਲੀ, ਛੇਵੀਂ ਅਤੇ ਦਸਵੀਂ ਗੁਰਦੁਆਰਾ ਤਖਤੂਪੁਰਾ ਸਾਹਿਬ, ਜ਼ਿਲ੍ਹਾ ਮੋਗਾ ਵਿਖੇ ੩੦ ਜੁਲਾਈ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੪੧ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

# ਵੱਡਾ ਘੱਲੂਘਾਰਾ:
# ਖਾਲਸੇ ਦੀ ਚੜ੍ਹਦੀ ਕਲਾ ਦੀ ਗਾਥਾ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਦੁਨੀਆ ਵਿਚ ਜਿੱਧਰ ਕਿਧਰੇ ਵੀ ਇਨਕਲਾਬ ਆਇਆ ਹੈ, ਭਾਵੇਂ ਇਹ ਰਾਜਨੀਤਿਕ, ਆਰਥਿਕ, ਸਭਿਆਚਾਰਕ ਜਾਂ ਧਾਰਮਿਕ ਸੀ ਹਰ ਵਾਰ ਇਨਕਲਾਬੀਆਂ ਨੂੰ ਬਹੁਤ ਕੁਰਬਾਨੀਆਂ ਕਰਨੀਆਂ ਪਈਆਂ ਹਨ। ਦੁਨੀਆ ਵਿਚ ਮੁਕੰਮਲ ਇਨਕਲਾਬ ਜੇਕਰ ਕੋਈ ਆਇਆ ਤਾਂ ਉਹ ਸਿੱਖ ਇਨਕਲਾਬ ਸੀ। ਇਸ ਇਨਕਲਾਬ ਦਾ ਮੁੱਢ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬੰਨ੍ਹਿਆ ਅਤੇ ਇਸ ਇਨਕਲਾਬ ਲਈ ਸਿੱਖ ਫ਼ਿਲਾਸਫ਼ੀ ਜਿਸ ਨੂੰ ਗੁਰਮਤਿ ਵਿਚਾਰਧਾਰਾ ਕਿਹਾ ਜਾਂਦਾ ਹੈ, ਪ੍ਰਦਾਨ ਕੀਤੀ ਅਤੇ ਇਹ ਵਿਚਾਰਧਾਰਾ ਜੀਵਨ ਵਿਚ ਢਾਲ ਕੇ ਲੋਕਾਂ ਸਾਹਮਣੇ ਅਮਲੀ ਰੂਪ ਵਿਚ ਪੇਸ਼ ਕੀਤੀ। ਇਹ ਵਿਚਾਰਧਾਰਾ ਸੀ ਇਕ ਨਵਾਂ ਸਮਾਜ ਸਿਰਜਣ ਦੀ, ਇਕ ਨਵੀਂ ਆਰਥਿਕ ਪ੍ਰਣਾਲੀ ਵਿਕਸਤ ਕਰਨ ਦੀ, ਇਕ ਸਰਬ-ਪ੍ਰਵਾਨਿਤ ਅਤੇ ਸਰਬ-ਕਲਿਆਣੀ ਧਰਮ ਪੇਸ਼ ਕਰਨ ਦੀ ਅਤੇ ਇਕ ਹਲੇਮੀ ਰਾਜ ਸਥਾਪਤ ਕਰਨ ਦੀ ਅਰਥਾਤ ਲੋਕਾਂ ਨੂੰ ਨਾਮ ਜਪਣ, ਕਿਰਤ ਕਰਨ, ਵੰਡ ਛਕਣ, ਸਵੈਮਾਣ, ਚੜ੍ਹਦੀ ਕਲਾ, ਸਾਂਝੀਵਾਲਤਾ, ਤਿਆਗਸ਼ੀਲਤਾ ਅਤੇ ਸੰਜਮ ਨਾਲ ਜੀਵਨ ਜੀਉਣ ਦੀ ਜੁਗਤਿ।

ਗੁਰੂ ਸਾਹਿਬਾਨ ਨੇ ਅਤੇ ਉਨ੍ਹਾਂ ਦੇ ਸਿੱਖਾਂ ਨੇ ਮਹਾਨ ਲਾਮਿਸਾਲ ਕੁਰਬਾਨੀਆਂ ਕੀਤੀਆਂ। ਇਤਨੀ ਛੋਟੀ ਉਮਰ ਅਤੇ ਗਿਣਤੀ ਦੇ ਬਾਵਜੂਦ ਜੋ ਕੁਰਬਾਨੀਆਂ ਸਿੱਖ ਕੌਮ ਨੇ ਕੀਤੀਆਂ ਉਸ ਦੀ ਮਿਸਾਲ ਕਿਤੇ ਵੀ ਨਹੀਂ ਮਿਲਦੀ, ਦੇਗਾਂ ਵਿਚ ਉਬਲਣ ਦੀ, ਆਰਿਆਂ ਨਾਲ ਚੀਰੇ ਜਾਣ ਦੀ, ਜਿਊਂਦੇ-ਜੀਅ ਭੱਠਾਂ ਵਿਚ ਝੋਕੇ ਜਾਣ ਦੀ, ਤੱਤੀਆਂ ਤਵੀਆਂ ਉੱਤੇ ਬੈਠਣ ਦੀ, ਰੰਬੀਆਂ ਨਾਲ ਖੋਪਰ ਲੁਹਾਉਣ ਦੀ, ਬੰਦ-ਬੰਦ ਕਟਵਾਉਣ ਆਦਿ ਦੀ।

ਇਸ ਤਰ੍ਹਾਂ ਜੋ ਜੰਗ-ਯੁੱਧ ਖਾਲਸਾ ਪੰਥ ਉੱਤੇ ਠੋਸੇ ਗਏ ਉਨ੍ਹਾਂ ਵਿਚ ਜੋ ਜੌਹਰ ਖਾਲਸੇ ਨੇ ਵਿਖਾਏ ਉਨ੍ਹਾਂ ਦੀ ਮਿਸਾਲ ਦੁਨੀਆ ਦੇ ਜੰਗਾਂ-ਯੁੱਧਾਂ ਵਿਚ ਕਿਧਰੇ ਨਹੀਂ ਮਿਲਦੀ। ਖਾਲਸੇ ਦੀ ਇਹ ਵੀ ਵਿਲੱਖਣਤਾ ਰਹੀ ਕਿ ਉਹ ਆਪ ਕਦੇ ਖੁਦ ਹਮਲਾਵਰ ਨਹੀਂ ਹੋਇਆ। ਉਸ ਨੇ ਆਪਣੇ ਉੱਤੇ ਕੀਤੇ ਗਏ ਹਮਲਿਆਂ ਦਾ ਮੂੰਹ-ਤੋੜ ਜਵਾਬ ਜ਼ਰੂਰ ਦਿੱਤਾ।

ਚਮਕੌਰ ਦੀ ਗੜ੍ਹੀ ਅਤੇ ਖਿਦਰਾਣੇ ਦੀ ਢਾਬ ਦੀਆਂ ਅਸਾਵੀਆਂ ਅਤੇ ਬੇਜੋੜ ਜੰਗਾਂ ਵਿਚ ਜਿੱਥੇ ੪੦-੪੦ ਸਿੰਘਾਂ ਨੇ ਦੁਸ਼ਮਣ ਦੇ ਮੁਲਖਈਏ ਦਾ ਪੂਰੀ ਸ਼ਕਤੀ ਅਤੇ

*ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੮-੦੫੧੦੦

ਚੜ੍ਹਦੀ ਕਲਾ ਨਾਲ ਟਾਕਰਾ ਕੀਤਾ ਅਤੇ ਜੇਤੂ ਹੋ ਕੇ ਨਿਕਲੇ, ਇਹ ਮਿਸਾਲ ਕਿਧਰੇ ਨਹੀਂ ਮਿਲਦੀ। ਇਸ ਤਰ੍ਹਾਂ ਇਹ ਵੀ ਖਾਲਸੇ ਦੀ ਵਿਲੱਖਣਤਾ ਸੀ ਕਿ ਬਹੁਤ ਵੱਡੇ ਜਾਨੀ ਤੇ ਮਾਲੀ ਨੁਕਸਾਨ ਹੋਣ ਉੱਤੇ ਵੀ ਖਾਲਸਾ ਪੂਰੀ ਤਰ੍ਹਾਂ ਚੜ੍ਹਦੀ ਕਲਾ ਵਿਚ ਰਿਹਾ। ੧੭੪੬ ਈ. ਦਾ ਕਾਹਨੂੰਵਾਨ ਛੰਭ ਦਾ ਛੋਟਾ ਘੱਲੂਘਾਰਾ ਇਸ ਦੀ ਇਕ ਪ੍ਰਤੱਖ ਮਿਸਾਲ ਹੈ ਪਰੰਤੂ ੧੭੬੨ ਈ. ਦਾ ਕੁੱਪ ਰੋਹੀੜੇ ਦਾ ਵੱਡਾ ਘੱਲੂਘਾਰਾ ਜਿਸ ਵਿਚ ਤਕਰੀਬਨ ੩੦ ਹਜ਼ਾਰ ਸਿੰਘ, ਸਿੰਘਣੀਆਂ ਅਤੇ ਬੱਚੇ ਸ਼ਹੀਦ ਹੋਏ, ਆਪਣੇ ਆਪ ਵਿਚ ਅੱਜ ਤੀਕ ਇਕ ਅਸਚਰਜ ਕਰਨ ਵਾਲੀ ਇਤਿਹਾਸਿਕ ਘਟਨਾ ਹੈ। ਇਕ ਦਿਨ ਵਿਚ ਏਡਾ ਵੱਡਾ ਜਾਨੀ ਮਾਲੀ ਨੁਕਸਾਨ ਹੋ ਜਾਣ ਉਪਰੰਤ ਵੀ ਖਾਲਸੇ ਨੇ ਜੋ ਚੜ੍ਹਦੀ ਕਲਾ, ਦ੍ਰਿੜ੍ਹਤਾ ਅਤੇ 'ਨਿਸਚੈ ਕਰਿ ਅਪੁਨੀ ਜੀਤ ਕਰੋਂ' ਦਾ ਜਿਹੜਾ ਸਬੂਤ ਦਿੱਤਾ ਉਹ ਦੁਨੀਆ ਦੀ ਕੋਈ ਕੌਮ ਜਾਂ ਵੱਡੇ-ਵੱਡੇ ਜਰਨੈਲ ਸਿਕੰਦਰ ਮਹਾਨ, ਨੈਪੋਲੀਅਨ ਬੋਨਾਪਾਰਟ, ਹਿਟਲਰ ਆਦਿ ਵਰਗੇ ਵੀ ਨਹੀਂ ਦੇ ਸਕੇ ਅਤੇ ਇਹ ਸਭ ਹੀ ਹਾਰ ਕੇ ਗਏ ਪਰੰਤੂ ਖਾਲਸਾ ਜੇਤੂ ਹੋ ਕੇ ਨਿਕਲਿਆ।

ਵੱਡੇ ਘੱਲੂਘਾਰੇ ਵਿਚ ਅਬਦਾਲੀ ਦੀਆਂ ਫੌਜਾਂ, ਮਲੇਰਕੋਟਲੇ ਦੀਆਂ ਫੌਜਾਂ, ਰਾਏਕੋਟੀਏ ਦੀਆਂ ਫੌਜਾਂ, ਸਰਹਿੰਦ ਦੀਆਂ ਫੌਜਾਂ ਵੱਲੋਂ ਇੱਕੋ ਸਮੇਂ ਖਾਲਸੇ ਨੂੰ ਘੇਰਾ ਘੱਤ ਕੇ ਮੁਕੰਮਲ ਰੂਪ ਵਿਚ ਖ਼ਤਮ ਕਰਨ ਦੀ ਸਾਜ਼ਿਸ਼ ਸੀ ਪਰੰਤੂ ਖਾਲਸਾ ਪੰਥ ਨੇ ਸੁਲਤਾਨ-ਉਲ-ਕੌਮ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਕਮਾਨ ਹੇਠ ਜਿਸ ਤਰ੍ਹਾਂ ਸੂਰਬੀਰਤਾ ਦੇ ਜੌਹਰ ਵਿਖਾਏ, ਉਨ੍ਹਾਂ ਨੂੰ ਪੜ੍ਹ-ਸੁਣ ਕੇ ਵੱਡੇ-ਵੱਡੇ ਇਤਿਹਾਸਕਾਰ ਯੋਧੇ ਜਰਨੈਲ ਸੁੰਨ ਹੋ ਜਾਂਦੇ ਹਨ। ਇਹ ਜੰਗ ਰੋਹੀੜਾ, ਕੁਤਬਾ ਬਾਹਮਣੀਆਂ ਅਤੇ ਗਹਿਲ ਪਿੰਡਾਂ ਦੀ ਸਰਜ਼ਮੀਨ ਉੱਤੇ ਹੋਈ। ੩੦,੦੦੦ ਸ਼ਹੀਦੀਆਂ ਹੋ ਜਾਣ ਤੋਂ ਬਾਅਦ ਵੀ ਜਿਸ ਤਰ੍ਹਾਂ ਖਾਲਸੇ ਨੇ ਮੁਗ਼ਲ ਮੁਲਖਲੀਏ ਉੱਤੇ ਹਮਲਾ ਕੀਤਾ-ਦੁਸ਼ਮਣ ਦੇ ਪੈਰ ਹੀ ਨਹੀਂ ਉਖਾੜੇ ਸਗੋਂ ਭਜਾ-ਭਜਾ ਕੇ ਸਤਲੁਜ ਦਰਿਆ ਤੋਂ ਪਰ੍ਹੇ ਧਕੇਲ ਦਿੱਤਾ।

ਸਿੱਖਾਂ ਦੀ ਵਧਦੀ ਤਾਕਤ ਤੋਂ ਘਬਰਾਇਆ ਅਤੇ ਸਥਾਨਕ ਹਾਕਮਾਂ ਦਾ ਭੜਕਾਇਆ ਅਹਿਮਦ ਸ਼ਾਹ ਅਬਦਾਲੀ ਇਕ ਲੱਖ ਦਾ ਵੱਡਾ ਲਸ਼ਕਰ ਲੈ ਕੇ ੧੭੬੨ ਈ. ਵਿਚ ਪੰਜਾਬ ਪਹੁੰਚਿਆ। ਸਿੱਖਾਂ ਦੇ ਜਥਿਆਂ ਨੇ ਲੁਧਿਆਣੇ ਕੋਲ ਕੁੱਪ ਰੋਹੀੜਾ ਦੇ ਮੈਦਾਨਾਂ ਵਿਚ ਵਹੀਰ ਸਮੇਤ ਡੇਰੇ ਲਾਏ ਹੋਏ ਸਨ। ਉਨ੍ਹਾਂ ਵਿਚ ਬਾਲ-ਬੱਚੇ, ਇਸਤਰੀਆਂ ਤੇ ਬਿਰਧ ਵਿਅਕਤੀ ਵੀ ਸਨ। ਅਹਿਮਦ ਸ਼ਾਹ ਨੇ ਸਿੱਖਾਂ ਦੇ ਦਲ 'ਤੇ ਅਚਾਨਕ ਹਮਲਾ ਕਰ ਦਿੱਤਾ। ਸਿੱਖਾਂ ਨੇ ਵਹੀਰ ਨੂੰ ਮਾਲਵੇ ਵੱਲ ਤੋਰ ਦਿੱਤਾ ਤੇ ਆਪ ਦੁਸ਼ਮਣ ਨਾਲ ਜੰਗ ਕਰਨ ਲੱਗੇ। ਸਿੱਖ ਜੰਗ ਕਰਦੇ ਹੋਏ ਆਪਣੇ ਵਹੀਰ ਵੱਲ ਵਧ ਰਹੇ ਸਨ। ਇਸ ਵੇਲੇ ਇਕ ਪਾਸਿਓਂ ਸਰਹਿੰਦ ਦਾ ਸੂਬਾ ਜੈਨ ਖਾਂ, ਦੂਜੇ ਪਾਸਿਓਂ ਮਲੇਰਕੋਟਲੇ ਦਾ ਨਵਾਬ ਭੀਖਨ ਖਾਂ ਅਤੇ ਰਾਏਕੋਟ ਦਾ ਦੀਵਾਨ ਲਛਮੀ ਸਹਾਏ ਆਪਣੀ-ਆਪਣੀ ਫੌਜ ਤੇ ਹੋਰ ਬੇਸ਼ੁਮਾਰ ਦੇਸੀ ਮੁਸਲਮਾਨ ਲੈ ਕੇ ਆ ਪਹੁੰਚੇ। ਸਿੱਖ

ਚਾਰੇ ਪਾਸਿਉਂ ਘਿਰ ਗਏ ਸਨ। ਉਨ੍ਹਾਂ ਨੇ ਜਾਨ ਤਲੀ 'ਤੇ ਰੱਖ ਕੇ ਲੜਨਾ ਸ਼ੁਰੂ ਕਰ ਦਿੱਤਾ। ਸਰਦਾਰ ਜੱਸਾ ਸਿੰਘ, ਸਰਦਾਰ ਬਘੇਲ ਸਿੰਘ, ਸ਼ੁਕਰਚੱਕੀਏ, ਡੱਲੇਵਾਲੀਏ ਤੇ ਨਿਸ਼ਾਨਵਾਲੀਏ ਸਰਦਾਰ ਆਪਣੇ-ਆਪਣੇ ਜਥਿਆਂ ਨੂੰ ਹੱਲਾ-ਸ਼ੇਰੀ ਦੇ ਕੇ ਲੜਾਉਣ ਲੱਗੇ। ਅਲੀ ਅਜ਼ਾਦ ਬਿਲਗਰਾਮੀ ਦੀ ਲਿਖਤ 'ਖਜ਼ਾਨਾ-ਇ-ਅਮੀਰਾਂ' ਅਨੁਸਾਰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਇਸ ਜੰਗ ਵਿਚ ਅਹਿਮਦ ਸ਼ਾਹ ਅਬਦਾਲੀ ਨੂੰ ਸਾਹਮਣੇ ਹੋ ਕੇ ਲੜਨ ਲਈ ਵੰਗਾਰਿਆ ਪਰ ਉਸ ਦੀ ਅੱਗੋਂ ਹਿੰਮਤ ਨਾ ਪਈ। ਕੁਤਬਾ ਬਾਹਮਣੀ ਦੇ ਕੋਲ ਸਿੰਘ ਜਦੋਂ ਪੂਰੀ ਤਰ੍ਹਾਂ ਗਹਿਗੱਚ ਲੜਾਈ ਵਿਚ ਉਲਝੇ ਹੋਏ ਸਨ ਉਦੋਂ ਅਹਿਮਦ ਸ਼ਾਹ ਨੇ ਧੋਖਾ ਦੇ ਕੇ ਅੱਗੇ ਜਾ ਰਹੇ ਵਹੀਰ 'ਤੇ ਹਮਲਾ ਕਰ ਦਿੱਤਾ ਅਤੇ ਤੇਜ਼ੀ ਨਾਲ ਸਿੱਖ ਬੱਚਿਆਂ ਤੇ ਇਸਤਰੀਆਂ ਨੂੰ ਕਤਲ ਕਰਨ ਲੱਗਿਆ। ਸਰਦਾਰਾਂ ਨੂੰ ਜਦੋਂ ਪਤਾ ਲੱਗਿਆ ਤਾਂ ਉਹ ਵੀ ਸਿੰਘਾਂ ਨੂੰ ਨਾਲ ਲੈ ਕੇ ਵਹੀਰਾਂ ਦੀ ਰਾਖੀ ਲਈ ਆ ਪਹੁੰਚੇ। ਹੁਣ ਉਹ ਵਹੀਰ ਦੇ ਆਲੇ-ਦੁਆਲੇ ਹੋ ਕੇ ਮਨੁੱਖੀ ਕਿਲ੍ਹੇ ਦੀ ਸ਼ਕਲ ਬਣਾ ਕੇ ਲੜਨ ਲੱਗੇ। ਸ਼ਾਮ ਹੋਣ ਤਕ ਬਹੁਤ ਸਾਰੇ ਸਿੱਖ ਸ਼ਹੀਦ ਹੋ ਚੁੱਕੇ ਸਨ। ਦਸ ਮੀਲ ਦੇ ਘੇਰੇ ਵਿਚ ਲੋਥਾਂ ਹੀ ਲੋਥਾਂ ਪਈਆਂ ਸਨ। ਅਨੇਕਾਂ ਜ਼ਖ਼ਮੀ ਹੋਏ ਪਏ ਸਨ। ਸਿੱਖਾਂ ਦਾ ਇੰਨਾ ਜਾਨੀ ਨੁਕਸਾਨ ਕਿਸੇ ਵੀ ਜੰਗ ਵਿਚ ਨਹੀਂ ਸੀ ਹੋਇਆ ਪਰ ਉਹ ਰੱਬ ਦੇ ਭਾਣੇ ਅਤੇ ਚੜ੍ਹਦੀ ਕਲਾ ਵਿਚ ਸਨ। ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਦੇ ਸਰੀਰ ਉੱਤੇ ੨੦ ਤੋਂ ਵੱਧ ਟੱਕ (ਜ਼ਖ਼ਮ) ਲੱਗੇ ਹੋਏ ਸਨ।

ਰਹਰਾਸਿ ਦੇ ਪਾਠ ਤੋਂ ਬਾਅਦ ਖਾਲਸੇ ਨੇ ਰੋਜ਼ ਦੀ ਤਰ੍ਹਾਂ ਅਰਦਾਸ ਕੀਤੀ ਤੇ ਰੱਬ ਦਾ ਸ਼ੁਕਰ ਕਰਦੇ ਹੋਏ ਕਿਹਾ ਕਿ ਚਾਰ ਪਹਿਰ ਦਿਨ ਆਪ ਦੇ ਭਾਣੇ ਵਿਚ ਬਤੀਤ ਹੋਇਆ ਹੈ ਤੇ ਚਾਰ ਪਹਿਰ ਰਾਤ ਸੁਖਾਂ ਦੀ ਬਤੀਤ ਹੋਵੇ। ਪਰ ਉਹ ਰਾਤ ਕਹਿਰ ਦੀ ਰਾਤ ਸੀ। ਚਾਰ-ਚੁਫੇਰੇ ਦੁਸ਼ਮਣ ਡੇਰੇ ਲਾਈ ਬੈਠੇ ਸਨ। ਸਿੰਘਾਂ ਨੂੰ ਨੀਂਦ ਕਿਵੇਂ ਆ ਸਕਦੀ ਸੀ? ਸਿੰਘਾਂ ਨੇ ਗੁਰਮਤਾ ਕੀਤਾ ਕਿ ਬਚਾਅ ਦਾ ਹੁਣ ਇੱਕੋ ਹੀ ਢੰਗ ਹੈ ਕਿ ਅਬਦਾਲੀ 'ਤੇ ਇੱਕੋ ਵਾਰ ਤਕੜਾ ਹਮਲਾ ਬੋਲਿਆ ਜਾਵੇ। ਇਹ ਦਲੇਰੀ ਦੀ ਅਸਚਰਜ ਕਰਨ ਵਾਲੀ ਦਾਸਤਾਨ ਸੀ। ਅਹਿਮਦ ਸ਼ਾਹ ਅਬਦਾਲੀ ਆਪਣਾ ਜ਼ੋਰ ਲਾ ਬੈਠਾ ਸੀ ਅਤੇ ਉਸ ਦੀ ਫੌਜ ਲੰਬਾ ਸਫ਼ਰ ਕਰਨ ਕਰਕੇ ਥੱਕੀ ਹੋਈ ਸੀ। ਉਹ ਸਿੰਘਾਂ ਦੇ ਹਮਲੇ ਦੀ ਤਾਬ ਨਾ ਝੱਲਦਾ ਹੋਇਆ ਪਿੱਛੇ ਨੂੰ ਉੱਠ ਨੱਠਿਆ।

ਹਿੰਦੁਸਤਾਨ ਦੀ ਧਰਤੀ ਹਜ਼ਾਰਾਂ ਸਾਲਾਂ ਤੋਂ ਬਦੇਸ਼ੀ ਹਮਲਾਵਰਾਂ ਦੇ ਪੈਰਾਂ ਥੱਲੇ ਕੁਚਲੀ ਜਾਂਦੀ ਰਹੀ ਹੈ। ੬ਵੀਂ ਸਦੀ ਪੂਰਵ ਈਸਵੀ ਤੋਂ ਹੀ ਇਸ ਉੱਤੇ ਬਦੇਸ਼ੀਆਂ ਦੇ ਹਮਲੇ ਸ਼ੁਰੂ ਹੋ ਗਏ ਸਨ। ਸਿਕੰਦਰ ਨੇ ੩੨੬ ਪੂਰਵ ਈਸਵੀ ਵਿਚ ਹਮਲਾ ਕੀਤਾ ਤੇ ਪੋਰਸ ਨੂੰ ਹਰਾ ਦਿੱਤਾ ਸੀ। ਦੂਜੀ ਸਦੀ ਪੂਰਵ ਈਸਵੀ ਵਿਚ ਇੰਡੋ ਯੁਨਾਨੀਆਂ ਅਤੇ ਬਲਖ ਦੇ ਬੈਕਟੀਰੀਅਨ ਯੂਨਾਨੀਆਂ ਨੇ ਉੱਤਰੀ ਹਿੰਦੁਸਤਾਨ ਉੱਤੇ ਮਥਰਾ ਤਕ ਕਬਜ਼ਾ ਕਰ ਲਿਆ ਸੀ। ਇਸ ਤੋਂ ਪਿੱਛੋਂ ਸ਼ੱਕ, ਪਾਰਸੀ, ਕੁਸ਼ਨ ਤੇ ਕਨਿਸ਼ਕ ਆਦਿ

ਕਬੀਲਿਆਂ ਨੇ ਹਿੰਦੁਸਤਾਨ ਵੱਲ ਮੂੰਹ ਕੀਤਾ। ਪਹਿਲੀ ਸਦੀ ਵਿਚ ਕਨਿਸ਼ਕਾਂ ਦਾ ਕਬਜ਼ਾ ਦੱਖਣ ਵਿਚ ਸਾਂਚੀ ਅਤੇ ਪੂਰਬ ਵਿਚ ਬਨਾਰਸ ਤਕ ਹੋ ਗਿਆ ਸੀ। ੭੧੨ ਈਸਵੀ ਵਿਚ ਮੁਹੰਮਦ ਬਿਨ-ਕਾਸਿਮ ਨੇ ਸਿਰਫ ੨੦੦ ਘੋੜ ਸਵਾਰਾਂ ਨਾਲ ਸਿੰਧ 'ਤੇ ਕਬਜ਼ਾ ਕਰ ਲਿਆ ਸੀ। ੧੦੦੦ ਈ. ਵਿਚ ਇੱਥੇ ਮਹਿਮੂਦ ਗਜ਼ਨਵੀ ਦੇ ਹਮਲੇ ਸ਼ੁਰੂ ਹੋਏ ਜਿਸਨੇ ੨੫ ਸਾਲਾਂ ਵਿਚ ਸਤਾਰ੍ਹਾਂ ਹਮਲੇ ਕੀਤੇ। ੧੧੮੨ ਈ. ਵਿਚ ਮੁਹੰਮਦ ਗੌਰੀ ਨੇ ਲਾਹੌਰ 'ਤੇ ਕਬਜ਼ਾ ਕਰ ਲਿਆ। ੧੧੯੨ ਈ. ਵਿਚ ਉਸ ਨੇ ਪ੍ਰਿਥਵੀ ਰਾਜ ਨੂੰ ਹਰਾ ਕੇ ਪੱਕੇ ਤੌਰ 'ਤੇ ਭਾਰਤ ਉੱਤੇ ਇਸਲਾਮੀ ਰਾਜ ਸਥਾਪਿਤ ਕਰ ਦਿੱਤਾ। ਇਸ ਸਾਰੇ ਸਮੇਂ ਦੌਰਾਨ ਭਾਰਤੀਆਂ ਨੇ ਕਦੇ ਵੀ ਹਮਲਾਵਰਾਂ ਦਾ ਮੂੰਹ-ਤੋੜ ਜਵਾਬ ਨਹੀਂ ਸੀ ਦਿੱਤਾ। ਜੇ ਕਿਤੇ ਥੋੜ੍ਹਾ ਬਹੁਤ ਮੁਕਾਬਲਾ ਕੀਤਾ ਹੈ ਤਾਂ ਛੇਤੀ ਹੀ ਹਾਰ ਮੰਨ ਲਈ ਹੈ। ਵੱਡੇ ਘੱਲੂਘਾਰੇ ਵਿਚ ਸਿੱਖਾਂ ਨੇ ਆਪਣੇ ਤੋਂ ਕਈ ਗੁਣਾ ਵੱਧ ਗਿਣਤੀ ਵਿਚ ਦੁਸ਼ਮਣ ਦਾ ਦਲੇਰੀ ਨਾਲ ਮੁਕਾਬਲਾ ਕੀਤਾ। ਆਪਣੇ ਲੱਗਭਗ ਅੱਧੇ ਸਿੱਖ ਮਾਰੇ ਜਾਣ ਦੇ ਬਾਵਜੂਦ ਵੀ ਪਰਬਤ ਵਾਂਗ ਅਡੋਲ ਰਹੇ ਅਤੇ ਦੁਸ਼ਮਣ ਨੂੰ ਭਜਾ ਦਿੱਤਾ।

ਭਾਰਤੀ ਚਰਿੱਤਰ ਵਿਚ ਇਹ ਪਲਟਾਅ ਸਿੱਖ ਧਰਮ ਦੇ ਮਹਾਨ ਦਾਰਸ਼ਨਿਕ ਸਿਧਾਂਤਾਂ ਅਤੇ ਗੁਰੂ ਸਾਹਿਬਾਨ ਦੀਆਂ ਬੇਮਿਸਾਲ ਕੁਰਬਾਨੀਆਂ ਦਾ ਸਿੱਟਾ ਸੀ। ਅਕਾਲ ਪੁਰਖ ਦੀ ਮਹਾਨ ਕਿਰਪਾ ਹੋਈ ਸੀ ਕਿ ਇਸ ਧਰਤੀ 'ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ੧੪੬੯ ਈ. ਵਿਚ ਪ੍ਰਕਾਸ਼ ਧਾਰਿਆ। ਉਸ ਵੇਲੇ ਹਿੰਦੁਸਤਾਨ ਦੀ ਹਾਲਤ ਬਹੁਤ ਹੀ ਖਸਤਾ ਹੋ ਚੁੱਕੀ ਸੀ। ਹਿੰਦੁਸਤਾਨੀ ਦਰਸ਼ਨ ਤੇ ਸੰਸਕ੍ਰਿਤੀ ਪਹਿਲਾਂ ਹੀ ਖਿੰਡੀ-ਪੁੰਡੀ, ਉਲਝਣਾਂ ਭਰੀ ਤੇ ਅਸਪੱਸ਼ਟ ਸੀ। ਇਹ ਕਿਸੇ ਪੂਰਨ ਮਨੁੱਖ ਦੀ ਸਿਰਜਣਾ ਕਰਨ ਤੋਂ ਅਸਮਰੱਥ ਸੀ। ਇਸ ਉੱਪਰ ਇਸਲਾਮ ਦੇ ਅੰਨ੍ਹੇ ਜਨੂੰਨ ਤੇ ਜਬਰ-ਜ਼ੁਲਮ ਦੇ ਰਾਜ ਨੇ ਲੋਕਾਂ ਦਾ ਲੱਕ ਤੋੜ ਦਿੱਤਾ ਸੀ। ਉਹ ਧੜਾ-ਧੜ ਇਸਲਾਮ ਨੂੰ ਅਪਣਾ ਰਹੇ ਸਨ। ਇਸ ਤੋਂ ਇਲਾਵਾ ਉਨ੍ਹਾਂ ਅੱਗੇ ਕੋਈ ਵੀ ਰਸਤਾ ਨਹੀਂ ਰਹਿ ਗਿਆ ਸੀ। ਹਿੰਦੁਸਤਾਨ ਦੀ ਧਰਤੀ 'ਤੇ ਚਾਰੇ ਪਾਸੇ ਪਾਖੰਡ ਅਤੇ ਮਾਰਧਾੜ ਦਾ ਪਾਪ ਵਰਤ ਰਿਹਾ ਸੀ। ਭਾਈ ਗੁਰਦਾਸ ਜੀ ਨੇ ਲਿਖਿਆ ਹੈ:

*ਬਹੁ ਵਾਟੀ ਜਗਿ ਚਲੀਆ ਤਬ ਹੀ ਭਏ ਮੁਹੰਮਦਿ ਯਾਰਾ।*
*ਕਉਮਿ ਬਹਤਰਿ ਸੰਗਿ ਕਰਿ ਬਹੁ ਬਿਧਿ ਵੈਰੁ ਵਿਰੋਧੁ ਪਸਾਰਾ।*
*ਰੋਜੇ ਈਦ ਨਿਮਾਜਿ ਕਰਿ ਕਰਮੀ ਬੰਦਿ ਕੀਆ ਸੰਸਾਰਾ।*
*ਪੀਰ ਪੈਕੰਬਰਿ ਅਉਲੀਏ ਗਉਸਿ ਕੁਤਬ ਬਹੁਤ ਭੇਖ ਸਵਾਰਾ।*
*ਠਾਕੁਰ ਦੁਆਰੇ ਢਾਹਿ ਕੈ ਤਿਹਿ ਠਉੜੀ ਮਾਸੀਤਿ ਉਸਾਰਾ।*
*ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।*
*ਕਾਫਰਿ ਮੁਲਹਦਿ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।*
*ਪਾਪੇ ਦਾ ਵਰਤਿਆ ਵਰਤਾਰਾ॥* *(ਵਾਰ ੧:੨੦)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨਿਰਾਸ਼ ਹੋਏ, ਲਿਤਾੜੇ ਅਤੇ ਮੁਰਦਾ ਹੋ ਚੁੱਕੇ ਭਾਰਤੀ ਮਨੁੱਖ ਨੂੰ ਬਾਣੀ ਦਾ ਅੰਮ੍ਰਿਤ ਪਿਲਾ ਕੇ ਉਸ ਵਿਚ ਨਵੀਂ ਰੂਹ ਭਰ ਦਿੱਤੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖੰਡੇ ਦੀ ਪਾਹੁਲ ਦੇ ਕੇ ਉਸ ਨੂੰ ਫੌਲਾਦ ਵਰਗਾ ਮਜ਼ਬੂਤ, ਨਿਰਭੈ ਤੇ ਸੰਪੂਰਨ ਮਨੁੱਖ ਖਾਲਸੇ ਦਾ ਰੂਪ ਦੇ ਦਿੱਤਾ। ਗੁਰੂ ਸਾਹਿਬਾਨ, ਸਾਹਿਬਜ਼ਾਦੇ ਤੇ ਹੋਰ ਸਿੰਘਾਂ ਦੀਆਂ ਸ਼ਹੀਦੀਆਂ ਨੇ ਸਿੱਖਾਂ ਵਿਚ ਸਦਾ ਚੜ੍ਹਦੀ ਕਲਾ ਵਿਚ ਰਹਿਣ ਤੇ ਜੂਝ ਮਰਨ ਦੀ ਭਾਵਨਾ ਭਰ ਦਿੱਤੀ ਸੀ। ਬਾਬਾ ਬੰਦਾ ਸਿੰਘ ਬਹਾਦਰ ਦੀ ਬਹਾਦਰੀ ਅਤੇ ਜਿੱਤਾਂ ਨੇ ਉਨ੍ਹਾਂ ਵਿਚ ਸੁਤੰਤਰ ਰਾਜ ਸਥਾਪਿਤ ਕਰਨ ਦਾ ਸੰਕਲਪ ਦ੍ਰਿੜ੍ਹ ਕਰ ਦਿੱਤਾ ਸੀ। ਇਸੇ ਬੀਰਤਾ ਦੇ ਪਿਛੋਕੜ ਕਾਰਨ ਖਾਲਸੇ ਨੇ ਵੱਡੇ ਘੱਲੂਘਾਰੇ ਵਿਚ ਲੋਹੇ ਦੀ ਦੀਵਾਰ ਬਣ ਕੇ ਅਬਦਾਲੀ ਦੇ ਹਮਲੇ ਨੂੰ ਨਾਕਾਮਯਾਬ ਕਰ ਦਿੱਤਾ ਸੀ।

ਉਨ੍ਹਾਂ ਨੇ ਅਬਦਾਲੀ ਦੇ ਜਾਣ ਪਿੱਛੋਂ ਉਸ ਦੀ ਸਹਾਇਤਾ ਕਰਨ ਵਾਲਿਆਂ ਨੂੰ ਵੀ ਸੋਧਿਆ। ਮਲੇਰਕੋਟਲੇ ਦੇ ਭੀਖਨ ਖਾਨ ਅਤੇ ਰਾਇਕੋਟ ਦੇ ਦੀਵਾਨ ਲਛਮੀ ਸਹਾਇ ਨੂੰ ਕਤਲ ਕਰ ਦਿੱਤਾ ਗਿਆ। ਅਬਦਾਲੀ ਦੇ ਥਾਪੇ ਹੋਏ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਮਾਰ ਕੇ ਸਰਹਿੰਦ ਫ਼ਤਿਹ ਕੀਤੀ। ੧੭੬੬ ਈ. ਵਿਚ ਅਬਦਾਲੀ ਦੇ ਹਮਲੇ ਸਮੇਂ ਕੋਈ ਮੁਗ਼ਲ ਹਾਕਮ ਸਿੰਘਾਂ ਤੋਂ ਡਰਦਾ ਨਵਾਬੀ ਲੈਣ ਲਈ ਤਿਆਰ ਨਾ ਹੋਇਆ ਤਾਂ ਉਸ ਨੇ ਬਾਬਾ ਆਲਾ ਸਿੰਘ ਨੂੰ ਸਰਹਿੰਦ ਦਾ ਨਵਾਬ ਮੰਨ ਲਿਆ। ਅਬਦਾਲੀ ਨੇ ਸਿੰਘਾਂ ਨੂੰ ਜਾਗੀਰਾਂ ਦੀ ਪੇਸ਼ਕਸ਼ ਕੀਤੀ ਪਰ ਸਿੰਘਾਂ ਨੇ ਠੁਕਰਾ ਦਿੱਤੀ। ਉਨ੍ਹਾਂ ਨੇ ਵਾਪਸ ਪਰਤ ਰਹੇ ਅਹਿਮਦ ਸ਼ਾਹ ਅਬਦਾਲੀ 'ਤੇ ਹਮਲਾ ਕਰ ਕੇ ਉਸ ਦੀ ਫੌਜ ਦਾ ਬੁਰਾ ਹਾਲ ਕੀਤਾ। ਪਹਿਲਾਂ ਅੱਠ ਦਿਨ ਗੋਇੰਦਵਾਲ ਸਾਹਿਬ ਦੇ ਪੱਤਣ 'ਤੇ ਲੜਾਈ ਹੋਈ। ਫੇਰ ਡੱਲੇ ਪਿੰਡ ਕੋਲ ਰਾਵੀ ਦਰਿਆ ਪਾਰ ਕਰਦੇ ਅਬਦਾਲੀ ਨੂੰ ਜਾ ਘੇਰਿਆ। ਅਨੇਕਾਂ ਸਰਦਾਰਾਂ ਸਮੇਤ ੮੦੦੦ ਦੁਰਾਨੀ ਦਰਿਆ ਦੀ ਭੇਟ ਕਰ ਦਿੱਤੇ। ਇਸ ਤੋਂ ਅੱਗੇ ਜਿਹਲਮ ਦਰਿਆ ਪਾਰ ਕਰਨ ਵੇਲੇ ਸਿੰਘਾਂ ਨੇ ਫੇਰ ਅਚਾਨਕ ਹਮਲਾ ਕਰ ਦਿੱਤਾ। ਇਸ ਹਮਲੇ ਵਿਚ ਅਬਦਾਲੀ ਦਾ ਤੋਪਖਾਨਾ ਤੇ ਕੀਮਤੀ ਸਾਮਾਨ ਦਰਿਆ ਵਿਚ ਗਰਕ ਹੋ ਗਿਆ। ਸਿੰਘਾਂ ਨੇ ਵੱਡੇ ਘੱਲੂਘਾਰੇ ਦਾ ਪੂਰਾ ਬਦਲਾ ਲੈ ਲਿਆ ਸੀ। ਅਹਿਮਦਸ਼ਾਹ ਅਬਦਾਲੀ ਇੰਨਾ ਦੁਖੀ ਹੋ ਕੇ ਹਿੰਦੁਸਤਾਨ ਤੋਂ ਗਿਆ ਕਿ ਮੁੜ ਹਮਲਾ ਕਰ ਸਕਣ ਦਾ ਉਸ ਦਾ ਕਦੇ ਹੌਸਲਾ ਨਾ ਪਿਆ। ਇਸ ਤਰ੍ਹਾਂ ਸਿੱਖ ਵੱਡੇ ਘੱਲੂਘਾਰੇ ਤੋਂ ਬਾਅਦ ਦਬਕ ਕੇ ਨਹੀਂ ਬੈਠੇ। ਉਨ੍ਹਾਂ ਨੇ ਹੋਰ ਵਧੇਰੇ ਜ਼ੋਰ ਨਾਲ ਅਬਦਾਲੀ 'ਤੇ ਹਮਲੇ ਕੀਤੇ ਅਤੇ ਜਮਨਾ ਤਕ ਆਪਣਾ ਅਧਿਕਾਰ ਜਮਾਉਣਾ ਸ਼ੁਰੂ ਕਰ ਦਿੱਤਾ ਸੀ। ਇਹ ਅਧਿਕਾਰ ਸਿਰਫ ਕਿਸੇ ਹਾਲਾਤ ਕਾਰਨ ਉਨ੍ਹਾਂ ਦੀ ਝੋਲੀ ਵਿਚ ਨਹੀਂ ਆ ਪਿਆ ਸੀ। ਇਹ ਉਨ੍ਹਾਂ ਨੇ ੬ ਦਹਾਕਿਆਂ ਦੇ ਖ਼ੂਨੀ ਸੰਘਰਸ਼ ਅਤੇ ਵੱਡੇ ਘੱਲੂਘਾਰੇ ਵਰਗੀਆਂ ਕੁਰਬਾਨੀਆਂ ਦੇ ਕੇ ਹਾਸਲ ਕੀਤਾ ਸੀ। ■

# ਜੈਤੋ ਦਾ ਮੋਰਚਾ

*-ਸ. ਸਿਮਰਜੀਤ ਸਿੰਘ**

ਜ਼ਿਲ੍ਹਾ ਫਰੀਦਕੋਟ ਦਾ ਕਸਬਾ ਜੈਤੋ, ਬਠਿੰਡਾ-ਫਿਰੋਜ਼ਪੁਰ ਰੇਲਵੇ ਲਾਈਨ ਉੱਪਰ ਬਠਿੰਡੇ ਤੋਂ ੨੫ ਕਿਲੋਮੀਟਰ ਦੂਰ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਆਮਦ ਦੀ ਯਾਦ ਵਿਚ ਇੱਥੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦੀ ਇਮਾਰਤ ਨਾਭੇ ਦੇ ਮਹਾਰਾਜਾ ਹੀਰਾ ਸਿੰਘ ਨੇ ਬਣਵਾਈ ਸੀ। ਗੁਰਦੁਆਰਾ ਸਾਹਿਬ ਦੇ ਨਾਲ ਹੀ ਇਕ ਸਰੋਵਰ ਹੈ ਜਿਸ ਨੂੰ 'ਗੰਗਸਰ' ਕਿਹਾ ਜਾਂਦਾ ਹੈ। ਇਸ ਸਥਾਨ ਉੱਪਰ ਸੰਗਤ ਦੀ ਭਾਰੀ ਸ਼ਰਧਾ ਹੈ। ਸੰਨ ੧੯੨੩ ਈ. ਇਸ ਸਥਾਨ 'ਤੇ ਦਰਦਨਾਕ ਘਟਨਾ ਵਾਪਰੀ ਜਿਸ ਨੂੰ ਦੁਨੀਆਂ ਭਰ ਵਿਚ ਜੈਤੋ ਦੇ ਮੋਰਚੇ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਇਤਿਹਾਸਿਕ ਘਟਨਾ ਦਾ ਸੰਬੰਧ ਰਿਆਸਤ ਨਾਭਾ ਨਾਲ ਸੀ।

ਗੁਰੂ-ਘਰ ਦੇ ਸ਼ਰਧਾਲੂ ਸਿੱਖ, ਚੌਧਰੀ ਤਿਲੋਕੇ ਦੇ ਵੰਸ਼ਜਾਂ ਨੇ ਸਿੱਖ ਰਿਆਸਤਾਂ ਕਾਇਮ ਕੀਤੀਆਂ। ਇਨ੍ਹਾਂ ਵਿੱਚੋਂ ਚੌਧਰੀ ਗੁਰਦਿੱਤ ਸਿੰਘ ਨੇ ਬਹੁਤ ਸਾਰਾ ਇਲਾਕਾ ਮੁਗ਼ਲ ਸਰਕਾਰ ਤੋਂ ਖੋਹ ਕੇ ਆਪਣੀ ਜਾਗੀਰ ਵਿਚ ਸ਼ਾਮਲ ਕੀਤਾ। ਸਰਹਿੰਦ ਦੇ ਸੂਬੇਦਾਰ ਜੈਨ ਖਾਂ ਨੂੰ ਮਾਰ ਕੇ ਸਰਹਿੰਦ ਫਤਿਹ ਕਰਨ ਤੋਂ ਬਾਅਦ ਸ. ਗੁਰਦਿੱਤ ਸਿੰਘ ਦੇ ਪੋਤਰੇ ਸ. ਹਮੀਰ ਸਿੰਘ ਦੇ ਹਿੱਸੇ ਅਮਲੋਹ ਅਤੇ ਰੋੜੀ ਦਾ ਇਲਾਕਾ ਆਇਆ ਅਤੇ ਇਸ ਨੇ ਨਾਭਾ ਰਿਆਸਤ ਕਾਇਮ ਕੀਤੀ। ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਅੰਗਰੇਜ਼ਾਂ ਨੇ ਆਪਣਾ ਪੂਰਾ ਜ਼ੋਰ ਸਿੱਖ ਰਾਜ ਨੂੰ ਆਪਣੇ ਅਧੀਨ ਕਰਨ ਲਈ ਲਗਾ ਦਿੱਤਾ। ਨਾਭਾ ਪਤੀ ਮਹਾਰਾਜਾ ਹੀਰਾ ਸਿੰਘ ਅਤੇ ਰਾਣੀ ਜਸਮੇਰ ਕੌਰ ਦੇ ਘਰ ਰਾਜਕੁਮਾਰ ਰਿਪੁਦਮਨ ਸਿੰਘ ਦਾ ਜਨਮ ਹੀਰਾ ਮਹਲ ਨਾਭਾ ਵਿਖੇ ੪ ਮਾਰਚ, ੧੮੮੩ ਈ. ਨੂੰ ਹੋਇਆ। ਰਾਜਕੁਮਾਰ ਦਾ ਪਾਲਣ-ਪੋਸ਼ਣ ਬਹੁਤ ਚੰਗੇ ਢੰਗ ਨਾਲ ਕੀਤਾ ਗਿਆ। ਇਸ ਦੀ ਸਿੱਖਿਆ ਪ੍ਰਾਪਤੀ ਲਾਲਾ ਬਿਸ਼ਨ ਦਾਸ ਅਤੇ ਭਾਈ ਕਾਨ੍ਹ ਸਿੰਘ ਦੇ ਸਪੁਰਦ ਕੀਤੀ ਗਈ ਸੀ। ਇਨ੍ਹਾਂ ਤੋਂ ਇਲਾਵਾ ਬਾਬਾ ਅਤਰ ਸਿੰਘ ਮਸਤੂਆਣਾ ਵਾਲੇ ਵੀ ਆਪ ਜੀ ਨੂੰ ਗਿਆਨ ਨਾਲ ਭਰਪੂਰ ਕਰਦੇ ਰਹਿੰਦੇ ਸਨ। ਰਾਜਕੁਮਾਰ ਰਿਪੁਦਮਨ ਸਿੰਘ ਦਾ ਅਨੰਦ-ਕਾਰਜ ੧੯੦੧ ਈ. ਵਿਚ ਸ. ਗੁਰਦਿਆਲ ਸਿੰਘ (ਮਾਨ) ਦੀ ਪੁੱਤਰੀ ਬੀਬੀ ਜਗਦੀਸ਼ ਕੌਰ ਨਾਲ ਹੋਇਆ। ਸੰਨ ੧੯੦੬ ਈ: ਵਿਚ ਇਨ੍ਹਾਂ ਨੂੰ ੨ ਸਾਲ ਲਈ ਗਵਰਨਰ ਜਨਰਲ ਦੀ ਲੈਜਿਸਲੇਟਿਵ ਕੌਂਸਲ ਦਾ ਮੈਂਬਰ ਬਣਾਇਆ ਗਿਆ। ਇਸ ਦੌਰਾਨ ਆਪ ਨੇ ਆਨੰਦ ਮੈਰਿਜ ਬਿੱਲ ਪਾਸ

*ਵਧੀਕ ਸਕੱਤਰ ਅਤੇ ਮੁੱਖ ਸੰਪਾਦਕ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੮੧੪੮੯੮੨੨੩

ਕਰਵਾਉਣ ਲਈ ਖਰੜਾ ਤਿਆਰ ਕਰਵਾਇਆ। ਕੌਂਸਲ ਵਿਚ ਆਪ ਨੇ ਸਦਾ ਹੀ ਆਪਣੀ ਕੌਮ ਅਤੇ ਦੇਸ਼ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ। ਇਨ੍ਹਾਂ ਦੇ ਘਰ ੮ ਅਕਤੂਬਰ, ੧੯੦੮ ਈ. ਨੂੰ ਪੁੱਤਰੀ ਅਮਰ ਕੌਰ ਨੇ ਜਨਮ ਲਿਆ।

੨੫ ਦਸੰਬਰ, ੧੯੧੧ ਈ. ਨੂੰ ਮਹਾਰਾਜ ਹੀਰਾ ਸਿੰਘ ਦਾ ਦੇਹਾਂਤ ਹੋ ਗਿਆ। ਇਸ ਸਮੇਂ ਰਾਜਕੁਮਾਰ ਰਿਪੁਦਮਨ ਸਿੰਘ ਫਰਾਂਸ ਵਿਚ ਸੀ। ਦੇਸ਼ ਵਾਪਸ ਪਰਤਣ ’ਤੇ ੨੪ ਜਨਵਰੀ, ੧੯੧੨ ਈ. ਨੂੰ ਇਨ੍ਹਾਂ ਨੂੰ ਰਾਜ ਸਿੰਘਾਸਨ ’ਤੇ ਬਿਠਾਉਣ ਲਈ ਦਸਤਾਰ ਬੰਦੀ ਕੀਤੀ ਗਈ। ਇਸ ਰਸਮ ਨੂੰ ਆਪ ਨੇ ਸਿੱਖ ਮਰਯਾਦਾ ਅਨੁਸਾਰ ਕੀਤਾ ਅਤੇ ਕਿਸੇ ਵੀ ਅੰਗਰੇਜ਼ ਅਧਿਕਾਰੀ ਨੂੰ ਨਹੀਂ ਬੁਲਾਇਆ। ਅੰਗਰੇਜ਼ ਸਰਕਾਰ ਨੇ ਇਸ ਦਾ ਭਾਰੀ ਗੁੱਸਾ ਕੀਤਾ। ਸੰਨ ੧੯੧੪ ਈ. ਵਿਚ ਜਦੋਂ ਅੰਗਰੇਜ਼ ਸਰਕਾਰ ਨੇ ਇਨ੍ਹਾਂ ਤੋਂ ਵਿਸ਼ਵ ਜੰਗ ਲਈ ਫੌਜ ਮੰਗੀ ਤਾਂ ਇਨ੍ਹਾਂ ਨੇ ਫੌਜ ਭੇਜਣ ਤੋਂ ਨਾਂਹ ਕਰ ਦਿੱਤੀ। ਇਨ੍ਹਾਂ ਦਿਨਾਂ ਵਿਚ ਨਾਮਧਾਰੀ ਲਹਿਰ ਦੇਸ਼ ਦੀ ਅਜ਼ਾਦੀ ਲਈ ਪੂਰੇ ਜ਼ੋਰ ਨਾਲ ਲੜਾਈ ਲੜ ਰਹੀ ਸੀ ਜਿਨ੍ਹਾਂ ਨੂੰ ਅੰਗਰੇਜ਼ ਵੱਲੋਂ ਬਾਗੀ ਕਰਾਰ ਦੇ ਕੇ ਫੜੋ ਫੜੀ ਸ਼ੁਰੂ ਕੀਤੀ ਹੋਈ ਸੀ। ਇਹ ਸਿਆਸੀ ਭਗੌੜੇ ਵੀ ਨਾਭਾ ਰਿਆਸਤ ਵਿਚ ਆ ਪਨਾਹ ਲੈਂਦੇ ਸਨ। ਮਹਾਰਾਜਾ ਨਾਭਾ ਵੱਲੋਂ ਪਰਿੰਸ ਆਫ਼ ਵੇਲਜ਼ ਦਾ ਸਨਮਾਨ ਨਾ ਕਰਨ ਆਦਿ ਕਰਕੇ ਅੰਗਰੇਜ਼ਾਂ ਵੱਲੋਂ ਦੋਸ਼ ਲਗਾਇਆ ਗਿਆ ਕਿ ਮਹਾਰਾਜਾ ਰਿਪੁਦਮਨ ਸਿੰਘ ਬਾਗੀ ਰੁਚੀ ਰੱਖਦਾ ਹੈ। ਅੰਗਰੇਜ਼ ਸਰਕਾਰ ਨੇ ਇਹ ਵੀ ਮਤਾ ਪਾਸ ਕਰ ਦਿੱਤਾ ਕਿ ਜਿਸ ਰਾਜੇ ਜਾਂ ਰਿਆਸਤ ਦੇ ਮਾਲਕ ਦੀ ਮੌਤ ਬਿਨਾਂ ਕਿਸੇ ਪੁੱਤਰ ਦੇ ਹੋਵੇਗੀ ਉਸ ਰਿਆਸਤ ਦਾ ਸਾਰਾ ਪ੍ਰਬੰਧ ਅੰਗਰੇਜ਼ ਸਰਕਾਰ ਅਧੀਨ ਆ ਜਾਏਗਾ। ਰਾਜਕੁਮਾਰ ਰਿਪੁਦਮਨ ਸਿੰਘ ਨੇ ਸੰਨ ੧੯੧੮ ਈ. ਵਿਚ ਮੇਜਰ ਪ੍ਰੇਮ ਸਿੰਘ (ਗਰੇਵਾਲ) ਰਾਇਪੁਰੀਆ ਦੀ ਪੁੱਤਰੀ ਬੀਬੀ ਸਰੋਜਨੀ ਦੇਵੀ ਨਾਲ ਦੂਜੀ ਸ਼ਾਦੀ ਕਰ ਲਈ ਜਿਸ ਤੋਂ ਇਨ੍ਹਾਂ ਦੇ ਘਰ ੨੨ ਸਤੰਬਰ, ੧੯੧੯ ਈ. ਨੂੰ ਪੁੱਤਰ ਟਿੱਕਾ ਪ੍ਰਤਾਪ ਸਿੰਘ ਦਾ ਜਨਮ ਹੋਇਆ। ਅੰਗਰੇਜ਼ ਸਰਕਾਰ ਨੂੰ ਗਦਰੀਆਂ ਨਾਲ ਮਹਾਰਾਜਾ ਦੀ ਹਮਦਰਦੀ ਦੀਆਂ ਰਿਪੋਰਟਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਸਿੱਖ ਗੁਰਦੁਆਰਾ ਸੁਧਾਰ ਲਹਿਰ ਅਤੇ ਨਨਕਾਣਾ ਸਾਹਿਬ ਦੇ ਸਾਕੇ ਸਮੇਂ ਵੀ ਮਹਾਰਾਜਾ ਰਿਪੁਦਮਨ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਨਨਕਾਣਾ ਸਾਹਿਬ ਦੇ ਸਾਕੇ ਦੇ ਰੋਸ ਵਜੋਂ ਆਪ ਨੇ ਕਾਲੀ ਪੱਗ ਬੰਨ ਕੇ ਸਰਕਾਰੀ ਪੱਧਰ ’ਤੇ ਮਾਤਮ ਵੀ ਮਨਾਇਆ।

ਪਟਿਆਲਾ ਅਤੇ ਨਾਭਾ ਰਿਆਸਤ ਦਾ ਆਪਸੀ ਝਗੜਾ ਹੋ ਗਿਆ। ਅੰਗਰੇਜ਼ਾਂ ਨੂੰ ਆਪਣਾ ਬਦਲਾ ਲੈਣ ਦਾ ਮੌਕਾ ਮਿਲ ਗਿਆ। ਸੰਨ ੧੯੨੨ ਈ. ਵਿਚ ਹਾਈਕੋਰਟ ਦੇ ਇਕ ਜੱਜ ਤੋਂ ਪੜਤਾਲ ਕਰਵਾਈ ਗਈ। ਅੰਗਰੇਜ਼ਾਂ ਦੀ ਸ਼ਹਿ ’ਤੇ ਜੱਜ ਨੇ ਰਿਪੋਰਟ ਵਿਚ ਮਹਾਰਾਜਾ ਨਾਭਾ ਨੂੰ ਦੋਸ਼ੀ ਕਰਾਰ ਦੇ ਦਿੱਤਾ। ਜੁਲਾਈ ੧੯੨੩ ਈ. ਨੂੰ ਮਹਾਰਾਜੇ ਨੂੰ ਨਾਭੇ ਦੀ ਰਾਜਗੱਦੀ ਛੱਡ ਕੇ ਗੁਜ਼ਾਰਾ ਭੱਤਾ ਲੈਣ ਲਈ ਮਜ਼ਬੂਰ ਕੀਤਾ

ਗਿਆ। ਇਸ ਕਾਰਵਾਈ ਲਈ ਮਹਾਰਾਜੇ ਤੋਂ ਜਬਰਦਸਤੀ ਦਸਤਖ਼ਤ ਵੀ ਕਰਵਾ ਲਏ ਗਏ ਅਤੇ ਤਿੰਨ ਲੱਖ ਰੁਪਏ ਸਲਾਨਾ ਪੈਨਸ਼ਨ ਦੇ ਕੇ ਤੁਰੰਤ ਕਾਰ ਵਿਚ ਬਿਠਾ ਕੇ ਦੇਹਰਾਦੂਨ ਭੇਜ ਦਿੱਤਾ ਗਿਆ। ਉਨ੍ਹਾਂ ਨੂੰ ਕਿਸੇ ਨਾਲ ਕੋਈ ਗੱਲ ਕਰਨ ਜਾਂ ਮਿਲਣ ਦਾ ਮੌਕਾ ਵੀ ਨਾ ਦਿੱਤਾ ਗਿਆ। ਰਿਆਸਤ ਦੇ ਪ੍ਰਬੰਧ ਲਈ ਅੰਗਰੇਜ਼ ਪ੍ਰਬੰਧਕ ਉਗਲਵੀ ਦੀ ਨਿਯੁਕਤੀ ਕਰ ਦਿੱਤੀ ਗਈ ਅਤੇ ਕੁਝ ਸਮੇਂ ਬਾਅਦ ਇਨ੍ਹਾਂ ਦੀ ਜਗ੍ਹਾ 'ਤੇ ਵਿਲਸਨ ਨੂੰ ਨਿਯੁਕਤ ਕਰ ਦਿੱਤਾ ਗਿਆ। ਮਹਾਰਾਜੇ ਨੂੰ ਗੱਦੀ ਤੋਂ ਉਤਾਰਨ ਕਰਕੇ ਸਿੱਖ ਜਗਤ ਵਿਚ ਬਹੁਤ ਗੁੱਸਾ ਅਤੇ ਰੋਸ ਫੈਲ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਗਰੇਜ਼ਾਂ ਦੀ ਧੱਕੇਸ਼ਾਹੀ ਅਤੇ ਮਹਾਰਾਜੇ ਦੇ ਹੱਕ ਵਿਚ ਅਵਾਜ਼ ਬੁਲੰਦ ਕੀਤੀ ਗਈ। ਥਾਂ-ਥਾਂ 'ਤੇ ਜਲਸੇ ਅਤੇ ਜਲੂਸ ਕੱਢੇ ਗਏ। ੯ ਸਤੰਬਰ, ੧੯੨੩ ਨੂੰ 'ਨਾਭਾ ਦਿਵਸ' ਵਜੋਂ ਮਨਾਉਣ ਦਾ ਫੈਸਲਾ ਕੀਤਾ ਗਿਆ। ਨਾਭੇ ਦੀ ਸੰਗਤ ਵੱਲੋਂ ਦੇਸ਼ ਭਰ ਦੇ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਕਰਨ ਦਾ ਕੰਮ ਅਰੰਭ ਕੀਤਾ ਗਿਆ। ਅੰਗਰੇਜ਼ ਸਰਕਾਰ ਨੇ ਇਨ੍ਹਾਂ ਸਮਾਗਮਾਂ ਨੂੰ ਰੋਕਣ ਲਈ ਜਥੇਦਾਰ ਸ. ਊਧਮ ਸਿੰਘ, ਸ. ਹੀਰਾ ਸਿੰਘ ਅਤੇ ਹੋਰ ਮੁੱਖੀ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੰਜਾਬ ਵਿਚ ਜਿੱਥੇ-ਜਿੱਥੇ ਵੀ ਮਹਾਰਾਜਾ ਨਾਭਾ ਦੀ ਵਾਪਸੀ ਦੀ ਮੰਗ ਲਈ ਪਾਠ ਅਤੇ ਦੀਵਾਨ ਰੱਖੇ ਗਏ ਸਨ ਪੁਲਿਸ ਨੇ ਉਨ੍ਹਾਂ ਪਿੰਡਾਂ ਦੀ ਘੇਰਾਬੰਦੀ ਕਰ ਲਈ। ਇਸੇ ਸਬੰਧ ਵਿਚ ਖੰਨਾ ਨੇੜੇ ਪਿੰਡ ਸਲਾਣਾ ਵਿਖੇ ਵੀ ਦੀਵਾਨ ਅਤੇ ਪਾਠ ਰੱਖੇ ਜਾਣ ਦਾ ਫੈਸਲਾ ਕੀਤਾ ਗਿਆ। ਪੁਲਿਸ ਨੂੰ ਪਤਾ ਲੱਗਣ 'ਤੇ ਫੜੋ-ਫੜੀ ਸ਼ੁਰੂ ਹੋ ਗਈ। ਦੀਵਾਨ ਦੀ ਤਾਰੀਖ਼ ਤੋਂ ਦੋ ਦਿਨ ਪਹਿਲਾਂ ਰਾਤ ਨੂੰ ੨੫੦ ਦੇ ਲੱਗਭਗ ਸਿਪਾਹੀਆਂ ਨੇ ਪਿੰਡ ਨੂੰ ਘੇਰ ਲਿਆ। ਅਮਲੋਹ ਤਹਿਸੀਲ ਦੇ ਸਾਰੇ ਪਿੰਡਾਂ ਦੇ ਨੰਬਰਦਾਰ, ਚੌਂਕੀਦਾਰ, ਜੈਲਦਾਰ, ਪਟਵਾਰੀ, ਪੁਲਿਸ ਦੇ ਚੀਫ਼ ਅਫ਼ਸਰ ਨੱਥੂ ਰਾਮ, ਛੱਜੂ ਸਿੰਘ ਨਾਜ਼ਮ ਅਮਲੋਹ, ਨਾਇਬ ਸ਼ਿਵਦੇਵ ਸਿੰਘ ਅਤੇ ਤਹਿਸੀਲਦਾਰ ਆਦਿ ਪਿੰਡ ਵਿਚ ਪਹੁੰਚ ਗਏ। ਪਿੰਡ ਦੇ ਆਲੇ-ਦੁਆਲੇ ਚਾਰ ਮੀਲ ਤਕ ਪੂਰੀ ਨਾਕਾਬੰਦੀ ਕਰ ਦਿੱਤੀ ਗਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਲੱਗਭਗ ੬੦ ਮੈਂਬਰ ੧੩-੧੪ ਅਕਤੂਬਰ, ੧੯੨੩ ਈ. ਨੂੰ ਗ੍ਰਿਫਤਾਰ ਕਰ ਲਏ।

ਜੈਤੋ ਦੇ ਸਥਾਨਕ ਨਿਵਾਸੀਆਂ ਵੱਲੋਂ ਇਕੱਠੇ ਹੋ ਕੇ ੧੪ ਸਤੰਬਰ, ੧੯੨੩ ਈ. ਨੂੰ ਗੁਰਦੁਆਰਾ ਸ੍ਰੀ ਗੰਗਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਕੀਤੇ ਗਏ। ਸਰਕਾਰ ਨੇ ਪੁਲਿਸ ਭੇਜ ਕੇ ਪਿੰਡ ਮੌੜ ਦੇ ਗ੍ਰੰਥੀ ਗਿਆਨੀ ਇੰਦਰ ਸਿੰਘ ਨੂੰ ਧੱਕੇ ਨਾਲ ਗ੍ਰਿਫ਼ਤਾਰ ਕਰ ਲਿਆ ਅਤੇ ਗੁਰਦੁਆਰਾ ਸਾਹਿਬ ਵਿਚ ਕਿਸੇ ਦੇ ਵੀ ਪ੍ਰਵੇਸ਼ 'ਤੇ ਪਾਬੰਦੀ ਲਗਾ ਦਿੱਤੀ ਗਈ। ਸਤੰਬਰ ਮਹੀਨੇ ਵਿਚ ਫੇਰ ਤੋਂ ਅਖੰਡ ਪਾਠ ਸਾਹਿਬ ਪ੍ਰਕਾਸ਼ ਕਰਵਾਏ ਗਏ। ਪੁਲਿਸ ਵੱਲੋਂ ਅਖੰਡ ਪਾਠ ਕਰ ਰਹੇ ਗ੍ਰੰਥੀ ਸਿੰਘ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਤੋਂ ਉਠਾ ਕੇ ਗ੍ਰਿਫ਼ਤਾਰ ਕਰ

ਲਿਆ ਗਿਆ। ਇਸ ਨਾਲ ਸ੍ਰੀ ਅਖੰਡ ਪਾਠ ਸਾਹਿਬ ਭੰਗ ਹੋ ਗਿਆ। ਅੰਗਰੇਜ਼ ਸਰਕਾਰ ਦੀ ਇਸ ਧੱਕੇਸ਼ਾਹੀ ਵਿਰੁੱਧ ਸੰਗਤ ਵਿਚ ਭਾਰੀ ਗੁੱਸਾ ਭਰ ਗਿਆ ਅਤੇ ਸਿੱਖਾਂ ਨੇ ਮੋਰਚਾ ਲਗਾ ਦਿੱਤਾ। ੨੫ ਸਤੰਬਰ, ੧੯੨੩ ਈ. ਤੋਂ ਹਰ ਰੋਜ਼ ਸ੍ਰੀ ਅਕਾਲ ਤਖਤ ਸਾਹਿਬ ਤੋਂ ੨੫-੨੫ ਸਿੰਘਾਂ ਦਾ ਜਥਾ ਜਾਣਾ ਸ਼ੁਰੂ ਹੋ ਗਿਆ। ਇਨ੍ਹਾਂ ਸਿੰਘਾਂ ਨੂੰ ਪੁਲਿਸ ਵੱਲੋਂ ਪਕੜ ਕੇ ਰਾਜਸਥਾਨ ਦੇ ਦੂਰ-ਦੁਰਾਡੇ ਜੰਗਲਾਂ ਵਿਚ ਵਿਚ ਛੱਡ ਦਿੱਤਾ ਜਾਂਦਾ ਸੀ। ਨਾਭੇ ਦੀ ਜੇਲ੍ਹ ਵਿਚ ਵੀ ਬਹੁਤ ਤਸੀਹੇ ਦਿੱਤੇ ਜਾਂਦੇ ਜਿਸ ਬਾਰੇ ਇਕ ਕਿਤਾਬਚਾ "ਮਾਂ ਪੁੱਤ ਦੇ ਸਵਾਲ" ਵੀ ਛਪਿਆ ਸੀ। ਇਸ ਵਿਚ ਮਾਂ ਆਪਣੇ ਪੁੱਤ ਨੂੰ ਕਹਿੰਦੀ ਹੈ:

"ਬੱਚਿਆਂ ਵੇ ਨਾਭੇ ਨੂੰ ਨਾ ਜਾਈਂ, ਲਾਲ ਵੇ ਉੱਥੇ ਮਾਰ ਡਾਂਗਾਂ ਦੀ ਪੈਂਦੀ।
ਨਾਭੇ ਨੇ ਕਸਾਈ ਵੱਸਦੇ ਉੱਥੇ ਖੱਲ ਲਾਹੁਣਗੇ ਤੇਰੀ।
ਨਾਭੇ ਨੂੰ ਨਾ..."

ਬੱਚਾ ਮਾਂ ਨੂੰ ਜਵਾਬ ਦਿੰਦਾ ਹੈ:

"ਅੰਮੀਏ ਮੈਂ ਨਾਭੇ ਨੂੰ ਜ਼ਰੂਰ ਜਾਵਾਂਗਾ, ਭਾਵੇਂ ਸਿਰ ਲੱਥ ਜਾਏ ਮੇਰਾ।"

ਇਸ ਵੇਲੇ ਨਾਭਾ ਰਿਆਸਤ ਦਾ ਪ੍ਰਬੰਧ ਮਿ. ਵਿਲਸਨ ਜਾਨਸਟਨ ਅੰਗਰੇਜ਼ ਕਰ ਰਿਹਾ ਸੀ। ਜੈਤੋ ਵਿਚ ਸਿੱਖਾਂ 'ਤੇ ਹੋ ਰਹੇ ਜ਼ੁਲਮ ਨੂੰ ਦੇਖਣ ਪੰਡਤ ਜਵਾਹਰ ਲਾਲ ਨਹਿਰੂ, ਪ੍ਰੋ. ਜੀ.ਟੀ. ਗਿਡਵਾਨੀ ਅਤੇ ਮਿ. ਕੇ. ਸਨਤਾਨਮ ਜੈਤੋ ਪੁੱਜੇ ਤਾਂ ਇਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਕੇ ਜੇਲ੍ਹ ਦੀ ਕਾਲ-ਕੋਠੜੀ ਵਿਚ ਬੰਦ ਕਰ ਦਿੱਤਾ ਗਿਆ ਅਤੇ ਮੁਕੱਦਮਾ ਚਲਾ ਕੇ ਢਾਈ ਸਾਲ ਦੀ ਕੈਦ ਕਰ ਦਿੱਤੀ ਗਈ। ਪੰਡਤ ਜਵਾਹਰ ਲਾਲ ਨਹਿਰੂ ਅਤੇ ਸਨਤਾਨਮ ਨੂੰ ਨਾਭਾ ਵਿਚ ਐਜੀਟੇਸ਼ਨ ਦੇ ਦੌਰਾਨ ਨਾ ਆਉਣ ਦੀ ਹਦਾਇਤ ਕੀਤੀ ਜੋ ਉਨ੍ਹਾਂ ਨੇ ਮੰਨ ਲਈ ਅਤੇ ਇਨ੍ਹਾਂ ਨੂੰ ਛੱਡ ਦਿੱਤਾ ਗਿਆ। ਪ੍ਰੋ. ਜੀ. ਟੀ. ਗਿਡਵਾਨੀ ਨੇ ਸ਼ਰਤ ਨਾ ਮੰਨੀ ਅਤੇ ਉਹ ਚਾਰ ਸਾਲ ਕੈਦ ਕੱਟਣ ਤੋਂ ਬਾਅਦ ਦੂਸਰੇ ਕੈਦੀਆਂ ਨਾਲ ਹੀ ਰਿਹਾਅ ਹੋਇਆ।

ਜ਼ਿਲ੍ਹਾ ਲੁਧਿਆਣਾ ਦੇ ਮਾਦਪੁਰ ਪਿੰਡ ਦੇ ਭਾਈ ਰਣ ਸਿੰਘ ਜੀ ਨੇ ਵੀ ਆਪਣੇ ਪਰਵਾਰ ਸਮੇਤ ਸ੍ਰੀ ਅੰਮ੍ਰਿਤਸਰ ਜਾ ਕੇ ਸ਼ਹੀਦੀ ਜਥਿਆਂ ਵਿਚ ਜਾਣ ਲਈ ਆਪਣੇ ਪਰਵਾਰ ਦਾ ਨਾਂ ਦਰਜ ਕਰਨ ਲਈ ਬੇਨਤੀ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਨੇ ਉਨ੍ਹਾਂ ਦਾ ਜਜ਼ਬਾ ਦੇਖ ਕੇ ਉਨ੍ਹਾਂ ਦਾ ਨਾਂ ਜਥੇ ਵਿਚ ਸ਼ਾਮਲ ਕਰ ਲਿਆ ਪਰ ਪਰਵਾਰ ਨੂੰ ਵਾਪਸ ਪਿੰਡ ਭੇਜ ਦਿੱਤਾ। ਆਪ ਜੀ ਨੇ ਚੌਥੇ ਸ਼ਹੀਦੀ ਜਥੇ ਵਿਚ ਜਾਣਾ ਸੀ। ਫੇਰ ੫੦੦-੫੦੦ ਸਿੰਘਾਂ ਦੇ ਜਥੇ ਜਾਣੇ ਸ਼ੁਰੂ ਹੋ ਗਏ।

੫੦੦ ਸਿੰਘਾਂ ਦਾ ਪਹਿਲਾ ਜਥਾ ੯ ਫਰਵਰੀ, ੧੯੨੪ ਈ. ਨੂੰ ਸ੍ਰੀ ਅਕਾਲ ਤਖਤ ਸ੍ਰੀ ਅੰਮ੍ਰਿਤਸਰ ਤੋਂ ਰਵਾਨਾ ਹੋ ਕੇ ਪੈਦਲ ਮਾਰਚ ਕਰਦਾ ੨੧ ਫਰਵਰੀ ਨੂੰ ਜੈਤੋ ਪੁੱਜਾ। ਜਦੋਂ ਇਹ ਜਥਾ ਟਿੱਬੀ ਸਾਹਿਬ ਵਾਲੇ ਥਾਂ 'ਤੇ ਪਹੁੰਚਿਆਂ ਤਾਂ ਫੌਜ ਵੱਲੋਂ ਤਿੰਨ

ਪਾਸੇ ਤੋਂ ਘੇਰਾ ਪਾ ਲਿਆ ਗਿਆ, ਅੰਗਰੇਜ਼ ਅਫ਼ਸਰ ਵਿਲਸਨ ਦੇ ਹੁਕਮ ’ਤੇ ਗੋਲੀਬਾਰੀ ਸ਼ੁਰੂ ਹੋ ਗਈ। ਸ਼ਹੀਦੀ ਜਥੇ ਦੇ ਸਿੰਘ ਬੇਖੌਫ਼ ਗੁਰਦੁਆਰਾ ਸਾਹਿਬ ਵੱਲ ਵਧਦੇ ਜਾ ਰਹੇ ਸਨ। ਇਸ ਗੋਲੀਬਾਰੀ ਵਿਚ ੧੦੦ ਸਿੰਘ ਸ਼ਹੀਦ ਹੋਏ ਅਤੇ ੨੦੦ ਦੇ ਲੱਗਭਗ ਫੱਟੜ ਹੋ ਗਏ। ਗੋਲੀਬਾਰੀ ਤੋਂ ਬਾਅਦ ਵੀ ਪੁਲਿਸ ਕਰਮਚਾਰੀਆਂ ਨੇ ਘੋੜਿਆਂ ’ਤੇ ਸਵਾਰ ਹੋ ਕੇ ਜ਼ਖ਼ਮੀਆਂ ’ਤੇ ਡਾਂਗਾਂ ਨਾਲ ਹਮਲਾ ਕਰ ਦਿੱਤਾ। ਜ਼ਖ਼ਮੀਆਂ ਦੀ ਸਹਾਇਤਾ ਲਈ ਕਿਸੇ ਡਾਕਟਰ ਨੂੰ ਵੀ ਨੇੜੇ ਨਹੀਂ ਜਾਣ ਦਿੱਤਾ। ਜਦੋਂ ਅਫ਼ਸਰਾਂ ਨੇ ਦੇਖਿਆ ਕਿ ਵਰ੍ਹਦੀਆਂ ਗੋਲੀਆਂ ਦਾ ਸਿੰਘਾਂ ਨੂੰ ਕੋਈ ਖ਼ੌਫ਼ ਨਹੀਂ ਤਾਂ ਗੋਲੀਬਾਰੀ ਬੰਦ ਕਰ ਕੇ ਜਥੇ ਨੂੰ ਗ੍ਰਿਫ਼ਤਾਰ ਕਰ ਕੇ ਨਾਭੇ ਬੀੜ ਵਿਚ ਭੇਜ ਦਿੱਤਾ। ਇਨ੍ਹਾਂ ਉੱਪਰ ਮੁਕੱਦਮਾ ਦਾਇਰ ਕੀਤਾ ਗਿਆ ਕਿ ਇਨ੍ਹਾਂ ਨੇ ਪੁਲਿਸ ਉੱਪਰ ਹਮਲਾ ਕੀਤਾ। ਜਿਸ ਕਾਰਨ ਪੁਲਿਸ ਨੂੰ ਮਜ਼ਬੂਰਨ ਗੋਲੀ ਚਲਾਉਣੀ ਪਈ। ਇਨ੍ਹਾਂ ਨੂੰ ਸੱਤ-ਸੱਤ ਸਾਲ ਦੀਆਂ ਲੰਮੀਆਂ ਸਜ਼ਾਵਾਂ ਦਿੱਤੀਆਂ ਗਈਆਂ। ਇਸ ਸਾਕੇ ਨੇ ਸਾਰੇ ਭਾਰਤ ਵਿਚ ਹਾਹਾਕਾਰ ਮਚਾ ਦਿੱਤੀ ਅਤੇ ਥਾਂ ਪਰ ਥਾਂ ਸਰਕਾਰ ਦੀ ਨਿਖੇਧੀ ਹੋਣ ਲੱਗ ਪਈ। ਬੜੇ-ਬੜੇ ਨੇਤਾਵਾਂ ਤੇ ਸੰਸਥਾਵਾਂ ਨੇ ਇਸ ਵਿਚ ਹਿੱਸਾ ਲਿਆ ਅਤੇ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ। ਇਸ ਸਾਕੇ ਦੀ ਖ਼ਬਰ ਸਾਰੇ ਸੰਸਾਰ ਵਿਚ ਫੈਲ ਗਈ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ-ਪੰਜ ਸੌ ਦੇ ਹੋਰ ਜਥੇ ਜੈਤੋ ਵੱਲ ਰਵਾਨਾ ਹੋਣੇ ਸ਼ੁਰੂ ਹੋ ਗਏ।

ਦੂਜਾ ਸ਼ਹੀਦੀ ਜਥਾ ੨੮ ਫਰਵਰੀ, ੧੯੨੪ ਈ. ਨੂੰ ਸ੍ਰੀ ਅੰਮ੍ਰਿਤਸਰ ਤੋਂ ਜੈਤੋ ਲਈ ਰਵਾਨਾ ਹੋਇਆ। ਤੀਜਾ ਜਥਾ ੨੨ ਮਾਰਚ ੧੯੨੪ ਈ. ਨੂੰ ਜੈਤੋ ਲਈ ਰਵਾਨਾ ਹੋਇਆ।

ਚੌਥਾ ਜਥਾ ੨੭ ਮਾਰਚ, ੧੯੨੪ ਈ. ਨੂੰ ਸ੍ਰੀ ਅਨੰਦਪੁਰ ਸਾਹਿਬ ਤੋਂ ਰਵਾਨਾ ਹੋਇਆ। ਜਿਸ ਵਿਚ ਭਾਈ ਰਣ ਸਿੰਘ ਵੀ ਸ਼ਾਮਲ ਸਨ। ਇਹ ਜਥਾ ਜਦੋਂ ਲੁਧਿਆਣਾ ਪੁੱਜਾ ਤਾਂ ਓਰਿਐਂਟਲ ਭੁਜੰਗਣ ਆਸ਼ਰਮ ਜਸਪਾਲੋਂ ਦੇ ਮੈਨੇਜਰ ਜੋ ਭਾਈ ਰਣ ਸਿੰਘ ਦੇ ਮਿੱਤਰ ਸਨ ਆਪ ਨੂੰ ਮਿਲਣ ਲਈ ਆਏ। ਅੰਗਰੇਜ਼ ਸਰਕਾਰ ਨੇ ਉਨ੍ਹਾਂ ਉੱਪਰ ਵੀ ਹੁਕਮ ਅਦੂਲੀ ਕਰਨ ਦਾ ਮੁਕੱਦਮਾ ਦਾਇਰ ਕਰ ਦਿੱਤਾ ਜੋ ਬਹੁਤ ਦੇਰ ਬਾਅਦ ਰਫਾ-ਦਫਾ ਹੋਇਆ। ਚਾਰ ਨੰਬਰ ਸ਼ਹੀਦੀ ਜਥਾ ੧੮ ਅਪ੍ਰੈਲ, ੧੯੨੪ ਈ. ਨੂੰ ਜੈਤੋ ਪਹੁੰਚ ਗਿਆ। ਜੈਤੋ ਪਹੁੰਚਣ ’ਤੇ ਜਥੇ ਵਿਚ ਸ਼ਾਮਲ ਸਾਰੇ ਸਿੰਘਾਂ ਨੂੰ ਗ੍ਰਿਫ਼ਤਾਰ ਕਰ ਕੇ ਨਾਭਾ ਜੇਲ੍ਹ ਭੇਜ ਦਿੱਤਾ ਗਿਆ। ਇਸ ਤੋਂ ਬਾਅਦ ਜੇਲ੍ਹ ਵਿਚ ਆਉਣ ਵਾਲੇ ਜਥਿਆਂ ਦੀ ਗਿਣਤੀ ਵਿਚ ਭਾਰੀ ਵਾਧਾ ਹੋਣ ਲੱਗਾ। ਜੇਲ੍ਹ ਵਿਚ ਕੈਦੀਆਂ ਨੂੰ ਰੱਖਣ ਦੀ ਸਮੱਸਿਆ ਸ਼ੁਰੂ ਹੋ ਗਈ। ਨਾਭਾ ਸੈਂਟਰਲ ਜੇਲ੍ਹ ਦੇ ਨਾਲ ਬੀੜ ਦੁਸਾਂਝ ਅਤੇ ਬੀੜ ਮੈਂਸ ਵਿਚ ਆਰਜ਼ੀ ਜੇਲ੍ਹਾਂ ਬਣਾਈਆਂ ਗਈਆਂ। ਜੇਲ੍ਹ ਅਧਿਕਾਰੀਆਂ ਵੱਲੋਂ ਗ੍ਰਿਫ਼ਤਾਰ ਪ੍ਰਦਰਸ਼ਨਕਾਰੀਆਂ ਨਾਲ ਬਹੁਤ ਹੀ ਮਾੜਾ ਸਲੂਕ ਕੀਤਾ ਜਾਂਦਾ ਸੀ।

ਭਾਈ ਰਣ ਸਿੰਘ ਜੀ ਨੂੰ ਵੀ ਪਹਿਲਾਂ ਨਾਭਾ ਜੇਲ੍ਹ ਦੇ ਬੀੜ ਦੁਸਾਂਝ ਵਾਲੇ ਕੈਂਪ ਵਿਚ ਰੱਖਿਆ ਗਿਆ। ਬਾਅਦ ਵਿਚ ਇਸੇ ਕੈਂਪ ਵਿਚ ਜਥਾ ਨੰਬਰ ੬, ੮, ੧੧, ੧੨, ੧੩ ਅਤੇ ੧੪ ਦੇ ਪ੍ਰਦਰਸ਼ਨਕਾਰੀਆਂ ਨੂੰ ਵੀ ਲਿਆ ਕੇ ਬੰਦ ਕੀਤਾ ਗਿਆ। ਇਨ੍ਹਾਂ ਵਿਚ ਕੁਝ ਅਕਾਲੀ ਵਰਕਰਾਂ ਨੂੰ ਜੋ ਮੋਢੀ ਹੁੰਦੇ ਸਨ ਨਾਭਾ ਜੇਲ੍ਹ ਵਿਚ ਲਿਜਾ ਕੇ ਮਾਫੀ ਮੰਗਣ ਲਈ ਜ਼ੋਰ ਪਾਇਆ ਜਾਂਦਾ ਸੀ। ਪੁਲਿਸ ਵੱਲੋਂ ਭਾਈ ਰਣ ਸਿੰਘ ਤੇ ਵੀ ਬਹੁਤ ਸਖਤੀਆਂ ਕਰ ਕੇ ਮਾਫੀ ਮੰਗਣ ਲਈ ਮਜ਼ਬੂਰ ਕੀਤਾ ਗਿਆ। ਭਾਈ ਸਾਹਿਬ ਸਦਾ ਹੀ ਰੱਬ ਦਾ ਭਾਣਾ ਮੰਨਣ ਵਾਲੇ ਗੁਰਸਿੱਖ ਸਨ ਅਤੇ ਆਪਣੇ ਇਰਾਦੇ ਤੋਂ ਟੱਸ ਤੋਂ ਮੱਸ ਨਾ ਹੋਏ ਅਤੇ ਹਰ ਤਰ੍ਹਾਂ ਦੇ ਤਸ਼ੱਦਦ ਲਈ ਤਿਆਰ ਰਹੇ। ਭਾਈ ਸਾਹਿਬ ਨੇ ਪੁਲਿਸ ਦੀਆਂ ਵਧੀਕੀਆਂ ਵਿਰੁੱਧ ਜੇਲ੍ਹ ਵਿਚ ਭੁੱਖ-ਹੜਤਾਲ ਕਰ ਦਿੱਤੀ। ਜੇਲ੍ਹ ਵਿਚ ਭਾਈ ਰਣ ਸਿੰਘ ਦੀਆਂ ਗਤੀਵਿਧੀਆਂ ਨੂੰ ਦੇਖਦੇ ਹੋਏ ਜੇਲ੍ਹ ਕਰਮਚਾਰੀ ਇਨ੍ਹਾਂ ਨਾਲ ਈਰਖਾ ਕਰਨ ਲੱਗ ਪਏ। ਇਨ੍ਹਾਂ ਨੂੰ ਬੀੜ ਦੁਸਾਂਝ ਤੋਂ ਨਾਭਾ ਜੇਲ੍ਹ ਵਿਚ ਬਦਲ ਦਿੱਤਾ ਗਿਆ।

੩ ਮਈ ਸੰਨ ੧੯੨੫ ਈ. ਦੀ ਸ਼ਾਮ ਨੂੰ ਸੈਂਟਰਲ ਜੇਲ੍ਹ ਦੇ ਜਲਾਦ ਉਨ੍ਹਾਂ ਦੀ ਕੋਠੜੀ ਵਿਚ ਆ ਗਏ। ਉਹ ਭਾਈ ਸਾਹਿਬ ਨੂੰ ਫੜ ਕੇ ਯਾਤਨਾ-ਗ੍ਰਹਿ ਵਿਚ ਲੈ ਗਏ। ਜ਼ੱਲਾਦਾਂ ਨੇ ਉਨ੍ਹਾਂ ਦੇ ਕੇਸਾਂ ਨੂੰ ਛੱਤ ਨਾਲ ਲਟਕਦੇ ਕੁੰਡਿਆਂ ਨਾਲ ਬੰਨ ਦਿੱਤਾ। ਉਨ੍ਹਾਂ ਨੂੰ ਲੱਕੜੀ ਦੀ ਕੁਰਸੀ ਉੱਪਰ ਖੜਾ ਕਰ ਕੇ ਪੈਰਾਂ ਨਾਲ ਭਾਰੀ ਪੱਥਰ ਬੰਨ ਦਿੱਤੇ ਭਾਈ ਸਾਹਿਬ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋਏ ਤਸ਼ੱਦਦ ਝੱਲਦੇ ਰਹੇ। ਕੁਝ ਸਮਾਂ ਬਾਅਦ ਕੁਰਸੀ ਨੂੰ ਉਨ੍ਹਾਂ ਦੇ ਪੈਰਾਂ ਥੱਲਿਓਂ ਖਿੱਚ ਲਿਆ ਗਿਆ। ਭਾਈ ਸਾਹਿਬ ਦਾ ਸਰੀਰ ਪੂਰੇ ਝਟਕੇ ਨਾਲ ਥੱਲੇ ਡਿੱਗ ਗਿਆ ਜਿਸ ਨਾਲ ਉਨ੍ਹਾਂ ਦੀ ਖੋਪਰੀ ਕੇਸਾਂ ਸਮੇਤ ਸਰੀਰ ਤੋਂ ਅਲੱਗ ਹੋ ਗਈ। ਕੁਝ ਸਮੇਂ ਬਾਅਦ ਉਹ ਸ਼ਹੀਦੀ ਪ੍ਰਾਪਤ ਕਰ ਗਏ। ਪੁਲਿਸ ਵੱਲੋਂ ਨਾਭਾ ਜੇਲ੍ਹ ਦੇ ਅਹਾਤੇ ਵਿਚ ਹੀ ਉਨ੍ਹਾਂ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ।

੭ ਜੁਲਾਈ, ੧੯੨੫ ਈ. ਵਿਚ ਗੁਰਦੁਆਰਾ ਐਕਟ ਲਾਗੂ ਹੋ ਗਿਆ ਇਸ ਦੇ ਨਾਲ ਹੀ ਜੈਤੋ ਦਾ ਮੋਰਚਾ ਖਤਮ ਹੋ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਲੀ ਦਲ ਨੂੰ 'ਖ਼ਿਲਾਫ਼ ਕਾਨੂੰਨੀ ਜ਼ਮਾਤ' ਹੋਣ ਦਾ ਹੁਕਮ ਵਾਪਸ ਲੈ ਲਿਆ ਗਿਆ। ਹੌਲੀ-ਹੌਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫੜੇ ਗਏ ਸਾਰੇ ਮੈਬਰਾਂ ਨੂੰ ਅਤੇ ਜੈਤੋ ਦੇ ਮੋਰਚੇ ਵਿਚ ਗ੍ਰਿਫ਼ਤਾਰ ਕੀਤੇ ਹੋਏ ਸਿੰਘਾਂ ਨੂੰ ਰਿਹਾਅ ਕਰ ਦਿੱਤਾ ਗਿਆ। ੯ ਜੁਲਾਈ, ੧੯੨੫ ਈ. ਨੂੰ ਜੈਤੋ ਵਿਖੇ ਅਖੰਡਪਾਠ ਸਾਹਿਬ ਦੀ ਖੁੱਲ੍ਹ ਦੇ ਦਿੱਤੀ ਗਈ। ੨੧ ਜੁਲਾਈ, ੧੯੨੫ ਈ. ਨੂੰ ੧੦੧ ਅਖੰਡ ਪਾਠਾਂ ਦੀ ਲੜੀ ਸ਼ੁਰੂ ਕੀਤੀ ਗਈ ਜਿਸ ਦੇ ਭੋਗ ੬ ਅਗਸਤ, ੧੯੨੫ ਈ. ਨੂੰ ਪਾਏ ਗਏ। ਭੋਗ ਉਪਰੰਤ ਸਾਰੇ ਜਥੇ ਜੈਤੋ ਤੋਂ ਚੱਲ ਕੇ ੯ ਅਗਸਤ, ੧੯੨੫ ਈ. ਨੂੰ ਸ੍ਰੀ ਤਰਨਤਾਰਨ ਸਾਹਿਬ ਵਿਖੇ ਇਕੱਠੇ ਹੋਏ। ਇੱਥੋਂ ਇਹ ਨਗਰ ਕੀਰਤਨ ਦੇ ਰੂਪ ਵਿਚ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਪਹੁੰਚੇ, ਜਿੱਥੇ ਇਨ੍ਹਾਂ ਨੂੰ ਸਨਮਾਨਿਤ ਕੀਤਾ ਗਿਆ। ■

# ਸਮਕਾਲੀ ਪੱਤਰਾਂ ਵਿਚ ਸਾਕਾ ਨਨਕਾਣਾ ਸਾਹਿਬ ਦਾ ਬਿਰਤਾਂਤ

*-ਡਾ. ਗੁਰਤੇਜ ਸਿੰਘ ਠੀਕਰੀਵਾਲਾ**

ਸਾਕਾ ਨਨਕਾਣਾ ਸਾਹਿਬ ਬਾਰੇ ਸਮਕਾਲੀ ਪੱਤਰਾਂ/ਅਖਬਾਰਾਂ ਖਾਲਸਾ ਸਮਾਚਾਰ, ਪੰਥ ਸੇਵਕ, ਪੰਜਾਬ ਦਰਪਣ, ਪੰਚ, ਅਕਾਲੀ, ਅਕਾਲ ਸੇਵਕ, ਅਕਾਲੀ ਲਾਹੌਰ ਅਤੇ ਗੜਗੱਜ ਅਕਾਲੀ ਆਦਿ ਵਿੱਚੋਂ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਅਤੇ ਬਾਅਦ ਵਿਚ ਦੋਸ਼ੀਆਂ ਖ਼ਿਲਾਫ ਚੱਲੇ ਮੁਕੱਦਮੇ ਬਾਰੇ ਤਕਰੀਬਨ ਇਕਸਾਰ ਦੇ ਬਿਰਤਾਂਤ ਪ੍ਰਾਪਤ ਹੁੰਦੇ ਹਨ।

ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦੀ ਸਾਕਾ ਨਨਕਾਣਾ ਸਾਹਿਬ ਅਜਿਹੀ ਘਟਨਾ ਸੀ ਜਿੱਥੇ ਮਹੰਤ ਜੁੰਡਲੀ ਵਿਚਲਾ ਗੁਰਧਾਮਾਂ 'ਤੇ ਚਿਰਾਂ ਲਈ ਕਾਬਜ਼ ਰਹਿਣ ਦਾ ਭਰਮ ਸਿਖਰ 'ਤੇ ਆ ਪਹੁੰਚਿਆ ਸੀ। ਇੱਥੋਂ ਦਾ ਮਹੰਤ ਨਰਾਇਣ ਦਾਸ ਕਿਸੇ ਵੀ ਹਾਲਤ ਵਿਚ ਇੱਥੋਂ ਦੇ ਪ੍ਰਬੰਧ ਪੰਥਕ ਕਮੇਟੀ ਨੂੰ ਦੇਣ ਲਈ ਤਿਆਰ ਨਹੀਂ ਸੀ। ਸੈਸ਼ਨ ਕੋਰਟ ਵਿਚ ਮਹੰਤ ਦੇ ਇਕ ਰਿਸ਼ਤੇਦਾਰ ਗੋਮੀ ਦਾਸ ਦੇ ਬਿਆਨ ਮੁਤਾਬਿਕ ਮਹੰਤ ਨੇ ਮਿਰਾਸੀ ਜਾਤ ਦੀ ਇਕ ਇਸਤਰੀ ਨੂੰ ਗੈਰ-ਇਖਲਾਕੀ ਰੱਖਿਆ ਹੋਇਆ ਸੀ। ਲਿਹਾਜ਼ੇ ਸਿੱਖ ਮਨਾਂ ਵਿਚ ਮਹੰਤ ਨਰਾਇਣ ਦਾਸ ਦੇ ਚਰਿੱਤਰਹੀਣ ਹੋਣ ਅਤੇ ਉਸ ਦੁਆਰਾ ਗੁਰਦੁਆਰਾ ਸਾਹਿਬ ਦੀ ਜਾਇਦਾਦ ਦੀ ਦੁਰਵਰਤੋਂ ਕਰਨ ਦਾ ਸਖਤ ਰੋਸ ਸੀ। ਮਹੰਤ ਕੁਝ ਮੁਰੱਬੇ ਆਪਣੇ ਲੜਕਿਆਂ ਦੇ ਨਾਂ ਲਵਾਉਣ ਲਈ ਤਤਪਰ ਸੀ। ਸਿੱਖ ਆਪਣੇ ਇਸ ਗੁਰਧਾਮ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਣ ਦੇ ਚਾਅ ਅਤੇ ਗੁਰੂ-ਘਰ ਦੀ ਜਾਇਦਾਦ ਬਚਾਉਣ ਵਾਸਤੇ ਕੋਈ ਵੀ ਕੁਰਬਾਨੀ ਕਰਨ ਨੂੰ ਤਿਆਰ ਸਨ। ਸੋ ਇਸੇ ਕਸ਼ਮਕਸ਼ ਨੂੰ ਲੈ ਕੇ ਵਾਪਰਿਆ ਇਹ ਸਾਕਾ ਕੋਈ ਇਤਫ਼ਾਕੀਆ ਘਟਨਾ ਨਹੀਂ ਸੀ, ਬਾਅਦ ਵਿਚ ਚੱਲੇ ਮੁਕੱਦਮੇ ਵਿਚ ਇਕ ਸਰਕਾਰੀ ਗਵਾਹ ਮੁਤਾਬਿਕ ੨੬ ਨਵੰਬਰ, ੧੯੨੦ ਈ. ਨੂੰ ਗੁਰਪੁਰਬ 'ਤੇ ਹੀ ਮਹੰਤ ਵੱਲੋਂ ਫ਼ਸਾਦ ਕੀਤਾ ਜਾਣਾ ਸੀ ਜੇ ਡਿਪਟੀ ਕਮਿਸ਼ਨਰ ਤੇ ਪੁਲਿਸ ਸੁਪਰਡੈਂਟ ਉੱਥੇ ਮੌਜੂਦ ਨਾ ਹੁੰਦੇ।

ਅਗਸਤ ੧੯੨੧ ਈ. ਵਿਚ ਸੈਸ਼ਨ ਕੋਰਟ 'ਚ ਪੁਲਿਸ ਕਮਿਸ਼ਨਰ ਮਿ. ਕਿੰਗ ਦੇ ਦਿੱਤੇ ਬਿਆਨ ਅਨੁਸਾਰ ਅਕਾਲੀਆਂ ਦੁਆਰਾ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਦੀਆਂ ਫੈਲੀਆਂ ਅਫ਼ਵਾਹਾਂ ਤੋਂ ਭੈਅ ਭੀਤ ਮਹੰਤਾਂ ਨੇ ਵਫ਼ਦ ਰੂਪ ਵਿਚ ਕਮਿਸ਼ਨਰ ਮਿ. ਕਿੰਗ ਨੂੰ ਦਰਖਾਸਤ ਦਿੱਤੀ ਕਿ ਸਰਕਾਰ ਗੁਰਦੁਆਰਾ

*ਸਹਾਇਕ ਪ੍ਰੋਫ਼ੈਸਰ, ਮੀਰੀ ਪੀਰੀ ਖ਼ਾਲਸਾ ਕਾਲਜ, ਭਦੌੜ, ਜ਼ਿਲ੍ਹਾ ਬਰਨਾਲਾ- ੧੪੮੧੦੨; ਮੋ. +੯੧੯੪੬੩੮-੬੧੩੧੬

ਸਾਹਿਬਾਨ ਦੀ ਹਿਫ਼ਾਜ਼ਤ ਵਾਸਤੇ ਪੁਲਿਸ ਤਾਇਨਾਤ ਕਰੇ। ਕਮਿਸ਼ਨਰ ਨੇ ਨਾਂਹ ਕਰ ਦਿੱਤੀ ਅਤੇ ਕਿਹਾ ਜੇ ਕੋਈ ਡਰ ਹੈ ਤਾਂ ਕਾਨੂੰਨੀ ਚਾਰਾਜੋਈ ਕਰ ਸਕਦੇ ਹੋਂ। ਪਿੱਛੋਂ ਸਰਕਾਰੀ ਅਫਸਰਾਂ ਦੀ ਇਕ ਮੀਟਿੰਗ ਹੋਈ ਜਿਸ ਵਿਚ ਡਿਪਟੀ ਇੰਸਪੈਕਟਰ ਜਨਰਲ ਪੁਲੀਸ ਮਿਸਟਰ ਮਰਸਰ, ਕਮਿਸ਼ਨਰ ਮਿਸਟਰ ਕਿੰਗ, ਡੀ. ਸੀ. ਮਿਸਟਰ ਕਰੀ ਅਤੇ ਇਕ ਸੁਪਰਡੰਟ ਪੁਲਿਸ ਸ਼ਾਮਿਲ ਹੋਏ, ਇਨ੍ਹਾਂ ਨੇ ਵੀ ਫੈਸਲਾ ਕੀਤਾ ਕਿ ਗੁਰਦੁਆਰਾ ਸਾਹਿਬਾਨ ਦੀ ਹਿਫ਼ਾਜ਼ਤ ਲਈ ਪੁਲਿਸ ਤਾਇਨਾਤ ਕਰਨ ਦੀ ਕੋਈ ਲੋੜ ਨਹੀਂ, ਇਹ ਸਿੱਖਾਂ ਦਾ ਧਾਰਮਿਕ ਮਸਲਾ ਹੈ। ਤਾਂ ਮਹੰਤ ਨੇ ੨੮-੨੯ ਪਠਾਣਾਂ ਦੀ ਭਰਤੀ ਕੀਤੀ।

੨੦ ਫਰਵਰੀ, ੧੯੨੧ ਈ. ਨੂੰ ੭:੦੦ ਵਜੇ ਦੇ ਕਰੀਬ ਭਾਈ ਲਛਮਣ ਸਿੰਘ ਧਾਰੋਵਾਲੀ ਦੀ ਅਗਵਾਈ ਵਿਚ ਇਕ ਜਥਾ ਜਿਉਂ ਹੀ ਦਰਸ਼ਨ ਕਰਨ ਲਈ ਗੁਰਦੁਆਰਾ ਪ੍ਰਕਾਸ਼-ਸਥਾਨ ਸ੍ਰੀ ਨਨਕਾਣਾ ਸਾਹਿਬ ਵਿਚ ਦਾਖਲ ਹੋਇਆ ਤਾਂ ਇਨ੍ਹਾਂ ਦੇ ਅੰਦਰ ਵੜਦਿਆਂ ਹੀ ਦਰਵਾਜ਼ਾ ਬੰਦ ਕਰ ਦਿੱਤਾ ਗਿਆ। ਗੁਰਦੁਆਰਾ ਸਾਹਿਬਾਨ ਦੀ ਦਰਸ਼ਨੀ ਡਿਉਢੀ 'ਤੇ ਪੌੜੀਆਂ ਰਾਹੀਂ ਕਾਤਲ ਉੱਪਰ ਚੜ੍ਹ ਗਏ ਅਤੇ ਉੱਪਰ ਮੀਨਾਰ 'ਤੇ ਇਕ ਨਗਾਰਾ ਜੋ ਸਾਰੇ ਗੁੰਡਿਆਂ ਨੂੰ ਸਾਵਧਾਨ ਕਰਨ ਵਾਸਤੇ ਰੱਖਿਆ ਸੀ, ਵਜਾਉਣਾ ਸ਼ੁਰੂ ਕੀਤਾ। ਭਾਈ ਲਛਮਣ ਸਿੰਘ ਜੀ ਦਾ ਜਥਾ ਪ੍ਰਕਾਸ਼ ਸਥਾਨ ਵਾਲੀ ਕੋਠੜੀ ਅਤੇ ਬਾਰਾਂਦਾਰੀ ਵਿਚ ਬੈਠਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਭਾਈ ਲਛਮਣ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਆਸਾ ਦੀ ਵਾਰ ਦਾ ਪਾਠ ਕਰ ਰਹੇ ਸਨ, ਦਰਸ਼ਨੀ ਡਿਉਢੀ ਅਤੇ ਸੱਜੇ ਪਾਸੇ ਵਾਲੇ ਮਕਾਨਾਂ ਦੀ ਛੱਤ ਤੋਂ ਉਨ੍ਹਾਂ 'ਤੇ ਗੋਲੀ ਚੱਲਣੀ ਸ਼ੁਰੂ ਹੋ ਗਈ ਤਾਂ ਸਿੰਘਾਂ ਨੇ ਉੱਠ ਕੇ ਪਾਸੇ ਵਾਲੀਆਂ ਕੋਠੜੀਆਂ ਵਿਚ ਪਨਾਹ ਲਈ ਤੇ ਪ੍ਰਕਾਸ਼ ਸਥਾਨ ਵਾਲੀ ਕੋਠੜੀ ਦੇ ਅੰਦਰ ਬੈਠਿਆਂ ਚਾਰੇ ਪਾਸਿਆਂ ਦੇ ਦਰਵਾਜ਼ੇ ਬੰਦ ਕਰ ਲਏ। ਇੰਨੇ ਨੂੰ ਇਕ ਦਰਵਾਜ਼ਾ ਖੁਲ੍ਹਾ ਤੇ ਬਾਹਰੋਂ ਸੈਂਕੜਿਆਂ ਦੀ ਤਾਦਾਦ ਵਿਚ ਆਦਮੀ ਛਵੀਆਂ, ਕੁਹਾੜੇ, ਬੰਦੂਕਾਂ ਲੈ ਕੇ ਅੰਦਰ ਵੜੇ ਤੇ ਕੋਠੜੀ ਵਿਚਲੇ ਸਿੰਘਾਂ ਨੂੰ ਅੰਦਰੋਂ ਕੱਢ-ਕੱਢ ਕੇ ਬੇਦਰਦੀ ਨਾਲ ਟੁੱਕੜੇ ਕਰ ਮਿੱਟੀ ਦਾ ਤੇਲ ਪਾ ਕੇ ਅੱਗ ਲਾਉਣੀ ਸ਼ੁਰੂ ਕਰ ਦਿੱਤੀ। ਜੋ ਸਿੰਘ ਪ੍ਰਕਾਸ਼ ਸਥਾਨ ਵਾਲੀ ਕੋਠੜੀ ਵਿਚ ਬੈਠੇ ਸਨ ਉਨ੍ਹਾਂ ਦਾ ਖਿਆਲ ਸੀ ਕਿ ਗੁਰੂ ਜੀ ਦੇ ਅਦਬ ਤੇ ਭੈ ਵਿਚ ਅੰਦਰਲਿਆਂ 'ਤੇ ਹੱਥ ਨਹੀਂ ਚੁੱਕਿਆ ਜਾਵੇਗਾ ਪ੍ਰੰਤੂ ਕਾਤਲਾਂ ਨੇ ਪ੍ਰਕਾਸ਼ ਸਥਾਨ ਵਾਲੀ ਕੋਠੜੀ ਦੇ ਪਿਛਲੇ ਪਾਸੇ ਦਰਵਾਜ਼ੇ ਵਿਚ ਵੀ ਛੇਕ ਕਰ ਕੇ ਫਾਇਰਿੰਗ ਕੀਤੀ ਜਿਸ ਨਾਲ ਤਾਬਿਆ ਬੈਠੇ ਸਿੰਘ ਨੂੰ ਕਾਫੀ ਗੋਲੀਆਂ ਲਗੀਆਂ। ਫਿਰ ਕਾਤਲਾਂ ਨੇ ਇਸ ਕੋਠੜੀ ਦੇ ਖੱਬੇ ਪਾਸੇ ਵਾਲਾ ਦਰਵਾਜ਼ਾ ਉਖੇੜ ਲਿਆ ਤੇ ਅੰਦਰ ਬੈਠਿਆਂ ਦੀ ਕੱਟ-ਵੱਢ ਸ਼ੁਰੂ ਕਰ ਦਿੱਤੀ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਦੇ ਉੱਪਰ ਦੀ ਗੋਲੀਆਂ ਵਜੀਆਂ। ਇੰਨਾਂ ਕੁਝ ਹੋਣ ਦੇ ਬਾਵਜੂਦ ਵੀ ਭਾਈ ਲਛਮਣ ਸਿੰਘ ਜਥੇ ਦੇ ਬਾਕੀ

ਸਿੰਘਾਂ ਨੂੰ ਕਹਿੰਦੇ ਰਹੇ ਕਿ ਸ਼ਹੀਦ ਹੋ ਜਾਓ ਪਰ ਕਿਸੇ ਨੇ ਹੱਥ ਨਹੀਂ ਚੁੱਕਣਾ। ਪ੍ਰਕਾਸ਼ ਸਥਾਨ ਵਾਲੀ ਕੋਠੜੀ ਦੇ ਸਜੇ ਪਾਸੇ ਤੋਂ ਲੈ ਕੇ ਖੱਬੇ ਪਾਸੇ ਦੇ ਦਰਵਾਜ਼ੇ ਤਕ ਖ਼ੂਨ ਦੇ ਨਿਸ਼ਾਨ ਦੀ ਇਕ ਸੜਕ ਜਿਹੀ ਬਣ ਗਈ ਸੀ ਜਿਸ ਤੋਂ ਪ੍ਰਤੀਤ ਹੁੰਦਾ ਸੀ ਕਿ ਕਾਤਲਾਂ ਨੇ ਬੜੀ ਬੇਦਰਦੀ ਨਾਲ ਫੱਟੜ ਤੇ ਸ਼ਹੀਦ ਹੋ ਚੁੱਕੇ ਸਿੰਘਾਂ ਨੂੰ ਘਸੀਟ ਕੇ ਇਸ ਥਾਂ ਲਿਆਂਦਾ। ਇਸ ਤਰ੍ਹਾਂ ਚਾਰ ਦੀਵਾਰੀ ਦੇ ਅੰਦਰ ਕੱਟ ਵੱਢ ਹੋ ਰਹੀ ਸੀ ਤੇ ਮਿੱਟੀ ਦਾ ਤੇਲ ਪਾ ਕੇ ਫੱਟੜ ਤੇ ਸ਼ਹੀਦ ਸਿੰਘਾਂ ਨੂੰ ਅਗਨੀ ਭੇਟ ਕੀਤਾ ਜਾ ਰਿਹਾ ਸੀ। ਇਕ ਰੁਖ ਦੇ ਨਾਲੋਂ ਮਿਲੀ ਲਾਸ਼ ਤੋਂ ਸਾਬਤ ਹੁੰਦਾ ਸੀ ਕਿ ਸਿੰਘਾਂ ਨੂੰ ਦਰੱਖਤਾਂ ਨਾਲ ਬੰਨ੍ਹ ਮਿੱਟੀ ਦਾ ਤੇਲ ਪਾ ਕੇ ਵੀ ਜਲਾਇਆ ਗਿਆ ਸੀ। ਸਭ ਤੋਂ ਵਧ ਬੇਰਹਿਮੀ ਨਾਲ ਸ਼ਹੀਦੀ ਭਾਈ ਲਛਮਣ ਸਿੰਘ ਜੀ ਦੀ ਹੋਈ। ਮਹੰਤ ਹਥਿਆਰਬੰਦ ਹੋ ਕੇ ਇਨ੍ਹਾਂ ਦੇ ਸੀਸ ਨੂੰ ਕੇਸਾਂ ਤੋਂ ਫੜ ਘੋੜੇ 'ਤੇ ਸਵਾਰ ਹੋ ਪਿੰਡ ਵਿਚ ਦਹਿਸ਼ਤ ਪੈਦਾ ਕਰਨ ਦੇ ਮੰਤਵ ਨਾਲ ਲੋਕਾਂ ਨੂੰ ਦਿਖਾ ਰਿਹਾ ਸੀ ਕਿ ਇਹ ਅਕਾਲੀਆਂ ਦਾ ਜਥੇਦਾਰ ਹੈ। ਲੋਕ ਦਹਿਸ਼ਤ ਨਾਲ ਘਰ ਛੱਡ ਕੇ ਨੱਸ ਗਏ ਅਤੇ ਕਈਆਂ ਨੇ ਅੰਦਰ ਵੜ ਦਰਵਾਜ਼ੇ ਬੰਦ ਕਰ ਲਏ। ਇਕ ਪਿੰਡ ਦੇ ੪੨ ਸਿੰਘਾਂ ਦਾ ਇਕ ਹੋਰ ਜਥਾ ਕੱਟ-ਵੱਢ ਵੇਲੇ ਪੁੱਜਾ, ਦਰਸ਼ਨਾਂ ਤੋਂ ਵਾਂਝੇ ਨਾ ਜਾਣ ਦੇ ਚਾਉ ਵਿਚ ਅੰਦਰ ਆ ਵੜੇ, ਹੱਥ ਨਹੀਂ ਚੁੱਕਿਆ, ਕਿਸੇ ਨੂੰ ਮਾਰਿਆ ਨਹੀਂ। ਕਲਗੀਧਰ ਦੇ ਲਾਲ ਆਪਣੇ ਸਤਿਗੁਰਾਂ ਦੇ ਪ੍ਰਕਾਸ਼ ਸਥਾਨ ਵਿਚ ਸ਼ਹੀਦ ਹੋ ਗਏ। ਭਾਈ ਵਰਿਆਮ ਸਿੰਘ ਤੇ ਭਾਈ ਦਲੀਪ ਸਿੰਘ ਜੀ ਸਾਂਗਲੇ ਵਾਲਿਆਂ ਨੇ ਮਹੰਤ ਨੂੰ ਕਿਹਾ ਕਿ ਆਪ ਦੀ ਇਹ ਹਰਕਤ ਨਿਹਾਇਤ ਹੀ ਜ਼ਾਲਮਾਨਾ ਹੈ ਤਾਂ ਇਹ ਵੀ ਦੋਨੋ ਪਿਸਤੌਲ ਦੀ ਗੋਲੀ ਦਾ ਨਿਸ਼ਾਨਾ ਬਣਾ ਕੇ ਭੱਠੀ ਵਿਚ ਸੁੱਟੇ ਗਏ।

੧੦੦ ਦੇ ਕਰੀਬ ਆਦਮੀ ਸ. ਉੱਤਮ ਸਿੰਘ ਧੰਨਾ ਸਿੰਘ ਦੇ ਕਾਰਖਾਨੇ ਵੱਲ ਧਾਵਾ ਕਰਨ ਜਾ ਰਹੇ ਸਨ, ਡੀ. ਸੀ. ਦੇ ਆਉਣ ਦੀ ਖ਼ਬਰ ਸੁਣ ਕੇ ਮੁੜ ਪਏ। ਸ. ਆਤਮਾ ਸਿੰਘ ਦੁਕਾਨਦਾਰ ਅਤੇ ਉੱਤਮ ਸਿੰਘ ਜੀ ਕਾਰਖਾਨੇ ਵਾਲਿਆਂ ਨੇ ਡੀ. ਸੀ. ਨੂੰ ਜ਼ੋਰ ਨਾਲ ਕਿਹਾ ਕਿ ਓਹ ਵੇਖੋ ਫਿਰ ਮਹੰਤ ਸਿੰਘਾਂ ਦੀ ਲਾਸ਼ਾਂ ਨੂੰ ਜਲਾ ਕੇ ਆਪਣੇ ਕੀਤੇ ਮਹਾਂ ਉਪੱਦਰਵ ਨੂੰ ਛਪਾਉਣ ਦਾ ਯਤਨ ਕਰ ਰਿਹਾ ਹੈ, ਜਿਸ 'ਤੇ ਡੀ.ਸੀ. ਨੇ ਕੋਲ ਜਾ ਕੇ ਫਿਰ ਲਾਸ਼ਾਂ 'ਤੇ ਪਾਣੀ ਪਵਾਇਆ। ਰਾਤ ਨੂੰ ਫੌਜੀ ਟੁੱਕੜੀ ਦੇ ਪਹੁੰਚਣ 'ਤੇ ਮਹੰਤ ਨੂੰ ਉਸ ਦੇ ਮਕਾਨ ਅੰਦਰੋਂ ਗ੍ਰਿਫਤਾਰ ਕੀਤਾ ਅਤੇ ਉਸ ਦੇ ੨੬ ਸਾਥੀ ਪਠਾਣਾਂ ਨੂੰ ਵੀ ਫੜ ਕੇ ਮਹੰਤ ਸਮੇਤ ਸਪੈਸ਼ਲ ਗੱਡੀ ਵਿਚ ਲਾਹੌਰ ਸੈਂਟਰਲ ਜੇਲ੍ਹ ਪਹੁੰਚਾ ਦਿੱਤਾ ਗਿਆ, ਜਿੱਥੇ ਮਹੰਤ ਨੂੰ ਬਾਕੀ ਮੁਜਰਮਾਂ ਨਾਲੋਂ ਵੱਖ ਫਾਂਸੀ ਵਾਲੀ ਇਕ ਸਾਧਾਰਨ ਕੋਠੜੀ ਵਿਚ ਰੱਖਿਆ ਗਿਆ। ਦਫਾ ੧੪੫ ਦੇ ਤਹਿਤ ਗੁਰਦੁਆਰਾ ਸਾਹਿਬ ਨੂੰ ਸਰਕਾਰੀ ਜਿੰਦੇ ਲਗਾ ਦਿੱਤੇ ਗਏ ਅਤੇ ਭਾਰੀ ਪੁਲਿਸ ਤਾਇਨਾਤ ਕਰ ਦਿੱਤੀ ਗਈ।

੨੨ ਫਰਵਰੀ, ਸੋਮਵਾਰ ਨੂੰ ਭਾਈ ਕਰਤਾਰ ਸਿੰਘ ਜੀ ਝੱਬਰ ਦੀ ਅਗਵਾਈ ਵਿਚ ਲਗਪਗ ੨੨੦੦ ਸੌ ਸਿੰਘਾਂ ਦਾ ਜਥਾ ਨਨਕਾਣਾ ਸਾਹਿਬ ਪੁੱਜਾ। ਮਰਨ ਮਾਰਨ

'ਤੇ ਉਤਰਿਆ ਹੋਇਆ ਜਥਾ ਜਦੋਂ ਗੁਰਦੁਆਰਾ ਸਾਹਿਬ 'ਚ ਦਾਖ਼ਲ ਹੋਣ ਲਈ ਬਜਿੱਦ ਹੋਇਆ ਤਾਂ ਕਮਿਸ਼ਨਰ ਨੇ ਦਫ਼ਾ ੧੪੫ ਚੁਕ ਲਈ ਅਤੇ ਗੁਰਦੁਆਰਾ ਸਾਹਿਬ ਦੀਆਂ ਚਾਬੀਆਂ ਸ. ਹਰਬੰਸ ਸਿੰਘ ਅਟਾਰੀ ਦੇ ਹਵਾਲੇ ਕਰ ਦਿੱਤੀਆਂ। ਇਸ ਤੋਂ ਉਪਰੰਤ ਨਨਕਾਣਾ ਸਾਹਿਬ ਦਾ ਕਬਜ਼ਾ ਸਿੱਖ ਪੰਥ ਦੀ ਇਕ ਕਮੇਟੀ ਦੇ ਨਾਮ ਲਿਖ ਕੇ, ਜਿਸ ਦੇ ਪ੍ਰਧਾਨ ਸਰਦਾਰ ਹਰਬੰਸ ਸਿੰਘ ਅਤੇ ਉਪ ਪ੍ਰਧਾਨ ਸੁੰਦਰ ਸਿੰਘ ਰਾਮਗੜ੍ਹੀਆ ਬਣੇ, ਪੁਲਿਸ ਹਟਾ ਲਈ ਗਈ। ੨੩ ਫਰਵਰੀ ਨੂੰ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।

## ਮਹੰਤ ਨਰੈਣ ਦਾਸ ਅਤੇ ਸਾਥੀਆਂ 'ਤੇ ਚੱਲੇ ਮੁਕੱਦਮੇ ਦੀ ਕਾਰਵਾਈ ਅਤੇ ਫੈਸਲਾ

ਮਹੰਤ ਨਰੈਣ ਦਾਸ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਤੋਂ ਬਾਅਦ ਪਹਿਲਾਂ ੫ ਅਪ੍ਰੈਲ, ੧੯੨੧ ਈ. ਨੂੰ ਸੈਂਟਰਲ ਜੇਲ੍ਹ, ਲਾਹੌਰ ਵਿਚ ਸਪੈਸ਼ਲ ਮੈਜਿਸਟਰੇਟ ਮਿ. ਪਾਰਸਨਜ ਦੀ ਅਦਾਲਤ ਵਿਚ ਮੁਕੱਦਮਾ ਸ਼ੁਰੂ ਹੋਇਆ। ਜਿੱਥੇ ੫੭ ਅਪਰਾਧੀ ਪੇਸ਼ ਹੋਏ। ਇੱਥੇ ੫,੬,੭,੮,੯ ਅਪ੍ਰੈਲ ਨੂੰ ਲਗਾਤਾਰ ਕਾਰਵਾਈ ਚਲਦੀ ਰਹੀ। ਇੱਥੇ ਹੀ ੭ ਅਤੇ ੧੮ ਮਈ ਨੂੰ ਮੁਕੱਦਮੇ ਦੀ ਕਾਰਵਾਈ ਚੱਲਦੀ ਰਹੀ। ਜਿਸ ਵਿਚ ਸੈਂਕੜੇ ਸਰਕਾਰੀ, ਪ੍ਰਾਈਵੇਟ ਅਤੇ ਮਹੰਤ ਦੇ ਬੰਦਿਆਂ ਦੀਆਂ ਗਵਾਹੀਆਂ ਅਤੇ ਬਿਆਨ ਦਰਜ ਕੀਤੇ ਗਏ। ੨੫ ਮਈ, ੧੯੨੧ ਨੂੰ ਮਿ. ਫਰਗੋਸਨ ਫਸਟ ਕਲਾਸ ਮੈਜਿਸਟਰੇਟ ਨੇ ਜੋ ਫੈਸਲਾ ਸੁਣਾਇਆ, ਉਸ ਦਾ ਸੰਖੇਪ ਇਸ ਤਰ੍ਹਾਂ ਹੈ :

"੨੦ ਫਰਵਰੀ ਨੂੰ ਮਹੰਤ ਨਰਾਇਣ ਦਾਸ ਤੇ ਉਸ ਦੇ ੫੦ ਸਾਥੀਆਂ ਨੇ ਸਿੱਖਾਂ ਨੂੰ ਬੇਰਹਿਮੀ ਨਾਲ ਕਤਲ ਕੀਤਾ...੫੧ ਦੋਸ਼ੀਆਂ ਨੂੰ ਸੈਸ਼ਨ ਕੋਰਟ ਸਪੁਰਦ ਕੀਤਾ ਜਾਂਦਾ ਹੈ ਉਹ ਉੱਥੇ ਆਪਣਾ ਨਿਰਦੋਸ਼ ਹੋਣਾ ਸਾਬਤ ਕਰਨ...ਮੈਂ ਦੂਸ਼ਤਾਂ ਨੂੰ ਸੈਸ਼ਨ ਸਪੁਰਦ ਕਰਦਾ ਹਾਂ।"

ਬਾਅਦ ਵਿਚ ੨੬ ਮਈ ਨੂੰ ਸੈਸ਼ਨ ਕੋਰਟ ਲਾਹੌਰ ਵਿਚ ਮੁਕੱਦਮਾ ਸ਼ੁਰੂ ਹੋਇਆ। ਸੈਸ਼ਨ ਕੋਰਟ ਵੱਲੋਂ ਪੰਚਾਇਤ ਦੇ ਤਿੰਨ ਮੈਂਬਰ ਇਕ ਸਿੱਖ ਹਰੀ ਸਿੰਘ, ਇਕ ਮੁਸਲਮਾਨ ਤੇ ਇਕ ਹਿੰਦੂ ਥਾਪੇ ਗਏ। ੩ ਅਗਸਤ, ੧੯੨੧ ਈ. ਨੂੰ ਇਕ ਦੋਸ਼ੀ ਜੋਗੀ ਹਰੀ ਨਾਥ ਇਕਬਾਲੀਆ ਹੋ ਗਿਆ। ਸੈਸ਼ਨ ਕੋਰਟ ਵਿਚ ੨੩ ਅਗਸਤ, ੧੯੨੧ ਈ. ਨੂੰ ਸਿੱਖ ਆਗੂਆਂ ਸ. ਸੁੰਦਰ ਸਿੰਘ ਰਾਮਗੜ੍ਹੀਆ, ਸ. ਮਹਿਤਾਬ ਸਿੰਘ, ਸ. ਸਰਦੂਲ ਸਿੰਘ ਕਵੀਸ਼ਰ, ਸ. ਹਰਬੰਸ ਸਿੰਘ ਅਤੇ ਮਾਸਟਰ ਤਾਰਾ ਸਿੰਘ ਦੀਆਂ ਗਵਾਹੀਆਂ ਹੋਈਆਂ। ੯ ਸਤੰਬਰ, ੧੯੨੧ ਈ. ਨੂੰ ਸਰਕਾਰੀ ਪੱਖ ਦੇ ਵਕੀਲ ਨੇ ਜੱਜ ਨੂੰ ਇਸ ਸਾਕੇ ਦੇ ਤਿੰਨ ਪ੍ਰਮੁੱਖ ਨੁਕਤਿਆਂ ਵੱਲ ਧਿਆਨ ਦੁਆਇਆ। ਪਹਿਲਾ ਇਹ ਕਿ ਇਹ ਕੇਸ ਹੁਣ ਤਕ ਦੀ ਅਦਾਲਤੀ ਕਾਰਵਾਈ ਵਿਚ ਨਿਰਾਲੀ ਕਿਸਮ ਦਾ ਹੈ। ਇਸ ਕਰਕੇ ਇਸ ਨੂੰ ਹੋਰ ਕੇਸਾਂ ਵਾਂਗ ਨਾ ਤਾਂ ਸਮਝਣਾ ਚਾਹੀਦਾ ਤੇ ਨਾ ਹੀ ਉਸੇ

ਪੈਂਤੜੇ ਨਾਲ ਕਾਰਵਾਈ ਹੋਵੇ। ਦੂਜਾ ਨੁਕਤਾ ਇਹ ਕਿ ਮਹੰਤ-ਪੱਖੀ ਗਵਾਹਾਂ ਦੇ ਬਿਆਨ ਆਪਸ ਵਿਚ ਮੇਲ ਨਹੀਂ ਖਾਂਦੇ ਅਤੇ ਮਹੰਤ ਆਪਣੇ ਬਚਾਅ ਲਈ ਪਾਣੀ ਵਾਂਗ ਪੈਸਾ ਵਹਾਅ ਰਿਹਾ ਹੈ। ਤੀਸਰਾ ਇਹ ਕਿ ਮਹੰਤ ਨੇ ਸਾਰੀਆਂ ਲਾਸ਼ਾਂ ਨੂੰ ਖੁਰਦ-ਬੁਰਦ ਕਰਨ ਦਾ ਯਤਨ ਕੀਤਾ। ਉਪਰੰਤ ਮਹੰਤ ਨਰੈਣ ਦਾਸ ਅਤੇ ਸਾਥੀ ਦੋਸ਼ੀ ਕਾਤਲ ਸਾਬਤ ਹੋਏ।

੧੨ ਅਕਤੂਬਰ, ੧੯੨੧ ਈ. ਨੂੰ ਮਿ. ਏ. ਕੈਂਪਲ, ਸੈਸ਼ਨ ਜੱਜ ਲਾਹੌਰ ਨੇ ਸਾਕਾ ਨਨਕਾਣਾ ਸਾਹਿਬ ਦੇ ੧੫੦ ਦੇ ਕਰੀਬ ਬੇਗੁਨਾਹ ਸਿੱਖਾਂ ਦੀ ਮੌਤ ਦੇ ਜੁਰਮ ਵਿਚ ੮ ਦੋਸ਼ੀਆਂ (ਮਹੰਤ ਨਰੈਣ ਦਾਸ, ਹਰੀ ਨਾਥ, ਕਾਦਰ, ਨੂਰ ਸਯੁਦੀਨ ਪਠਾਣ, ਆਤਮਾ ਰਾਮ, ਸੁਰੈਣ ਸਿੰਘ, ਰਾਂਝਾ, ਰਿਹਾਣਾ ਨੂੰ ਫਾਂਸੀ, ੮ ਦੋਸ਼ੀਆਂ (ਪਿਆਰਾ ਸਿੰਘ ਨਨਕਾਣਾ, ਜੀਵਨ ਦਾਸ, ਅਰਜਨ ਦਾਸ, ਕਿਸ਼ਨ ਸਿੰਘ, ਪਿਆਰਾ ਸਿੰਘ ਕਸੂਰ, ਬਾਲਕ ਰਾਮ, ਜੇਠਾ ਸਿੰਘ ਅਤੇ ਜਗਤ ਸਿੰਘ) ਨੂੰ ਕਾਲੇਪਾਣੀ, ੧੬ ਨੂੰ ੭-੭ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਅਤੇ ਬਾਕੀ ਬਚੇ ੧੬ ਵਿਅਕਤੀਆਂ ਨੂੰ ਦੋਸ਼ ਮੁਕਤ ਕਰਾਰ ਦੇ ਦਿੱਤਾ।

ਨਵੰਬਰ ੧੯੨੧ ਈ. ਵਿਚ ਮਹੰਤ ਨੇ ਆਪਣੀ ਫਾਂਸੀ ਦੇ ਵਿਰੁੱਧ ਲਾਹੌਰ ਹਾਈਕੋਰਟ ਵਿਚ ਅਪੀਲ ਕੀਤੀ। ਮਹੰਤ ਵੱਲੋਂ ਮਿ. ਹਸਨ ਇਮਾਮ ਬੈਰਿਸਟਰ ਪਟਨਾ, ਪੇਸ਼ ਹੋਇਆ, ੩ ਮਾਰਚ, ੧੯੨੨ ਈ. ਨੂੰ ਹਾਈਕੋਰਟ ਨੇ ਫੈਸਲਾ ਸੁਣਾਉਂਦਿਆਂ ਮਹੰਤ ਨਰਾਇਣ ਦਾਸ, ਜਗਤ ਸਿੰਘ ਅਤੇ ਬਾਲਕ ਰਾਮ ਨੂੰ ਉਮਰ ਭਰ ਕਾਲੇਪਣੀ ਦੀ ਸਜ਼ਾ ਅਤੇ ਹਰੀ ਨਾਥ, ਰਾਂਝਾ ਤੇ ਰਿਹਾਨਾ ਦੀ ਫਾਂਸੀ ਦੀ ਸਜ਼ਾ ਬਰਕਰਾਰ ਰਖਦਿਆਂ ਬਾਕੀ ਸਾਰੇ ਬਰੀ ਕਰ ਦਿੱਤੇ। ਇਸ ਫੈਸਲੇ ਨਾਲ ਅੰਗਰੇਜ਼ ਸਰਕਾਰ ਦੇ ਨਿਆਂਇਕ ਪ੍ਰਬੰਧ 'ਤੇ ਵੀ ਸਵਾਲੀਆ ਚਿੰਨ ਲੱਗ ਗਿਆ। ਜਿਸ ਨਾਲ ਸਰਕਾਰ ਤੋਂ ਸਿੱਖਾਂ ਲਈ ਇਨਸਾਫ ਦੀ ਉਮੀਦ ਉੱਪਰ ਪਾਣੀ ਫਿਰ ਗਿਆਂ। ਲੇਕਿਨ ਮਹੰਤ ੭ ਸਾਲ ਹੋਰ ਜੇਲ੍ਹ ਵਿਚ ਰਿਹਾ। ਇਸ ਤਰਾਂ ਸਾਕਾ ਨਨਕਾਣਾ ਸਾਹਿਬ ਦੇ ਮੁਕੱਦਮੇ ਦਾ ਅੰਤ ਹੋਇਆ। ਮਹੰਤ ਨਰੈਣ ਦਾਸ ਦੀ ਮੌਤ ੧੯੮੦-੯੦ ਦੇ ਦਰਮਿਆਨ ਹੋਣ ਦਾ ਪਤਾ ਚਲਦਾ ਹੈ। 'ਖਾਲਸਾ ਸਮਾਚਾਰ' ਅਨੁਸਾਰ ਮਹੰਤ ਦੇ ਬਰੀ ਹੋਣ ਦਾ ਕਾਰਨ ਬਾਅਦ ਵਿਚ ਸਿੱਖਾਂ ਵੱਲੋਂ ਇਸ ਮੁਕੱਦਮੇ ਵਿਚ ਦਿਲਚਸਪੀ ਨਾ ਲੈਣੀ ਸੀ। ਹੋ ਸਕਦਾ ਹੈ ਇਧਰ ਕਿਰਪਾਨ ਦਾ ਮੁੱਦਾ ਅਤੇ ਗੁਰਦੁਆਰਾ ਐਕਟ ਦੇ ਮਸਲੇ ਕਾਰਨ ਸਿੱਖ ਆਗੂਆਂ ਦੀਆਂ ਗ੍ਰਿਫਤਾਰੀਆਂ ਤੇ ਬਾਅਦ ਵਿਚ ਜੈਤੋ ਦੇ ਮੋਰਚੇ ਕਾਰਨ ਸ੍ਰੀ ਨਨਕਾਣੇ ਸਾਹਿਬ ਦੇ ਸਾਕੇ ਦੇ ਮੁਕੱਦਮੇ ਦੀ ਪੈਰਵਾਈ ਵਿਚ ਢਿੱਲ ਰਹਿ ਗਈ ਹੋਵੇ। ■

# ਧੰਨ ਧੰਨ ਭਾਈ ਰੂਪ ਚੰਦ ਜੀ

*-ਸ. ਗੁਰਪ੍ਰਤਾਪ ਸਿੰਘ**

ਧੰਨ ਧੰਨ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪਰਮ-ਸੇਵਕ ਧੰਨ ਧੰਨ ਭਾਈ ਰੂਪ ਚੰਦ ਜੀ ਸਿੱਖ ਜਗਤ ਦੀ ਮਹਾਨ ਸ਼ਖ਼ਸੀਅਤ ਬਾਰੇ ਗੱਲ ਕਰਨੀ ਸੌਖੀ ਨਹੀਂ। ਗੁਰੂ ਸਾਹਿਬ ਜਾਂ ਗੁਰੂ ਦੇ ਪਿਆਰਿਆਂ ਦੀ ਗੱਲ ਕਰਨੀ ਸ਼ਬਦਾਂ ਤੋਂ ਪਰੇ ਦੀ ਗੱਲ ਹੈ। ਭਾਈ ਸਾਧੂ ਅਤੇ ਉਨ੍ਹਾਂ ਦਾ ਪੁੱਤਰ ਭਾਈ ਰੂਪ ਚੰਦ ਇਕ ਦਿਨ ਖੇਤਾਂ ਵਿਚ ਕੰਮ ਕਰ ਰਹੇ ਸਨ ਉਨ੍ਹਾਂ ਦਾ ਜਲ ਮਸ਼ਕ ਵਿਚ ਪਾ ਕੇ ਜੰਡ ਦੇ ਦਰੱਖਤ ਉੱਪਰ ਟੰਗਿਆ ਹੋਇਆ ਸੀ।

ਦੋਵਾਂ ਪਿਤਾ-ਪੁੱਤਰ ਨੂੰ ਪਿਆਸ ਲੱਗੀ। ਦੇਖਿਆ ਜਲ ਬਹੁਤ ਠੰਢਾ ਹੈ ਮਨ ਵਿਚ ਵਿਚਾਰ ਬਣਿਆ ਕਿ ਇਹ ਜਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਛਕਣ ਵਾਲਾ ਹੈ, ਦੋਵੇਂ ਲੱਗ ਗਏ ਮੀਰੀ-ਪੀਰੀ ਦੇ ਮਾਲਕ ਨੂੰ ਯਾਦ ਕਰਨ। ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਮਹਾਰਾਜ ਆਪਣੇ ਸਾਂਢੂ ਸਾਈਂ ਦਾਸ ਦੇ ਘਰ ਭਾਈ ਕੀ ਡਰੋਲੀ ਬਿਰਾਜਮਾਨ ਸਨ। ਬੱਸ ਫੇਰ ਕੀ ਸੀ, ਦਿਲਾਂ ਦੀਆਂ ਜਾਣਦੇ ਸਤਿਗੁਰੂ ਆਪਣੇ ਪਿਆਰਿਆਂ ਦੀ ਖਿੱਚ ਦੇ ਬੰਨੇ, ਬਿਨਾਂ ਕਿਸੇ ਨੂੰ ਦੱਸੇ ਘੋੜੇ 'ਤੇ ਸਵਾਰ ਹੋ ਕੇ ਪਹੁੰਚ ਗਏ ਆਪਣੇ ਮੁਰੀਦਾਂ ਦੇ ਕੋਲ। ਪਿਆਰਿਆਂ ਦੇ ਪਿਆਰ ਵਾਲਾ ਜਲ ਗੁਰੂ ਸਾਹਿਬ ਨੇ ਆਪ ਛਕਿਆ ਅਤੇ ਦੋਵਾਂ ਪਿਓ-ਪੁੱਤਰਾਂ ਨੂੰ ਛਕਾਇਆ। ਗੁਰੂ ਸਾਹਿਬ ਨੇ ਫ਼ੁਰਮਾਇਆ ਭਾਈ ਅਸੀਂ ਤੁਹਾਡਾ ਨਵਾਂ ਪਿੰਡ ਬੰਨਾਗੇ। ਗੁਰੂ ਸਾਹਿਬ ਨੇ ਉੱਥੋਂ ਤੀਰ ਚਲਾਇਆ ਤਾਂ ਤੀਰ ਛੇ-ਸੱਤ ਕਿਲੋਮੀਟਰ ਦੂਰੀ 'ਤੇ ਜਾ ਕੇ ਡਿੱਗਿਆ, ਉਸ ਅਸਥਾਨ ਤੇ ਮੀਰੀ-ਪੀਰੀ ਦੇ ਮਾਲਕ ਸਤਿਗੁਰੂ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਣੇ ਕਰ-ਕਮਲਾਂ ਨਾਲ ਮੋੜ੍ਹੀ ਗੱਡੀ ਅਤੇ ਮੁਖੋਂ ਫੁਰਮਾਇਆ ਅੱਜ ਤੁਹਾਡੀਆਂ ਜੜ੍ਹਾਂ ਮੈਂ ਪਤਾਲ ਵਿਚ ਲਗਾ ਦਿੱਤੀਆਂ ਹਨ। ਮਹਾਰਾਜ ਜੀ ਦੀ ਭਾਲ ਕਰਦੇ ਬਾਬਾ ਬਿਧੀ ਚੰਦ ਜੀ ਅਤੇ ਹੋਰ ਗੁਰੂ ਕੇ ਪਿਆਰੇ ਸਿੰਘ ਵੀ ਆ ਗਏ। ਪਿੱਛੇ-ਪਿੱਛੇ ਮਾਤਾ ਦਮੋਦਰੀ ਜੀ ਵੀ ਆ ਗਏ ਗੁਰੂ ਸਾਹਿਬ ਆਪਣੇ ਪਿਆਰਿਆਂ ਅਤੇ ਪਰਵਾਰ ਸਮੇਤ ੩੫੦੦੦ ਫੌਜ ਨਾਲ ਇਸ ਅਸਥਾਨ 'ਤੇ ਛੇ ਮਹੀਨੇ ਤੋਂ ਵੱਧ ਸਮਾਂ ਰਹੇ। ਇਸ ਪਿੰਡ ਦਾ ਨਾਂ ਗੁਰੂ ਸਾਹਿਬ ਨੇ ਭਾਈ ਰੂਪਾ ਰੱਖਿਆ। ਭਾਈ ਰੂਪ ਚੰਦ ਜੀ ਅਤੇ ਉਨ੍ਹਾਂ ਦੇ ਪਿਤਾ ਸਮੇਤ ਪਰਵਾਰ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ। ਸੇਵਾ ਤੋਂ ਖ਼ੁਸ਼ ਹੋ ਕੇ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਰੂਪ ਚੰਦ ਜੀ ਨੂੰ ਭਾਈ ਦਾ ਖ਼ਿਤਾਬ ਦਿੱਤਾ। ਆਪਣੇ

**#6C, ਮਾਲਵਾ ਕਾਲੋਨੀ, ਪਟਿਆਲਾ- ੧੪੭੦੦੧; ਮੋ. ੯੫੦੧੯੦੦੦੫੮*

ਬਸਤਰ-ਸ਼ਸਤਰ ਹੋਰ ਬਹੁਤ ਸਾਰੀਆਂ ਨਿਸ਼ਾਨੀਆਂ ਪਰਵਾਰ ਨੂੰ ਬਖਸ਼ੀਆਂ ਅਤੇ ਆਖਿਆ ਤੇਰਾ ਘਰ ਮੇਰਾ ਘਰ ਹੈ। ਪਰਵਾਰ ਅੱਜ ਵੀ ਸਤਿਗੁਰੂ ਜੀ ਦੀਆਂ ਨਿਸ਼ਾਨੀਆਂ ਦੀ ਸਾਂਭ-ਸੰਭਾਲ ਕਰ ਰਿਹਾ ਹੈ। ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀਆਂ ਬਖ਼ਸ਼ੀਆਂ ਨਿਸ਼ਾਨੀਆਂ ਭਾਈ ਰੂਪ ਚੰਦ ਜੀ ਨੇ ਅਤੇ ਉਨ੍ਹਾਂ ਦੇ ਪਰਵਾਰ ਨੇ ਆਪਣੇ ਸੀਸ ਉੱਪਰ ਰੱਖ ਲਈਆਂ। ਗੁਰੂ ਸਾਹਿਬ ਨੇ ਫੁਰਮਾਇਆ ਭਾਈ ਰੂਪ ਚੰਦ ਜੀ ਤੁਹਾਨੂੰ ਬਸਤਰ ਅਤੇ ਸ਼ਸਤਰ ਪਹਿਨਣ ਲਈ ਦਿੱਤੇ ਹਨ। ਘੋੜੇ ਘੋੜਸਵਾਰੀ ਲਈ ਦਿੱਤੇ ਹਨ। ਪ੍ਰੰਤੂ ਭਾਈ ਸਾਹਿਬ ਨੇ ਬੇਨਤੀ ਕੀਤੀ ਕਿ ਗੁਰੂ ਜੀ ਅਸੀਂ ਤੁਹਾਡੀਆਂ ਬਖਸ਼ਿਸ਼ਾਂ ਨੂੰ ਤੁਹਾਡਾ ਰੂਪ ਜਾਣ ਕੇ ਸੇਵਾ-ਸੰਭਾਲ ਕਰਾਂਗੇ। ਮੀਰੀ-ਪੀਰੀ ਦੇ ਮਾਲਕ ਬਹੁਤ ਪ੍ਰਸੰਨ ਹੋਏ ਅਤੇ ਕਿਹਾ- ਭਾਈ ਰੂਪ ਚੰਦ ਜੀ ਤੁਹਾਡੀ ਜ਼ੁਬਾਨ ਤਲਵਾਰ ਤੋਂ ਤਿੱਖੀ ਚੱਲੇਗੀ।

ਇਸ ਤਰ੍ਹਾਂ ਭਾਈ ਰੂਪ ਚੰਦ ਜੀ ਦੇ ਪਰਵਾਰ ਨੇ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਦੇ ਸਮੇਂ ਤਕ ਗੁਰੂ ਸਾਹਿਬਾਨ ਦੀ ਅਤੇ ਗੁਰੂ-ਘਰ ਦੀ ਸੇਵਾ ਕੀਤੀ। ਧੰਨ-ਧੰਨ ਸਤਿਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਅਤੇ ਮਾਤਾ ਜੀਤ ਕੌਰ ਜੀ ਦੇ ਅਨੰਦ ਕਾਰਜ ਦੀ ਸੇਵਾ ਗੁਰੂ ਕੇ ਲਾਹੌਰ ਵਿਖੇ ਭਾਈ ਰੂਪ ਚੰਦ ਜੀ ਨੇ ਕੀਤੀ।

ਭਾਈ ਧਰਮ ਸਿੰਘ ਅਤੇ ਭਾਈ ਪਰਮ ਸਿੰਘ ਜੋ ਕਿ ਭਾਈ ਰੂਪ ਚੰਦ ਜੀ ਦੇ ਸਪੁੱਤਰ ਸਨ,ਨੇ ਦਸਮ ਪਾਤਸ਼ਾਹ ਜੀ ਦੇ ਨਾਲ ਜੰਗਾਂ-ਯੁੱਧਾਂ ਵਿਚ ਸੇਵਾ ਕੀਤੀ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜਿੱਥੇ ਵੀ ਠਹਿਰਾਅ ਕਰਦੇ ਸਨ, ਭਾਈ ਧਰਮ ਸਿੰਘ ਅਤੇ ਭਾਈ ਪਰਮ ਸਿੰਘ ਜੀ ਹਰ ਰੋਜ਼ ਨਵਾਂ ਮੰਜਾ ਤਿਆਰ ਕਰਦੇ ਸਨ, ਮਹਾਰਾਜ ਲਈ ਲੰਗਰ ਦੀ ਸੇਵਾ ਅਤੇ ਹੋਰ ਕਈ ਪ੍ਰਕਾਰ ਦੀਆਂ ਸੇਵਾਵਾਂ ਨਿਭਾਉਂਦੇ ਸਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਨੇ ਵੀ ਪਰਵਾਰ ਨੂੰ ਆਪਣੇ ਸ਼ਸਤਰ ਅਤੇ ਹੋਰ ਕਈ ਪ੍ਰਕਾਰ ਦੀਆਂ ਨਿਸ਼ਾਨੀਆਂ ਤੇ ਹੁਕਮਨਾਮੇ ਬਖ਼ਸ਼ੇ। ਭਾਈ ਰੂਪ ਚੰਦ ਜੀ ਦੇ ਪਰਵਾਰ ਦੀ ਹੁਣ ਬਾਰ੍ਹਵੀਂ ਪੀੜ੍ਹੀ ਚੱਲ ਰਹੀ ਹੈ ਜੋ ਕਿ ਅੱਜ ਵੀ ਸਤਿਗੁਰੂ ਦੀਆਂ ਬਖ਼ਸ਼ਿਸ਼ਾਂ ਦੀ ਸੇਵਾ ਕਰ ਰਹੀ ਹੈ। ਮਾਤਾ ਸੁੰਦਰ ਕੌਰ ਜੀ ਅਤੇ ਮਾਤਾ ਸਾਹਿਬ ਕੌਰ ਜੀ ਵੱਲੋਂ ਭਾਈ ਸਾਹਿਬ ਦੇ ਪਰਵਾਰ ਵਿਚ ਹੋਏ ਭਾਈ ਦੁੱਨਾ ਜੀ ਨੂੰ ਹੁਕਮਨਾਮੇ ਭੇਜੇ ਜੋ ਅੱਜ ਵੀ ਪਰਵਾਰ ਕੋਲ ਸਾਂਭੇ ਹੋਏ ਹਨ। ਭਾਈ ਰੂਪ ਚੰਦ ਜੀ ਦੇ ਸੱਤ ਪੁੱਤਰ ਅਤੇ ੧੯ ਪੋਤਰੇ ਹੋਏ। ਲੱਗਭਗ ੩੫ ਦੇ ਕਰੀਬ ਭਾਈ ਕੇ ਪਿੰਡ ਭਾਈਰੂਪਾ ਪਿੰਡ ਦੇ ਆਲੇ-ਦੁਆਲੇ ਮੌਜੂਦ ਹਨ ਅਤੇ ਸਾਰੇ ਹੀ ਪਿੰਡਾਂ ਵਿਚ ਗੁਰੂ ਸਾਹਿਬ ਦੀਆਂ ਪਵਿੱਤਰ ਨਿਸ਼ਾਨੀਆਂ ਬਖਸ਼ਿਸ਼ਾਂ ਮੌਜੂਦ ਹਨ। ■

# ਸੂਰਬੀਰ ਬਚਨ ਕੇ ਬਲੀ:ਸ਼ਹੀਦ ਸ. ਲਛਮਣ ਸਿੰਘ ਧਾਰੋਵਾਲੀ

*-ਗਿਆਨੀ ਦਰਸ਼ਨ ਸਿੰਘ**

*ਤੂੰ ਧਾਰੋਵਾਲੀ ਦਾ ਸੂਰਮਾ, ਸਾਨੂੰ ਤੇਰੇ ਉੱਤੇ ਮਾਣ*
*ਤੂੰ ਗੱਭਰੂ ਸ਼ੇਰ ਪੰਜਾਬ ਦਾ, ਤੇਰੀ ਉਪਮਾ ਕਰੇ ਜਹਾਨ*
*ਤੂੰ ਸੁਣ ਕੇ ਸਹਿ ਨਾ ਸਕਿਓਂ, ਹੁੰਦਾ ਗੁਰੂ ਘਰ ਦਾ ਅਪਮਾਨ*
*ਤੇਰਾ ਖ਼ੂਨ ਗੁੱਸੇ ਵਿਚ ਖੌਲਿਆ, ਲੱਗੇ ਡੌਲੇ ਫਰਕਨ ਆਣ*
*ਤੂੰ ਖੱਫ਼ਣ ਬੱਧਾ ਸੀਸ 'ਤੇ, ਹੈ ਧਰੀ ਤਲੀ 'ਤੇ ਜਾਨ*
*ਤੂੰ ਤੁਰ ਪਿਓਂ ਬਦਲਾ ਲੈਣ ਨੂੰ, ਕੁਝ ਲੈ ਕੇ ਨਾਲ ਜਵਾਨ*
*ਤੂੰ ਅਰਦਾਸਾ ਸੋਧਿਆ, ਇਹ ਸੀਸ ਕਰਨ ਲਈ ਦਾਨ*
*ਕੁਝ ਹੋਰ ਵੀ ਨਿਕਲੇ ਸੂਰਮੇ, ਆ ਹੋਇਆ ਗਰਮ ਮੈਦਾਨ*
*ਤੂੰ ਰਹਿਓਂ ਨਾ ਕਿਸੇ ਦਾ ਵਰਜਿਆ, ਤੇਰਾ ਆਸ਼ਾ ਉੱਚਾ ਮਹਾਨ*
*ਤੂੰ ਪਹੁੰਚਿਓਂ ਛਾਲਾਂ ਮਾਰਦਾ, ਤੈਨੂੰ ਪਈ ਨਾ ਕੋਈ ਅਟਕਾਨ*
*ਤੂੰ ਪਹੁੰਚ ਗਿਓਂ ਦਰ ਓਸ 'ਤੇ, ਜਿੱਥੇ ਹੋ ਰਿਹਾ ਸੀ ਅਪਮਾਨ*
*ਤੂੰ ਸ਼ਾਂਤਮਈ ਵਿਚ ਰਹਿੰਦਿਆਂ, ਕਰਨਾ ਚਾਹੁੰਦਾ ਸੈਂ ਜੀਅ ਦਾਨ*
*ਤੈਨੂੰ ਵੇਖ ਕੇ ਪਾਪੀ ਕੰਬਿਆ, 'ਕੱਠੇ ਕਰ ਲਏ ਕੁਝ ਸ਼ੈਤਾਨ*
*ਤੂੰ ਬੈਠਿਓਂ ਤਾਬਿਆ ਗੁਰੂ ਗ੍ਰੰਥ# ਦੀ, ਕਰ ਬਾਰ ਬਾਰ ਪ੍ਰਣਾਮ*
*ਹੁਣ ਪਾਪ ਦਾ ਬੱਦਲ ਗਰਜਿਆ, ਲੱਗਾ ਕਹਿਰ ਦਾ ਮੀਂਹ ਵਰਸਾਣ*
*ਕੜ੍ਹ ਕੜ੍ਹ ਗੋਲੀ ਚੱਲ ਪਈ, ਸਿੰਘ ਲੱਗੇ ਸ਼ਹੀਦੀਆਂ ਪਾਣ*
*ਤੇਰਾ ਪਰਬਤ ਚਿੱਤ ਨਾ ਡੋਲਿਆ, ਇਹ ਵੇਖ ਕੇ ਕੁੱਲ ਘਮਸਾਨ*
*ਹੁੰਦੇ ਤਾਣ ਨਿਤਾਣਾ ਹੋ ਗਇਓਂ, ਤੇਰਾ ਆਸ਼ਾ ਸੀ ਬਲਵਾਨ*
*ਤੈਨੂੰ ਜ਼ਾਲਮ ਹੱਥਾਂ ਪਕੜਿਆ, ਨਾ ਧੂਹੀ ਤੂੰ ਕਿਰਪਾਨ*
*ਤੈਨੂੰ ਜਿਊਂਦਾ ਜੰਡ ਨਾਲ ਬੰਨ ਕੇ, ਲੱਗੇ ਬੇਹੱਦ ਕਹਿਰ ਕਮਾਣ*
*ਤੈਨੂੰ ਭੇਟਾ ਕੀਤਾ ਅੱਗ ਦੀ, ਉਸ ਨਰੈਣੂ ਬੇਈਮਾਨ*
*ਤੂੰ ਜਾਮ ਸ਼ਹੀਦੀ ਪੀ ਲਿਆ, ਜੜ੍ਹ ਜ਼ੁਲਮ ਦੀ ਹਿੱਲ ਗਈ ਆਣ*
*ਤੇਰੀ ਜੰਡ ਨਿਸ਼ਾਨੀ ਅਜੇ ਹੈ, ਵਿਚ ਨਨਕਾਣੇ ਜਨਮ ਅਸਥਾਨ*
*ਤੇਰੇ ਮੇਲੇ ਲੱਗਣਗੇ ਸੂਰਿਆ, ਸਦਾ ਵੱਸਦੇ ਵਿਚ ਜਹਾਨ*
*ਕਵੀ ਢਾਡੀ ਵਾਰਾਂ ਗਾਣਗੇ, ਲੈ ਲੈ ਲਛਮਨ ਸਿੰਘ ਦਾ ਨਾਮ*
*ਅੱਜ 'ਦਰਸ਼ਨ ਸਿੰਘਾ' ਸਾਡੇ ਦਿਲਾਂ ਤੋਂ, ਹੈ ਵਾਰ ਵਾਰ ਪ੍ਰਣਾਮ* ■

*#ਸ੍ਰੀ ਗੁਰੂ ਗ੍ਰੰਥ ਸਾਹਿਬ*

**ਵਿੰਡਸਰ, ਕੈਨੇਡਾ। ਮੋ. +੧ ੬੪੭-੨੯੦-੮੮੫੦*

# 'ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਦਾ ਸਾਹਿਤਕ ਪੱਖ

*-ਸ. ਸੁਖਦੇਵ ਸਿੰਘ ਸ਼ਾਂਤ**

ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰੀ ਬਾਣੀ ਬਾਰਹਮਾਹਾ ਤੁਖਾਰੀ ਸਾਹਿਤਕ ਪੱਖੋਂ ਅਲੰਕਾਰਾਂ, ਅਖਾਣਾਂ, ਮੁਹਾਵਰਿਆਂ ਅਤੇ ਕਾਵਿ-ਰਸਾਂ ਨਾਲ ਸ਼ਿੰਗਾਰੀ ਹੋਈ ਬਾਣੀ ਹੈ। ਮਨੁੱਖ ਨੂੰ ਪ੍ਰਕਿਰਤੀ-ਚਿਤਰਨ ਦੇ ਨੁਕਤੇ ਰਾਹੀਂ ਸਮਝਾਉਣ ਦਾ ਯਤਨ ਕੀਤਾ ਗਿਆ ਹੈ। ਹੁਣ ਅਸੀਂ ਇਸ ਬਾਣੀ ਦਾ ਸਾਹਿਤਕ ਪੱਖ ਵਿਚਾਰਦੇ ਹੋਏ ਇਸ ਵਿਚ ਆਏ ਅਲੰਕਾਰਾਂ ਨੂੰ ਸਭ ਤੋਂ ਪਹਿਲਾਂ ਦ੍ਰਿਸ਼ਟੀਗੋਚਰ ਕਰਦੇ ਹਾਂ।

**ਬਾਣੀ 'ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਵਿਚ ਆਏ ਅਲੰਕਾਰ :**

ਬਾਣੀ 'ਤੁਖਾਰੀ ਛੰਤ ਮਹਲਾ ੧' ਵਿਚ ਕਾਵਿ-ਅਲੰਕਾਰ ਦੀਆਂ ਦੋਵੇਂ ਮੁੱਖ ਕਿਸਮਾਂ ਸ਼ਬਦ ਅਲੰਕਾਰ ਅਤੇ ਅਰਥ ਅਲੰਕਾਰ ਦੀਆਂ ਮਿਸਾਲਾਂ ਦੇਖਣ ਨੂੰ ਮਿਲਦੀਆਂ ਹਨ।

**ਸ਼ਬਦ-ਅਲੰਕਾਰ ਦੀਆਂ ਮਿਸਾਲਾਂ :**

**ਛੇਕ ਅਨੁਪ੍ਰਾਸ ਅਲੰਕਾਰ :** ਸ਼ਬਦ-ਅਲੰਕਾਰ ਦੀ ਇਸ ਉਪ-ਕਿਸਮ ਵਿਚ ਕਿਸੇ ਵੀ ਕਾਵਿ-ਪੰਕਤੀ ਦੇ ਇੱਕ ਤੋਂ ਵੱਧ ਸ਼ਬਦਾਂ ਦਾ ਅਰੰਭ ਇੱਕੋ ਅੱਖਰ ਨਾਲ ਹੁੰਦਾ ਹੈ। ਉਦਾਹਰਨ ਵਜੋਂ ਇਹ ਪੰਕਤੀਆਂ ਦੇਖੋ :

*-ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

*- ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

*-ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

ਇਨ੍ਹਾਂ ਪੰਕਤੀਆਂ ਵਿਚ ਭੱਭਾ (ਭ), ਰਾਰਾ (ਰ) ਅਤੇ ਦੱਦਾ (ਦ) ਅੱਖਰਾਂ ਦੀ ਇੱਕ ਤੋਂ ਵੱਧ ਵਾਰ ਸ਼ਬਦਾਂ ਦੇ ਅਰੰਭ ਵਿਚ ਵਰਤੋਂ ਹੋਈ ਹੋਣ ਕਰਕੇ ਇਹ ਪੰਕਤੀਆਂ ਛੇਕ ਅਨੁਪ੍ਰਾਸ ਅਲੰਕਾਰ ਦੀਆਂ ਉਦਾਹਰਨਾਂ ਹਨ।

**ਵ੍ਰਿਤੀ ਅਨੁਪ੍ਰਾਸ ਅਲੰਕਾਰ :** ਸ਼ਬਦ-ਅਲੰਕਾਰ ਦੀ ਇਸ ਉਪ-ਕਿਸਮ ਵਿਚ ਕਿਸੇ ਵੀ ਕਾਵਿ-ਪੰਕਤੀ ਵਿਚ ਇੱਕ ਤੋਂ ਵੱਧ ਸ਼ਬਦਾਂ ਦੇ ਅਖੀਰ ਵਿਚ ਇੱਕੋ ਸ਼ਬਦ ਹੁੰਦਾ ਹੈ। ਉਦਾਹਰਨ ਵਜੋਂ :

*ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

ਇਸ ਪੰਕਤੀ ਵਿਚ ਜੱਜਾ (ਜ) ਅੱਖਰ ਦੀ ਵਰਤੋਂ ਚਾਰ ਸ਼ਬਦਾਂ ਦੇ ਅਖੀਰ ਵਿਚ ਹੋਣ ਕਰਕੇ ਇਹ ਪੰਕਤੀ ਵ੍ਰਿਤੀ ਅਨੁਪ੍ਰਾਸ ਅਲੰਕਾਰ ਦੀ ਉਦਾਹਰਨ ਹੈ।

**8562 Charlotte Ct, Avon, Indiana, 46123; Ph.001-317-406-0002*

## ਅਰਥ ਅਲੰਕਾਰ ਦੀਆਂ ਮਿਸਾਲਾਂ :

**ਦ੍ਰਿਸ਼ਟਾਂਤ ਅਲੰਕਾਰ :** ਪ੍ਰਕਿਰਤੀ-ਚਿਤਰਨ ਰਾਹੀਂ ਇੱਕ ਸੁੰਦਰ ਪ੍ਰਤਿਬਿੰਬ ਰੂਪੀ ਮਿਸਾਲ ਸਿਰਜ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਅਤੇ ਜੀਵਾਤਮਾ ਦੇ ਆਪਸੀ ਸੰਜੋਗ-ਵਿਜੋਗ ਨੂੰ 'ਦ੍ਰਿਸ਼ਟਾਂਤ ਅਲੰਕਾਰ' ਰਾਹੀਂ ਇਸ ਪਉੜੀ ਵਿਚ ਚਿਤਰਿਆ ਹੈ :

*ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ ॥*
*ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥*
*ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ॥*
*ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥*
*ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ॥*
*ਨਾਨਕ ਪੂਛਿ ਚਲਉ ਗੁਰ ਅਪੁਨੇ ਜਹ ਪ੍ਰਭੁ ਤਹ ਹੀ ਜਾਈਐ॥੧੦॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

ਗੁਰੂ ਜੀ ਨੇ ਭਾਦਰੋਂ ਦੇ ਮਹੀਨੇ ਦੀ ਬਰਸਾਤ ਦਾ ਪੂਰਾ ਨਕਸ਼ਾ ਖਿੱਚਦਿਆਂ ਇੱਕ ਪਾਸੇ ਖੁਸ਼ੀ ਵਿਚ ਬੋਲਦੇ ਡੱਡੂਆਂ, ਮੋਰਾਂ ਅਤੇ ਪਪੀਹਿਆਂ ਦਾ ਜ਼ਿਕਰ ਕੀਤਾ ਹੈ ਤਾਂ ਦੂਜੇ ਪਾਸੇ ਛੱਪੜਾਂ-ਤਲਾਬਾਂ ਵਿਚ ਮੀਂਹ ਦਾ ਪਾਣੀ ਇਕੱਠਾ ਹੋ ਜਾਣ ਕਰਕੇ ਸੱਪਾਂ ਅਤੇ ਮੱਛਰਾਂ ਦੀ ਆਮਦ ਦਾ ਵੀ ਬਿਆਨ ਕੀਤਾ ਹੈ। ਦੁਨਿਆਵੀ ਪੱਧਰ 'ਤੇ ਪਤੀ ਦੇ ਮਿਲਾਪ ਵਾਲੀ ਇਸਤਰੀ ਇਸ ਬਰਸਾਤ ਦੇ ਮੌਸਮ ਦਾ ਅਨੰਦ ਮਾਣਦੀ ਹੈ ਜਦੋਂ ਕਿ ਪਤੀ ਨਾਲੋਂ ਵਿੱਛੜੀ ਇਸਤਰੀ ਨੂੰ ਇਹ ਮੌਸਮ ਮੱਛਰਾਂ ਅਤੇ ਸੱਪਾਂ ਦੇ ਡੰਗਣ ਵਾਂਗ ਹੀ ਦੁੱਖ ਦਿੰਦਾ ਹੈ। ਇਸ 'ਦ੍ਰਿਸ਼ਟਾਂਤ ਅਲੰਕਾਰ' ਰਾਹੀਂ ਗੁਰੂ ਜੀ ਨੇ ਪਰਮਾਤਮਾ ਅਤੇ ਜੀਵਾਤਮਾ ਦੇ ਵਿਚਕਾਰ ਪਏ ਵਿਛੋੜੇ ਦੇ ਦਰਦ ਦਾ ਬਿਆਨ ਕੀਤਾ ਹੈ ਅਤੇ ਇਸ ਦਰਦ ਦੇ ਇਲਾਜ ਲਈ ਗੁਰ-ਉਪਦੇਸ਼ 'ਤੇ ਚੱਲਣ ਦਾ ਰਾਹ ਦੱਸਿਆ ਹੈ ਤਾਂ ਕਿ ਜੀਵਾਤਮਾ ਦਾ ਪਰਮਾਤਮਾ ਨਾਲ ਮਿਲਾਪ ਹੋ ਸਕੇ।

ਬਾਣੀ 'ਤੁਖਾਰੀ ਛੰਤ ਮਹਲਾ ੧ ਬਾਰਹਮਾਹ' ਵਿਚ ਹੀ ਹੇਠ ਲਿਖੀ ਪਉੜੀ ਵੀ 'ਦ੍ਰਿਸ਼ਟਾਂਤ ਅਲੰਕਾਰ' ਦੀ ਉਦਾਹਰਨ ਵਜੋਂ ਵਿਚਾਰੀ ਜਾ ਸਕਦੀ ਹੈ :

*ਆਸਾੜੁ ਭਲਾ ਸੂਰਜੁ ਗਗਨਿ ਤਪੈ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥*
*ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ॥*
*ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ॥*
*ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ॥*
*ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ॥ ੮॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

ਹਾੜ ਦੇ ਮਹੀਨੇ ਵਿਚ ਪੈਂਦੀ ਤਿੱਖੀ ਧੁੱਪ ਨੂੰ ਅੱਗ ਦੀ ਤਸ਼ਬੀਹ ਦੇ ਕੇ ਗੁਰੂ ਜੀ

ਨੇ ਪ੍ਰਕਿਰਤੀ ਦੀ ਤਪਸ਼ ਦਾ ਖ਼ੂਬ ਬਿਆਨ ਕੀਤਾ ਹੈ। ਅਕਾਸ਼ ਵਿਚ ਸੂਰਜ ਤਪਦਾ ਹੈ ਅਤੇ ਹੇਠਾਂ ਧਰਤੀ ਉਸ ਤਪਸ਼ ਕਰਕੇ ਸੜਦੀ-ਭੁੱਜਦੀ ਹੈ। ਅੱਗ ਵਰਗੀ ਇਹ ਤਪਸ਼ ਪਾਣੀ ਨੂੰ ਸੁਕਾ ਦਿੰਦੀ ਹੈ। ਜੀਵ-ਜੰਤੂਆਂ ਅਤੇ ਬਨਸਪਤੀ ਨੂੰ ਇਸ ਤਪਸ਼ ਦੀ ਪੀੜਾ ਸਹਿਣੀ ਪੈਂਦੀ ਹੈ। ਧੁੱਪ ਹੋਰ ਜ਼ੋਰ ਫੜਦੀ ਹੈ ਤਾਂ ਜੀਵ-ਜੰਤੂ ਛਾਂ ਲੱਭਦੇ ਹਨ। ਬੀਂਡੇ ਇਸ ਤਪਸ਼ ਕਰਕੇ ਅਵਾਜ਼ਾਂ ਕੱਢਦੇ ਹਨ। ਚਾਰੇ ਪਾਸੇ ਅੱਗ ਹੀ ਵਰ੍ਹ ਰਹੀ ਹੁੰਦੀ ਹੈ। ਜਿਹੋ-ਜਿਹੀ ਤਪਸ਼ ਹਾੜ ਦੇ ਮਹੀਨੇ ਆਲੇ-ਦੁਆਲੇ ਵਿਚ ਹੁੰਦੀ ਹੈ ਉਹੋ ਜਿਹੀ ਤਪਸ਼ ਹੀ ਪਰਮਾਤਮਾ ਨਾਲੋਂ ਵਿੱਛੜੇ ਅਤੇ ਔਗੁਣਾਂ ਨਾਲ ਤਾਰੇ ਮਨੁੱਖ ਦੇ ਮਨ ਵਿਚ ਹੁੰਦੀ ਹੈ। ਇਸ ਤਪਸ਼ ਤੋਂ ਬਚਣ ਦਾ ਰਾਹ ਗੁਰੂ ਜੀ ਨੇ ਇਹੀ ਦੱਸਿਆ ਹੈ ਕਿ ਮਨੁੱਖ ਨੂੰ ਆਪਣੇ ਔਗੁਣਾਂ ਦੀ ਪੰਡ ਸੁੱਟ ਕੇ ਆਪਣਾ ਮਨ ਪਰਮਾਤਮਾ ਦੇ ਹਵਾਲੇ ਕਰ ਦੇਣਾ ਚਾਹੀਦਾ ਹੈ।

ਸਾਵਣ ਦੇ ਮਹੀਨੇ ਦਾ ਦ੍ਰਿਸ਼ਟਾਂਤ ਵੀ ਮਨੁੱਖ ਨੂੰ ਪਰਮਾਤਮਾ ਨਾਲ ਮਿਲਾਪ ਦਾ ਰਾਹ ਸਮਝਾਉਂਦਾ ਹੈ। ਮਿਲਾਪ ਸਾਵਣ ਦੇ ਮਹੀਨੇ ਵਿਚ ਜਿੰਨਾ ਸੁਖ ਦਿੰਦਾ ਹੈ ਉਸ ਤੋਂ ਵੀ ਕਿਤੇ ਵੱਧ ਦੁੱਖ ਦਾ ਕਾਰਨ ਸਾਵਣ ਵਿਚ ਪਿਆ ਵਿਛੋੜਾ ਬਣਦਾ ਹੈ। ਸੰਜੋਗ-ਵਿਜੋਗ ਦੀਆਂ ਦੋਵੇਂ ਅਵਸਥਾਵਾਂ ਦਾ ਅਹਿਸਾਸ ਕਰਾਉਣ ਲਈ ਇਹ ਪਉੜੀ ਵੀ 'ਦ੍ਰਿਸ਼ਟਾਂਤ ਅਲੰਕਾਰ' ਦੀ ਹੀ ਇੱਕ ਖ਼ੂਬਸੂਰਤ ਉਦਾਹਰਨ ਹੈ :

*ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ॥*
*ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ॥*
*ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥*
*ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ॥*
*ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ॥*
*ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ॥ ੯॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

ਸਾਵਣ ਮਹੀਨੇ ਦੇ ਬੱਦਲ ਧਰਤੀ 'ਤੇ ਠੰਢ ਵਰਤਾਉਂਦੇ ਹਨ ਅਤੇ ਬਨਸਪਤੀ ਨੂੰ ਹਰਾ-ਭਰਾ ਕਰਦੇ ਹਨ। ਦੁਨਿਆਵੀ ਤੌਰ 'ਤੇ ਅਜਿਹੇ ਮੌਸਮ ਵਿਚ ਪਰਦੇਸ ਗਏ ਪਤੀ ਦੀ ਪਤਨੀ ਦਾ ਦਿਲ ਹੋਰ ਵੀ ਜ਼ਿਆਦਾ ਦੁਖੀ ਹੁੰਦਾ ਹੈ ਕਿਉਂਕਿ ਅਜਿਹਾ ਸੁਹਾਵਣਾ ਮੌਸਮ ਪਤੀ ਦੇ ਕੋਲ ਹੋਣ 'ਤੇ ਹੀ ਚੰਗਾ ਲੱਗਦਾ ਹੈ। ਲਿਸ਼ਕਦੇ ਬੱਦਲਾਂ ਦੀ ਬਿਜਲੀ ਦੀ ਚਮਕ ਸਗੋਂ ਵਿਛੋੜੇ ਵਿਚ ਹੋਰ ਵੀ ਡਰਾਉਂਦੀ ਹੈ। ਨੀਂਦ ਤੇ ਭੁੱਖ ਦੋਵੇਂ ਹੀ ਗਾਇਬ ਹੋ ਜਾਂਦੀਆਂ ਹਨ ਅਤੇ ਇੱਥੋਂ ਤਕ ਕਿ ਤਨ 'ਤੇ ਪਾਏ ਕੱਪੜੇ ਵੀ ਚੰਗੇ ਨਹੀਂ ਲੱਗਦੇ ਭਾਵ ਦੁਨਿਆਵੀ ਸੁਖ ਵੀ ਚੰਗੇ ਨਹੀਂ ਲੱਗਦੇ। ਬਿਲਕੁਲ ਅਜਿਹਾ ਹਾਲ ਹੀ ਉਸ ਜੀਵਾਤਮਾ ਦਾ ਹੁੰਦਾ ਹੈ ਜਿਹੜੀ ਪਰਮਾਤਮਾ ਤੋਂ ਵਿੱਛੜੀ ਹੋਈ ਹੈ। ਜੀਵਾਤਮਾ ਸੁਹਾਗਣ ਅਤੇ ਸੁਖੀ ਤਾਂ ਹੀ ਹੁੰਦੀ ਹੈ ਜੇਕਰ ਉਸ ਦਾ ਮਿਲਾਪ ਪਤੀ-ਪਰਮਾਤਮਾ ਨਾਲ ਸਦੀਵੀ ਤੌਰ 'ਤੇ ਹੋ ਜਾਵੇ।

ਇਸ ਬਾਣੀ ਦੇ ਬਾਕੀ ਮਹੀਨਿਆਂ ਦੇ ਵਰਣਨ ਵਿਚ ਵੀ 'ਦ੍ਰਿਸ਼ਟਾਂਤ ਅਲੰਕਾਰ' ਦੇ ਝਲਕਾਰੇ ਮਿਲਦੇ ਹਨ। ਇਸ ਬਾਣੀ ਵਿਚ ਪ੍ਰਕਿਰਤੀ-ਚਿਤਰਨ, ਦ੍ਰਿਸ਼-ਚਿਤਰਨ,

ਮਾਨਸਿਕ-ਚਿਤਰਨ ਅਤੇ ਸ਼ਬਦ ਚਿੱਤਰਾਂ ਦੀ ਭਰਪੂਰ ਹੋਂਦ ਹੋਣ ਕਰ ਕੇ ਇਹ ਸਮੁੱਚੀ ਬਾਣੀ ਹੀ 'ਦ੍ਰਿਸ਼ਟਾਂਤ ਅਲੰਕਾਰ' ਦਾ ਰੂਪ ਧਾਰ ਗਈ ਹੈ।

**ਰਤਨਾਵਲੀ ਅਲੰਕਾਰ :** ਜਿਸ ਕਾਵਿ-ਪੰਕਤੀ ਜਾਂ ਕਾਵਿ-ਪਦ ਵਿਚ ਕਿਸੇ ਵਿਸ਼ੇਸ਼ ਹਸਤੀ ਦਾ ਵਰਣਨ ਬਹੁਤੇ ਵਿਸ਼ੇਸ਼ਣਾਂ ਦੁਆਰਾ ਕੀਤਾ ਜਾਵੇ ਅਤੇ ਉਨ੍ਹਾਂ ਵਿਸ਼ੇਸ਼ਣਾਂ ਦਾ ਆਪਣੇ ਤੌਰ 'ਤੇ ਹੋਰ ਵੱਖਰਾ ਅਰਥ ਵੀ ਨਿਕਲਦਾ ਹੋਵੇ ਉਸ ਕਾਵਿ-ਪੰਕਤੀ ਜਾਂ ਕਾਵਿ-ਪਦ ਨੂੰ 'ਰਤਨਾਵਲੀ ਅਲੰਕਾਰ' ਆਖਿਆ ਜਾਂਦਾ ਹੈ। ਬਾਣੀ 'ਤੁਖਾਰੀ ਛੰਤ ਮਹਲਾ ੧ ਬਾਰਹਮਾਹ' ਵਿਚ ਇਸ ਅਲੰਕਾਰ ਦੀ ਉਦਾਹਰਨ ਦੇਖੋ :

*ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

ਇੱਥੇ ਨਿਹਚਲੁ, ਚਤੁਰ, ਸੁਜਾਣੁ ਅਤੇ ਬਿਧਾਤਾ ਇੱਕੋ-ਇੱਕ ਪਰਮਾਤਮਾ ਲਈ ਵਰਤੇ ਗਏ ਹਨ ਪਰ ਇਨ੍ਹਾਂ ਦੇ ਆਪਣੇ ਤੌਰ 'ਤੇ ਅਰਥ ਵੀ ਵੱਖ-ਵੱਖ ਨਿਕਲਦੇ ਹਨ ਜਿਵੇਂ ਨਿਹਚਲੁ- ਸਦਾ ਕਾਇਮ ਰਹਿਣ ਵਾਲਾ, ਚਤੁਰ- ਸਭ ਕੁਝ ਚੌਕਸ ਰਹਿ ਕੇ ਸਮਝਣ ਵਾਲਾ, ਸੁਜਾਣੁ- ਸਿਆਣਾ ਅਤੇ ਬਿਧਾਤਾ - ਸ੍ਰਿਸ਼ਟੀ ਦਾ ਸਿਰਜਣਹਾਰ। ਇਸ ਪ੍ਰਕਾਰ ਇਹ ਪੰਕਤੀ 'ਰਤਨਾਵਲੀ ਅਲੰਕਾਰ' ਦੀ ਉਦਾਹਰਨ ਹੈ।

**ਅਰਥਾਵ੍ਰਿਤੀ ਦੀਪਕ ਅਲੰਕਾਰ :** 'ਦੀਪਕ ਅਲੰਕਾਰ' ਦੀ ਉਪ-ਕਿਸਮ 'ਅਰਥਾਵ੍ਰਿਤੀ ਦੀਪਕ ਅਲੰਕਾਰ' ਵਿਚ ਕਿਸੇ ਇੱਕੋ ਭਾਵ ਜਾਂ ਅਰਥ ਨੂੰ ਪ੍ਰਗਟ ਕਰਦੇ ਇੱਕ ਤੋਂ ਵੱਧ ਸ਼ਬਦ ਵਰਤੇ ਗਏ ਹੁੰਦੇ ਹਨ ਉਦਾਹਰਨ ਵਜੋਂ ਇਸ ਪੰਕਤੀ ਵਿਚ ਦੋ ਸ਼ਬਦਾਂ 'ਪ੍ਰੀਤਿ' ਅਤੇ 'ਸਨੇਹੋ' ਦਾ ਭਾਵ ਇੱਕੋ ਹੀ ਹੈ ਉਹ ਹੈ 'ਪਿਆਰ':

*ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

ਇਸੇ ਤਰ੍ਹਾਂ ਇਹ ਪੰਕਤੀ *'ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ॥' (ਪਉੜੀ ੧੦)* ਵੀ ਇਸੇ ਅਲੰਕਾਰ ਦੀ ਉਦਾਹਰਨ ਹੈ। 'ਚਵੈ' ਅਤੇ 'ਬੋਲੈ' ਦਾ ਇੱਕੋ ਅਰਥ ਹੈ : 'ਬੋਲਦਾ ਹੈ।'

**ਉਪਮਾ ਅਲੰਕਾਰ :** ਇਸ ਅਲੰਕਾਰ ਵਿਚ ਉਪਮੇਯ (ਜਿਸ ਦੀ ਉਪਮਾ ਹੋਵੇ) ਅਤੇ ਉਪਮਾਨ (ਜਿਸ ਨਾਲ ਉਪਮਾ ਕੀਤੀ ਜਾਵੇ) ਦਾ ਕੋਈ ਨਾ ਕੋਈ ਸਾਂਝਾ ਗੁਣ ਉਪਮਾ ਜਾਂ ਤਸ਼ਬੀਹ ਦਾ ਕਾਰਨ ਬਣਦਾ ਹੈ। ਬਾਰਹਮਾਹ ਤੁਖਾਰੀ ਵਿਚ ਇਸ ਅਲੰਕਾਰ ਦੀ ਉਦਾਹਰਨ ਹਨ ਇਹ ਪੰਕਤੀਆਂ :

*ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ॥*
*ਸਾ ਧਨ ਸਭਿ ਰਸ ਚੋਲੈ ਅੰਕਿ ਸਮਾਣੀਆ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੭)*

ਇੱਥੇ ਉਪਮੇਯ ਹੈ, ਉਹ ਜੀਵ-ਇਸਤਰੀ ਜਿਹੜੀ ਬਿਰਹਾ ਦੀ ਤੜਪ ਵਿਚ ਗੜੂੰਦ ਹੋ ਕੇ ਮਿੱਠੀ ਭਾਵਨਾ ਨਾਲ ਪ੍ਰਭੂ ਨੂੰ ਯਾਦ ਕਰਦੀ ਹੈ। ਮਿੱਠੀ ਭਾਵਨਾ ਅਤੇ ਮਿੱਠੀ ਅਵਾਜ਼ ਦਾ ਹੀ ਸਾਂਝਾ ਗੁਣ ਹੈ ਉਪਮਾਨ ਪਪੀਹੇ ਅਤੇ ਕੋਇਲ ਵਿਚ। ਪਪੀਹਾ

ਮਿੱਠੀ ਆਵਾਜ਼ ਵਿਚ 'ਪ੍ਰਿਉ ਪ੍ਰਿਉ' ਕਰਦਾ ਹੈ ਅਤੇ ਕੋਇਲ 'ਕੂ ਕੂ' ਕਰਦੀ ਹੈ। ਇਉਂ ਪਪੀਹੇ ਅਤੇ ਕੋਇਲ ਦੇ ਉਪਮਾਨਾਂ ਰਾਹੀਂ ਮਿੱਠੀ ਭਾਵਨਾ ਅਤੇ ਮਿੱਠੀ ਅਵਾਜ਼ ਨਾਲ ਉਪਮੇਯ ਜੀਵਾਤਮਾ ਵੱਲੋਂ ਪਿਆਰੇ ਪਰਮਾਤਮਾ ਨੂੰ ਯਾਦ ਕਰਨ ਦਾ ਢੰਗ ਦਰਸਾਇਆ ਗਿਆ ਹੈ। ਇਸ ਕਰ ਕੇ ਇਹ ਪੰਕਤੀਆਂ 'ਉਪਮਾ ਅਲੰਕਾਰ' ਦਾ ਰੂਪ ਧਾਰ ਗਈਆਂ ਹਨ। ਜਿਵੇਂ ਪਪੀਹਾ ਅਤੇ ਕੋਇਲ ਮਿੱਠੀ ਅਵਾਜ਼ ਨਾਲ ਬੋਲਦੇ ਹਨ ਉਵੇਂ ਹੀ ਮਿਠਾਸ ਨਾਲ ਭਰਪੂਰ ਹੋ ਕੇ ਜੀਵ-ਇਸਤਰੀ ਪ੍ਰਭੂ ਨੂੰ ਯਾਦ ਕਰਦੀ ਹੈ।

'ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਵਿਚ ਨਜ਼ਰ ਆਉਂਦੇ ਕੁਝ ਅਖਾਣ ਅਤੇ ਮੁਹਾਵਰੇ 'ਤੁਖਾਰੀ ਛੰਤਮਹਲਾ ੧ ਬਾਰਹਮਾਹਾ' ਵਿਚ ਸਾਨੂੰ ਹੇਠ ਲਿਖੇ ਅਖਾਣ ਦੇਖਣ ਨੂੰ ਮਿਲਦੇ ਹਨ :

*੧. ਸਹਜਿ ਪਕੈ ਸੋ ਮੀਠਾ* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*
*੨. ਏਕ ਘੜੀ ਖਟੁ ਮਾਸਾ* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*
*੩. ਆਗੈ ਘਾਮ ਪਿਛੈ ਰੁਤਿ ਜਾਡਾ. . .* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

ਇਸੇ ਤਰ੍ਹਾਂ ਕੁਝ ਮੁਹਾਵਰੇ ਵੀ ਇਸ ਬਾਣੀ ਵਿੱਚੋਂ ਵਰਣਨਯੋਗ ਹਨ :

**੧. ਰੰਗ ਮਾਣਨਾ :** *-ਸਭ ਤੇਰੀ ਤੂ ਮੇਰਾ ਪ੍ਰੀਤਮੁ ਨਿਸਿ ਬਾਸੁਰ ਰੰਗਿ ਰਾਵੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੭)*
*-ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗੁ ਮਾਣੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*
*-ਮਨਿ ਤਨਿ ਰਵਿ ਰਹਿਆ ਜਗ ਜੀਵਨੁ ਗੁਰ ਸਬਦੀ ਰੰਗੁ ਮਾਣੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*
*-ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

**੨. ਕਾਰਜ ਸੰਵਾਰਨਾ:** *ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਭ ਬਿਧਿ ਜਾਣੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

**੩. ਬਲਿਹਾਰੇ ਜਾਣਾ/ਗੁਣ ਗਾਉਣਾ :** *ਕਿਉ ਘੜੀ ਬਿਸਾਰੀ ਹਉ ਬਲਿਹਾਰੀ ਹਉ ਜੀਵਾ ਗੁਣ ਗਾਏ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੭)*

**੪. ਮਨ ਡੋਲਣਾ :** *ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

**੫. ਭੱਠੀ ਵਾਂਗ ਤਪਣਾ :** *ਥਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੈ॥*
*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

**੬. ਕਿਵਾੜ ਖੋਲ੍ਹਣਾ/ਕਿਵਾੜ ਖੁੱਲ੍ਹਣਾ :** *ਨਾਨਕ ਮਿਲਹੁ ਕਪਟ ਦਰ ਖੋਲਹੁ ਏਕ ਘੜੀ ਖਟੁ ਮਾਸਾ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੯)*

**੭. ਅੱਧੀ ਕੌਡੀ ਦਾ ਨਾ ਹੋਣਾ :** *ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ*

*ਨ ਮੋਲੋ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੦੮)*

**ਬਾਣੀ 'ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਦੀ ਸ਼ਬਦਾਵਲੀ**

ਬਾਣੀ 'ਤੁਖਾਰੀ ਛੰਤ ਮਹਲਾ ੧ ਬਾਰਹਮਾਹਾ' ਵਿਚ ਭਾਸ਼ਾ ਦੇ ਪੱਖ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਦੇ ਬਚਪਨ, ਬਾਲਪਨ ਅਤੇ ਜੁਆਨੀ ਦੇ ਕੁਝ ਸਾਲਾਂ ਨਾਲ ਸੰਬੰਧ ਰੱਖਦੇ ਬਾਰ ਦੇ ਇਲਾਕੇ ਦੀ ਸਥਾਨਕ ਰੰਗਤ ਦਾ ਪ੍ਰਭਾਵ ਬੜਾ ਪ੍ਰਤੱਖ ਹੈ। ਸਿੰਧੀ ਅਤੇ ਲਹਿੰਦੀ ਪੰਜਾਬੀ ਭਾਸ਼ਾਵਾਂ ਦਾ ਲਹਿਜ਼ਾ ਅਤੇ ਇਨ੍ਹਾਂ ਭਾਸ਼ਾਵਾਂ ਦੇ ਸ਼ਬਦ ਇਸ ਬਾਣੀ ਦਾ ਵਿਲੱਖਣ ਸ਼ਿੰਗਾਰ ਹਨ। ਇਸ ਬਾਣੀ ਵਿਚ ਕੁਝ ਸ਼ਬਦ ਅਰਬੀ ਅਤੇ ਫ਼ਾਰਸੀ ਭਾਸ਼ਾਵਾਂ ਨਾਲ ਵੀ ਸੰਬੰਧਿਤ ਹਨ। ਇਸੇ ਤਰ੍ਹਾਂ ਕੁਝ ਸ਼ਬਦ ਸੰਸਕ੍ਰਿਤ ਅਤੇ ਬ੍ਰਜ ਭਾਸ਼ਾ ਦੇ ਮੂਲ ਨਾਲ ਸੰਬੰਧ ਰੱਖਦੇ ਹਨ। ਕੁਝ ਸ਼ਬਦਾਂ ਦੇ ਰੂਪਾਂ 'ਤੇ ਅਪਭ੍ਰੰਸ਼ ਦਾ ਵੀ ਪ੍ਰਭਾਵ ਹੈ। ਵੱਖ-ਵੱਖ ਭਾਸ਼ਾਵਾਂ ਤੋਂ ਆਏ ਸ਼ਬਦ ਆਪਣੇ ਮੁਢਲੇ ਅਤੇ ਅਸਲ ਰੂਪ ਭਾਵ ਤਤਸਮ ਰੂਪ ਵਿਚ ਵੀ ਆਏ ਹਨ ਅਤੇ ਬਦਲੇ ਹੋਏ ਰੂਪ ਭਾਵ ਤਦਭਵ ਰੂਪ ਵਿਚ ਵੀ ਆਏ ਹਨ। ਇਨ੍ਹਾਂ ਵਿੱਚੋਂ ਕੁਝ ਸ਼ਬਦ ਤਾਂ ਹੁਣ ਪੰਜਾਬੀ ਭਾਸ਼ਾ ਵਿਚ ਇਸ ਤਰ੍ਹਾਂ ਜਜ਼ਬ ਹੋ ਚੁੱਕੇ ਹਨ ਕਿ ਇਹ ਸ਼ਬਦ ਪੰਜਾਬੀ ਭਾਸ਼ਾ ਦੇ ਆਪਣੇ ਹੀ ਸ਼ਬਦ ਬਣ ਗਏ ਹਨ। ਇਸੇ ਤਰ੍ਹਾਂ ਹੀ ਵੱਖ-ਵੱਖ ਬੋਲੀਆਂ ਨਾਲ ਸੰਬੰਧ ਰੱਖਦੇ ਲੋਕਾਂ ਦੇ ਆਪਸੀ ਮੇਲ-ਜੋਲ ਨਾਲ ਭਾਸ਼ਾਵਾਂ ਵਿਚ ਸ਼ਬਦਾਂ ਦਾ ਵਟਾਂਦਰਾ ਹੁੰਦਾ ਰਹਿੰਦਾ ਹੈ। ਇਹੀ ਭਾਸ਼ਾਵਾਂ ਦੇ ਵਿਕਾਸ ਦਾ ਸੱਚ ਹੈ। ਬਾਣੀ ਬਾਰਹਮਾਹਾ ਤੁਖਾਰੀ ਵਿੱਚੋਂ ਵੱਖ-ਵੱਖ ਭਾਸ਼ਾਵਾਂ ਦੇ ਕੁਝ ਸ਼ਬਦਾਂ ਦੇ ਵੇਰਵਾ ਹੇਠਾਂ ਦਰਜ ਹੈ :

**ਅਰਬੀ ਭਾਸ਼ਾ ਨਾਲ ਸੰਬੰਧਿਤ ਕੁਝ ਸ਼ਬਦ :** ਕਰਮਿ, ਕੀਮਤਿ ਅਤੇ ਮਹਲ (ਮਹਲਿ, ਮਹਲੀ, ਮਹਲੁ)।

**ਫ਼ਾਰਸੀ ਭਾਸ਼ਾ ਨਾਲ ਸੰਬੰਧਿਤ ਕੁਝ ਸ਼ਬਦ :** ਸਹੁ, ਸਹੰਮਾ, ਦਹ ਦਿਸਿ, ਬੇਦਸ ਅਤੇ ਮਾਹੁ।

**ਸੰਸਕ੍ਰਿਤ ਭਾਸ਼ਾ ਨਾਲ ਸੰਬੰਧਿਤ ਕੁਝ ਸ਼ਬਦ :** ਉਤਭੁਜ, ਉਨਵਿ, ਅਹਿਨਿਸਿ, ਅਨਦਿਨੁ, ਅਭ ਭਗਤੀ, ਅੰਡਜ, ਅੰਮ੍ਰਿਤ, ਆਤਮਰਾਮਾ, ਸਹਜਿ, ਸਰਸ/ਸਰਸੀ, ਸਾਇਰ, ਸੁਰਤਿ, ਸੇਤਜ, ਜੇਰਜ, ਤੁਖਾਰੁ, ਦਇਆ ਪਤਿ, ਦਾਦਰ, ਦਾਮਨਿ, ਦੀਰਘ, ਦੁਹੇਲੀ, ਦੁਤਰੁ, ਧਨ, ਨਵ ਘਰ, ਨਾਹ, ਨਿਸਿ, ਨਿਸਿ ਬਾਸੁਰ, ਨਿਹਚਲੁ, ਨਿਜ ਘਰਿ, ਨਿਰੰਕਾਰੀ, ਪਰਮੇਸਰੁ, ਪਾਟ ਪਟੰਬਰ, ਪ੍ਰੀਤਮ, ਪੰਥ, ਬਸੀਠਾ, ਬਾਲੀ, ਬਿਧਾਤਾ, ਬਿਰਹਿ ਬਿਰੋਧਿ, ਬੈਰਾਗੀ, ਭੁਇ ਅੰਗਮ, ਮੁਤੀ, ਮੁਰਾਰੇ, ਰਹਸੁ, ਲਵੰਤੇ, ਵਰੁ ਅਤੇ ਵਿਗੁਤੀ।

**ਸਿੰਧੀ, ਲਹਿੰਦੀ ਪੰਜਾਬੀ ਅਤੇ ਬਾਰ ਦੇ ਇਲਾਕੇ ਦੀ ਸਥਾਨਕ ਭਾਸ਼ਾ ਨਾਲ ਸੰਬੰਧਿਤ ਕੁਝ ਸ਼ਬਦ :** ਊਭੀ, ਅਢੁ, ਕਾਪੜੁ, ਕੈਸੀ, ਕੋਕਿਲ, ਕੁਕਹ ਕਾਹ, ਚਵੈ, ਜਾਡਾ, ਟੀਡੁ ਲਵੈ ਮੰਝਿ ਬਾਰੇ, ਢੋਲੋ, ਤਿਨਾੜੀ, ਬਨਫੂਲੇ ਮੰਝਿ ਬਾਰ, ਬਾਬੀਹਾ, ਬੇਲੀ, ਬੰਕੇ ਅਤੇ ਮਰਸੀ।

**ਅਪਭ੍ਰੰਸ਼ ਭਾਸ਼ਾ ਦੇ ਪ੍ਰਭਾਵ ਵਾਲੇ ਕੁਝ ਸ਼ਬਦ :** ਸੋਹਾਗੋ, ਤੇਲੋ, ਮੇਲੋ, ਮੋਲੋ, ਭਾਗੋ।

■

# ਗੁਰਬਾਣੀ ਵਿਆਖਿਆ-ਸ਼ਾਸਤਰ:ਅਰਥ ਅਤੇ ਪਰਿਭਾਸ਼ਾ

*-ਡਾ. ਅਜੈਪਾਲ ਸਿੰਘ**

ਜਿੱਥੇ ਕਿਸੇ ਸਧਾਰਨ ਰਚਨਾ ਦੀ ਸੂਝ ਪ੍ਰਾਪਤੀ ਜਾਂ ਵਿਆਖਿਆ ਲਈ ਭਾਸ਼ਾ ਜਾਂ ਪਾਠ ਦੀ ਡੂੰਘੀ ਜਾਣਕਾਰੀ ਹੋਣਾ ਜ਼ਰੂਰੀ ਹੈ, ਉੱਥੇ ਹੀ ਜੇਕਰ ਵਿਆਖਿਆ ਦਾ ਕਾਰਜ ਕਿਸੇ ਧਾਰਮਿਕ ਰਚਨਾ ਜਿਵੇਂ ਬਾਈਬਲ, ਕੁਰਾਨ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜਿਆ ਹੋਵੇ ਤਾਂ ਇਹ ਪ੍ਰਕਿਰਿਆ ਹੋਰ ਵੀ ਜਟਿਲ ਹੋ ਜਾਂਦੀ ਹੈ। ਵਿਆਖਿਆਕਾਰ ਦਾ ਸਿਰਫ਼ ਵਿਦਵਾਨ ਹੋਣਾ ਹੀ ਕਾਫੀ ਨਹੀਂ ਉਸ ਦਾ ਸਾਧਕ ਹੋਣਾ ਵੀ ਜ਼ਰੂਰੀ ਹੈ, ਤਾਂ ਜੋ ਇਲਹਾਮੀ ਰਚਨਾ ਦੇ ਉਸੇ ਖੇਤਰ ਵਿਚ ਪਹੁੰਚਿਆ ਜਾ ਸਕੇ ਜਿੱਥੇ ਅਧਿਆਤਮਕਤਾ ਦੀ ਉਚਾਈ ਹੋਵੇ। ਗੁਰਬਾਣੀ ਦਾ ਮੂਲ ਜਾਂ ਧੁਰਾ ਕਿੱਥੋਂ ਅਰੰਭ ਹੁੰਦਾ ਹੈ? ਇਸ ਲਈ ਗੁਰਬਾਣੀ ਵਿੱਚੋਂ ਹੀ ਹਵਾਲੇ ਪ੍ਰਾਪਤ ਹੁੰਦੇ ਹਨ ਜਿਵੇਂ 'ਧੁਰ ਕੀ ਬਾਣੀ ਆਈ'। ਸੋ, ਇਸ ਤਰ੍ਹਾਂ ਦੇ ਪ੍ਰਵਚਨਾਂ ਦੀ ਵਿਆਖਿਆਕਾਰੀ ਲਈ ਧੁਰ ਤਕ ਪਹੁੰਚ ਜ਼ਰੂਰੀ ਹੈ, ਜਿਸ ਲਈ 'ਸਾਧਨਾ' ਜਾਂ 'ਨਾਮ ਮਾਰਗ' ਪਉੜੀ ਦੇ ਰੂਪ ਵਿਚ ਹੈ। ਗੁਰਬਾਣੀ ਦਾ ਪਾਠ ਲੱਗਭਗ ੧੨ਵੀਂ ਤੋਂ ੧੭ਵੀਂ ਸਦੀ ਤਕ ਦੇ ਸਮਾਂ ਅੰਤਰਾਲ ਨਾਲ ਜੁੜਿਆ ਹੈ। ਇਸ ਵੱਡੇ ਅੰਤਰਾਲ ਕਾਰਣ ਗੁਰਬਾਣੀ ਆਧਾਰਿਤ ਵਿਆਖਿਆ-ਸ਼ਾਸਤਰ ਲਈ ਵਿਸ਼ੇਸ਼ ਅੰਤਰ ਦ੍ਰਿਸ਼ਟੀਆਂ, ਅਨੁਸ਼ਾਸਨਾਂ ਦੀ ਸਥਾਪਤੀ ਕਰਨੀ ਪੈਂਦੀ ਹੈ। ਪ੍ਰੋ. ਬਲਕਾਰ ਸਿੰਘ ਦਾ ਮਤ ਹੈ "ਸਿੱਖ ਵਿਆਖਿਆ-ਸ਼ਾਸਤਰ, ਪ੍ਰਾਪਤ ਵਿਆਖਿਆ-ਸ਼ਾਸਤਰ ਵਾਂਗ ਸਥਾਪਿਤ ਨਹੀਂ ਹੈ ਪਰ ਸਿੱਖ ਵਿਆਖਿਆ ਪ੍ਰਣਾਲੀਆਂ ਦਾ ਇਤਿਹਾਸ ਪ੍ਰਾਪਤ ਵੀ ਹੈ ਅਤੇ ਸਥਾਪਿਤ ਵੀ ਹੈ। ਫਿਰ ਵੀ ਇਸ ਨੂੰ ਕਿਸੇ ਪ੍ਰਬੰਧ ਵਿਚ ਬੱਝਿਆ ਹੋਇਆ ਅਧਿਐਨ ਨਹੀਂ ਕਿਹਾ ਜਾ ਸਕਦਾ। ਪਰ ਇਸ ਵਿੱਚੋਂ ਪ੍ਰਬੰਧ ਸਿਰਜਿਆ ਜ਼ਰੂਰ ਜਾ ਸਕਦਾ ਹੈ।"[੧]

ਸ. ਅਮਰਜੀਤ ਸਿੰਘ (ਗਰੇਵਾਲ) ਦਾ ਮੰਨਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵਿਲੱਖਣ ਵਿਆਖਿਆ-ਸ਼ਾਸਤਰ ਹੈ ਅਤੇ ਇਸ ਦੀ ਤੁਲਨਾ ਬਾਈਬਲ ਵਾਲੇ ਵਿਆਖਿਆ-ਸ਼ਾਸਤਰ ਨਾਲ ਨਹੀਂ ਕੀਤੀ ਜਾ ਸਕਦੀ। ਕਿਉਂਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ਼ ਇਕ ਪਵਿੱਤਰ ਪੁਸਤਕ ਨਾ ਹੋ ਕੇ ਸ਼ਬਦ-ਗੁਰੂ ਦੇ ਰੂਪ ਵਿਚ ਹਨ।[੨]

ਡਾ. ਗੁਰਭਗਤ ਸਿੰਘ, ਵਿਆਖਿਆ-ਸ਼ਾਸਤਰ ਦੀ ਮਹੱਤਤਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜ ਕੇ ਆਪਣੇ ਸ਼ਬਦਾਂ ਵਿਚ ਬਿਆਨਦੇ ਹਨ ਕਿ— "ਮਨੁੱਖ ਦੀ

**ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫ਼ਤਿਹਗੜ੍ਹ ਸਾਹਿਬ-੧੪੦੪੦੭; ਮੋ : +੯੧੯੪੧੭੧੯੪੦੦੫*

ਸਮਾਜਿਕ, ਰਾਜਨੀਤਿਕ ਅਤੇ ਵਿਅਕਤੀਗਤ-ਅਧਿਆਤਮਿਕ ਮੁਕਤੀ ਨਾਲ ਸੰਬੰਧਿਤ ਅਤੇ ਉਨ੍ਹਾਂ ਨੂੰ ਸੰਬੋਧਿਤ ਉਪਰੋਕਤ ਵਿਆਖਿਆ ਦਰਸ਼ਨਾਂ ਅਤੇ ਸ਼ਾਸਤਰਾਂ ਨੂੰ ਮੁੱਖ ਰੱਖ ਕੇ ਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤਾ ਜਾਵੇ ਜਾਂ ਇਸ ਦੀ ਵਿਆਖਿਆ ਕੀਤੀ ਜਾਵੇ ਤਾਂ ਇਸ ਦੇ ਅਤਿਅੰਤ ਸਮਕਾਲੀ ਗੌਰਵ ਬਾਰੇ ਹੈਰਾਨੀ ਹੁੰਦੀ ਹੈ। "[੩]

ਡਾ. ਤਾਰਨ ਸਿੰਘ ਗੁਰਬਾਣੀ ਵਿਆਖਿਆ-ਸ਼ਾਸਤਰ ਦੇ ਪਿਛੋਕੜ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਕਿ ਵੀਹਵੀਂ ਸਦੀ ਦੀ ਸਮਾਪਤੀ ਤਕ ਜਿੰਨਾ ਵੀ ਕਾਰਜ ਟੀਕਾਕਾਰੀ ਜਾਂ ਵਿਆਖਿਆ ਨਾਲ ਸੰਬੰਧਿਤ ਹੋਇਆ ਸੀ ਉਸ ਦਾ ਆਧਾਰ ਵੈਦਿਕ ਗ੍ਰੰਥ ਜਾਂ ਭਾਰਤੀ ਦਰਸ਼ਨ ਸੀ। ਡਾ. ਸਾਹਿਬ ਦਾ ਮੰਨਣਾ ਹੈ ਕਿ ਜਿੰਨੀਆਂ ਵੀ ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ ਭਾਵੇਂ ਉਹ ਉਦਾਸੀ ਹੋਣ, ਸੋਢੀ ਹੋਣ, ਨਿਰਮਲੇ ਹੋਣ ਜਾਂ ਸੰਪਰਦਾਈ ਹੋਣ, ਉਨ੍ਹਾਂ ਨੇ ਗੁਰਬਾਣੀ ਦੀ ਵਿਆਖਿਆ ਜਾਂ ਟੀਕਾਕਾਰੀ ਤੋਂ ਪਹਿਲਾਂ ਸਾਰੇ ਹੀ ਭਾਰਤੀ ਗ੍ਰੰਥਾਂ ਦਾ ਅਧਿਐਨ ਕੀਤਾ ਹੋਇਆ ਸੀ। ਅਸਲ ਵਿਚ ਇਹ ਸਾਰੀਆਂ ਪ੍ਰਣਾਲੀਆਂ ਆਪਸ ਵਿਚ ਮਿਲਦੀਆਂ ਸਨ ਪਰੰਤੂ ਵੀਹਵੀਂ ਸਦੀ ਦੌਰਾਨ ਅੰਗਰੇਜ਼ੀ ਰਾਜ ਦੀ ਸਥਾਪਤੀ ਉਪਰੰਤ ਹਾਲਾਤਾਂ ਦੇ ਬਦਲਣ ਕਾਰਣ ਵਿੱਦਿਅਕ ਪ੍ਰਣਾਲੀ ਵਿਚ ਤਬਦੀਲੀ ਆਈ ਜਿਸ ਕਾਰਨ ਟੀਕਾਕਾਰੀ ਜਾਂ ਗੁਰਮਤਿ ਵਿਆਖਿਆਕਾਰੀ ਦਾ ਰੂਪ ਵੀ ਬਦਲ ਗਿਆ।[੪]

ਗੁਰਬਾਣੀ ਵਿਆਖਿਆ-ਸ਼ਾਸਤਰ ਦੇ ਪ੍ਰਮੁੱਖ ਕੰਮ/ਉਦੇਸ਼ ਬਾਰੇ ਡਾ. ਗੁਰਮੇਲ ਸਿੰਘ ਆਪਣੇ ਵਿਚਾਰ ਪ੍ਰਗਟਾਉਂਦੇ ਹਨ— "ਇਸ ਵਿਗਿਆਨ (ਗੁਰਬਾਣੀ ਵਿਆਖਿਆ-ਸ਼ਾਸਤਰ) ਦਾ ਮੁੱਖ ਅੰਗ ਲੇਖਕ (ਬਾਣੀਕਾਰ) ਦੇ ਲਿਖਣ-ਪਲ ਤਕ ਪਹੁੰਚਣਾ ਹੈ। ਦੂਜੇ ਸ਼ਬਦਾਂ ਵਿਚ ਲਿਖਣ ਸਮੇਂ ਲੇਖਕ ਦੇ ਮਨ ਵਿਚ ਕੀ ਸੀ ਜਾਂ ਲੇਖਕ ਆਪਣੀ ਕਹੀ/ਲਿਖੀ ਇਬਾਰਤ ਦੇ ਖੁਦ ਕੀ ਅਰਥ ਲੈਂਦਾ ਹੈ। ਗੁਰਬਾਣੀ ਦੇ ਸੰਬੰਧ ਵਿਚ ਇਸ ਨੂੰ ਅਸੀਂ ਇਕ ਉਦਾਹਰਨ ਦੁਆਰਾ ਸਮਝ ਸਕਦੇ ਹਾਂ ਕਿ ਜਦੋਂ ਮੂਲਮੰਤ੍ਰ, ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅੰਤਰ ਆਤਮੇ ਉਤਰਿਆ ਜਾਂ ਪ੍ਰਕਾਸ਼ਮਾਨ ਹੋਇਆ, ਤਦੋਂ ਉਨ੍ਹਾਂ ਦੇ ਆਪਣੇ ਮਨ ਵਿਚ ਮੂਲਮੰਤ੍ਰ ਦਾ ਕੀ ਭਾਵ ਸੀ? ਜੇ ਅੱਜ ਜਦੋਂ ਅਸੀਂ ਮੂਲਮੰਤ੍ਰ ਦੇ ਸੈਂਕੜੇ ਅਰਥ ਹੋਏ ਦੇਖਦੇ ਹਾਂ ਤਾਂ ਇਹ ਗੱਲ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ ਕਿ ਕੀ ਮੂਲਮੰਤ੍ਰ ਦੇ ਅਰਥ ਸਪੱਸ਼ਟ ਹੋ ਗਏ? ਜਾਂ ਕੀ ਮੂਲਮੰਤ੍ਰ ਦੇ ਇਹੀ ਅਰਥ ਹਨ ਜੋ ਅਸਲੀ ਹਨ। "[੫]

## ਗੁਰਬਾਣੀ ਵਿਆਖਿਆ-ਸ਼ਾਸਤਰ : ਮਹੱਤਵ

ਉਪਰਲੀ ਸਾਰੀ ਵਿਚਾਰ ਤੋਂ ਸਾਨੂੰ ਸਮਝ ਵਿਚ ਪੈਂਦਾ ਹੈ ਕਿ ਵਿਆਖਿਆ-ਸ਼ਾਸਤਰ ਪੱਧਤੀ ਦੀ ਹਰੇਕ ਧਾਰਮਿਕ ਰਚਨਾ ਦੇ ਸੰਦਰਭ ਵਿਚ ਖਾਸ ਮਹੱਤਤਾ ਹੁੰਦੀ ਹੈ। ਬਾਈਬਲ ਦੇ ਨਾਲ ਜੁੜੀ ਹੋਈ ਵਿਆਖਿਆ ਦਾ ਪੱਧਰ ਕਾਫੀ ਹੱਦ ਤਕ ਸਥਾਪਿਤ ਹੋ ਚੁੱਕਿਆ ਹੈ, ਪਰੰਤੂ ਗੁਰਬਾਣੀ ਨਾਲ ਜੁੜੇ ਕਿਸੇ ਵਿਆਖਿਆ-ਸ਼ਾਸਤਰ

ਜਾਂ ਮਾਪਦੰਡ ਦੀ ਸਿੱਧੇ ਤੌਰ 'ਤੇ ਪ੍ਰਾਪਤੀ ਨਹੀਂ ਹੁੰਦੀ। ਗੁਰਬਾਣੀ ਵਿਚ ਲੱਗਭਗ ੧੨ਵੀਂ ਤੋਂ ੧੭ਵੀਂ ਸਦੀ ਦਾ ਵੰਨ-ਸੁਵੰਨਤਾ ਵਾਲਾ ਸੱਭਿਆਚਾਰ ਸਥਾਪਿਤ ਹੈ। ਇਸ ਲਈ ਭਾਸ਼ਾ ਸੰਬੰਧੀ ਸਮੱਸਿਆ ਪ੍ਰਮੁੱਖ ਤੌਰ 'ਤੇ ਪੇਸ਼ ਆਉਂਦੀ ਹੈ। ਜਿਸ ਕਾਰਨ ਗੁਰਬਾਣੀ ਵਿਚਲੇ ਗਿਆਨ ਦਾ ਪੂਰਨ ਬੋਧ ਪ੍ਰਾਪਤ ਨਹੀਂ ਹੁੰਦਾ। ਵੱਖਰੇ-ਵੱਖਰੇ ਵਿਦਵਾਨਾਂ ਵੱਲੋਂ ਇਹ ਅਨੁਮਾਨ ਲਗਾਇਆ ਜਾਂਦਾ ਹੈ ਕਿ ਜੇਕਰ ਗੁਰਬਾਣੀ ਦੇ ਵਿਆਖਿਆ-ਸ਼ਾਸਤਰ ਦੀ ਸਥਾਪਤੀ ਕਰਕੇ ਇਸ ਦੀ ਵਰਤੋਂ ਕੀਤੀ ਜਾਵੇ ਤਾਂ ਬੜੇ ਹੀ ਸਾਰਥਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ। ਕਿਸੇ ਧਰਮ ਪਰੰਪਰਾ ਵਿਚ ਕਿਸੇ ਧਾਰਮਿਕ ਆਗੂ ਦੇ ਆਪਣੇ ਰੱਬੀ ਅਨੁਭਵ ਨੂੰ ਪ੍ਰਗਟਾਣ ਦੇ ਪਹਿਲੇ ਯਤਨ ਨਾਲ ਹੀ ਉਸ ਧਰਮ ਪਰੰਪਰਾ ਵਿਚ ਵਿਆਖਿਆ ਦਾ ਇਤਿਹਾਸ ਵੀ ਨਾਲ ਹੀ ਤੁਰ ਪੈਂਦਾ ਹੈ। ਇਨ੍ਹਾਂ ਅਰਥਾਂ ਵਿਚ ਕਿਸੇ ਧਾਰਮਿਕ ਸਾਹਿਤ ਦੀ ਪਰੰਪਰਾ ਉਸ ਧਰਮ ਦੇ ਮੂਲ ਆਧਾਰ, ਰੱਬੀ ਗਿਆਨ ਦੀ ਵਿਆਖਿਆ ਦਾ ਇਤਿਹਾਸ ਹੀ ਹੁੰਦਾ ਹੈ। ਧਰਮ ਦੇ ਖੇਤਰ ਵਿਚ ਵਿਆਖਿਆ-ਸ਼ਾਸਤਰ ਇਕ ਬਹੁਤ ਹੀ ਮਹਾਨ ਤੇ ਕੇਂਦਰੀ ਮਹੱਤਵ ਵਾਲਾ ਵਿਸ਼ਾ ਹੈ। ਕਿਸੇ ਧਰਮ ਦੀ ਪ੍ਰਫੁਲਤਾ, ਪਾਸਾਰ ਦਾ ਅੰਦਾਜ਼ਾ ਇਸ ਦੀ ਵਿਆਖਿਆਕਾਰੀ ਦੇ ਯਤਨਾਂ ਤੋਂ ਹੀ ਲੱਗ ਸਕਦਾ ਹੈ। ਹਰ ਧਰਮ ਵਿਸ਼ੇਸ਼ ਦੀ ਇਕ ਵਿਸ਼ੇਸ਼ ਵਿਆਖਿਆ ਪਰੰਪਰਾ ਉਸ ਦਾ ਅਨਿੱਖੜਵਾਂ ਅੰਗ ਹੁੰਦਾ ਹੈ। ਧਰਮ ਸੰਸਾਰ ਦੇ ਇਸ ਵਿਸ਼ਾਲ ਵਿਆਖਿਆ ਸਾਹਿਤ ਨੂੰ ਕਿਸੇ ਵਿਧੀ ਰੂਪ ਵਿਚ ਗ੍ਰਹਿਣ ਕਰਨ ਲਈ ਪਿੱਛੋਂ ਵਿਆਖਿਆ ਵਿਗਿਆਨ ਤੇ ਵਿਆਖਿਆ ਵਿਧੀਆਂ ਨਿਰਧਾਰਿਤ ਕਰਨ ਦੇ ਯਤਨ ਕੀਤੇ ਗਏ ਹਨ ਤਾਂ ਕਿ ਵਿਆਖਿਆ ਦੇ ਸਹੀ ਸਰੂਪ ਨੂੰ ਸਮਝਿਆ ਜਾ ਸਕੇ।[੬]

ਵਿਆਖਿਆ-ਸ਼ਾਸਤਰ ਜਾਂ ਗੁਰਬਾਣੀ ਵਿਆਖਿਆ-ਸ਼ਾਸਤਰ ਦੁਆਰਾ ਸਿੱਧੇ ਤੌਰ 'ਤੇ ਪ੍ਰਾਪਤ ਹੋਣ ਵਾਲੇ ਕੁਝ ਇਕ ਲਾਭ ਇਸ ਪ੍ਰਕਾਰ ਹਨ :

੧. ਅਰਥਾਂ ਦੀ ਸਪੱਸ਼ਟਤਾ
੨. ਮੂਲ ਪਾਠ ਨਾਲ ਸੰਬੰਧਿਤ ਸਿਧਾਂਤਕ ਤੇ ਪਰੰਪਰਾਵਾਂ ਸੰਬੰਧੀ ਜਾਣਕਾਰੀ
੩. ਪ੍ਰਮੁੱਖ ਵਿਸ਼ਵਾਸ ਜਾਂ ਧਾਰਨਾਵਾਂ ਦੀ ਜਾਣਕਾਰੀ
੪. ਅਰਥਾਂ ਦਾ ਨਿਰਧਾਰਨ ਜਾਂ ਪ੍ਰਸੰਗਿਕਤਾ
੫. ਭਾਸ਼ਾ ਦਾ ਵਿਕਾਸ
੬. ਹੋਰਨਾਂ ਧਰਮਾਂ ਨਾਲ ਸੰਬੰਧ ਸਥਾਪਤੀ
੭. ਚਿੰਨ੍ਹਾਤਮਕ ਜਾਂ ਅਲੰਕਾਰਕ ਪਾਠ ਦਾ ਗਿਆਨ
੮. ਇਤਿਹਾਸਿਕ ਤੱਤਾਂ ਦੀ ਸੂਝ
੯. ਚੇਤਨਾ, ਬੋਲੀ ਜਾਂ ਸਭਿਆਚਾਰ ਦਾ ਵਿਕਾਸ
੧੦. ਭੂਤ, ਭਵਿੱਖ ਅਤੇ ਵਰਤਮਾਨ ਨਾਲ ਸੰਬੰਧਿਤ ਪਾਠ ਦੇ ਗਿਆਨ ਦੀ ਸੋਝੀ
੧੧. ਸੰਵਾਦ ਦੀ ਸਥਾਪਤੀ

੧੨. ਵਿਆਖਿਆ-ਸ਼ਾਸਤਰ ਨਾਲ ਸੰਬੰਧਿਤ ਅਲੱਗ-ਅਲੱਗ ਮਾਪਦੰਡਾਂ ਜਾਂ ਸੰਦਾਂ ਦੀ ਖੋਜ ਵਿਚ ਵਾਧਾ
੧੩. ਮਰੀਆਂ ਜਾਂ ਅਲੋਪ ਹੋਈਆਂ ਭਾਸ਼ਾਵਾਂ ਦੀ ਪੁਨਰ ਸਥਾਪਤੀ
੧੪. ਸਮਝ ਦੇ ਪੱਧਰ ਵਿਚ ਵਾਧਾ
੧੫. ਵਿਆਖਿਆਕਾਰੀ ਸਕੂਲਾਂ ਦੀ ਸਥਾਪਨਾ
੧੬. ਭਰਾਤਰੀ ਭਾਵ ਦੀ ਭਾਵਨਾ ਦਾ ਵਿਕਾਸ
੧੭. ਸਾਰੇ ਧਰਮਾਂ ਦੇ ਸਾਂਝੇ ਤੱਤ (ਅਕਾਲ ਪੁਰਖ, ਸ੍ਰਿਸ਼ਟੀ, ਜੀਵ, ਨਿਮਰਤਾ, ਪ੍ਰੇਮ) ਆਦਿ ਦੀ ਸਥਾਪਨਾ
੧੮. ਫਾਲਤੂ ਵਿਸ਼ਵਾਸਾਂ, ਵਹਿਮ-ਭਰਮਾਂ ਜਾਂ ਮਿੱਥਾਂ ਦਾ ਖਾਤਮਾ
੧੯. ਸੰਗੀਤਕ ਜਾਂ ਗਾਇਨ ਸ਼ੈਲੀਆਂ ਦਾ ਵਿਕਾਸ
੨੦. ਸੰਗੀਤ ਦੀ ਪਰਿਭਾਸ਼ਕ ਸ਼ਬਦਾਵਲੀ ਦੇ ਅਸਲ ਅਰਥ
੨੧. ਸੰਗੀਤਕ ਸਾਜਾਂ ਦੀ ਸੋਝੀ
੨੨. ਵਿਆਕਰਣਕ ਖੋਜ
੨੩. ਉਚਾਰਨ ਸੇਧ ਵਿਚ ਸਪੱਸ਼ਟਤਾ
੨੪. ਧੁਨੀ, ਚਿੰਨ੍ਹ, ਵਾਕ, ਬਿਸ਼ਰਾਮ, ਨਿਰੁਕਤ ਦਾ ਬੋਧ
੨੫. ਸੱਭਿਆਚਾਰਕ ਪਰੰਪਰਾ ਅਤੇ ਵਿਚਾਰਧਾਰਕ ਏਕਤਾ
੨੬. ਬਾਣੀ ਵਿਚਲੇ ਕਿਸੇ ਵੀ ਤੱਤ ਦੀ ਸਾਰਥਕਤਾ ਦੀ ਖੋਜ
੨੭. ਦਾਰਸ਼ਨਿਕ ਪੱਖਾਂ ਦਾ ਵਿਕਾਸ
੨੮. ਕਾਵਿ ਜੁਗਤਾਂ ਅਤੇ ਸੰਚਾਰ ਦਾ ਵਿਕਾਸ
੨੯. ਕਾਵਿ ਪ੍ਰਣਾਲੀਆਂ : ਧੁਨੀ, ਰਸ, ਛੰਦ, ਅਲੰਕਾਰ ਦਾ ਗਿਆਨ
੩੦. ਕਾਵਿ ਰੂਪਾਂ ਜਾਂ ਸਾਹਿਤ ਰੂਪਾਂ ਦੀ ਸੋਝੀ
੩੧. ਵਿਆਕਰਣ, ਪਿੰਗਲ, ਤਕਨੀਕੀ ਸ਼ਬਦਾਵਲੀ ਦੀ ਜਾਣਕਾਰੀ
੩੨. ਮੁਹਾਵਰੇ ਜਾਂ ਸ਼ਬਦ ਭੰਡਾਰ ਦਾ ਬੋਧ
੩੩. ਲਾਇਬ੍ਰੇਰੀਆਂ, ਖੋਜ ਸੰਸਥਾਨਾਂ ਦੀ ਸਥਾਪਤੀ
੩੪. ਵਿਆਖਿਆਕਾਰੀ ਜਾਂ ਟੀਕਾਕਾਰੀ ਵਿਚ ਹੋਏ ਕਿਸੇ ਵੀ ਪ੍ਰਕਾਰ ਦੀ ਰਲਗੱਡ ਨੂੰ ਦੂਰ ਕਰਨਾ
੩੫. ਧਰਮ ਅਤੇ ਜਗਿਆਸੂ ਵਿਚਾਲੇ ਉਸਰੀ ਹੋਈ ਕੰਧ ਨੂੰ ਮਿਟਾਉਣਾ

**੫. ਗੁਰਬਾਣੀ ਵਿਆਖਿਆ-ਸ਼ਾਸਤਰ ਨਾਲ ਸੰਬੰਧਿਤ ਪ੍ਰਮੁੱਖ ਸੰਦ :**

- ਸ਼ਬਦ ਜੋੜ
- ਅੰਕ ਪ੍ਰਬੰਧ
- ਆਰਥੋਗ੍ਰਾਫੀ

- ਤੁਕ ਪ੍ਰਬੰਧ
- ਵਿਆਖਿਆ ਪ੍ਰਣਾਲੀਆਂ
- ਭਾਸ਼ਾ
- ਸੰਪਾਦਕ
- ਬਾਣੀ ਸਿਰਲੇਖ
- ਸੰਗੀਤਕ ਤੱਥ (ਕੀਰਤਨ, ਸਾਜ, ਗਾਇਨ ਸ਼ੈਲੀਆਂ, ਰਾਗ) ਇਤਿਹਾਸਿਕ, ਮਿਥਿਹਾਸਕ ਤੱਥ
- ਭਾਸ਼ਾ ਅਤੇ ਲਿਪੀ
- ਬਾਣੀਕਾਰ
- ਪ੍ਰਭਾਸ਼ਿਕ ਸ਼ਬਦ ਅਤੇ ਸੰਕਲਪ
- ਸਟੀਕ/ਟੀਕੇ
- ਫੁਟਕਲ

ਸਮੁੱਚੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਪੱਛਮ ਵਿਚ Hermeneutics ਦੇ ਮਹੱਤਵ ਦੀ ਤਰ੍ਹਾਂ ਗੁਰਬਾਣੀ ਵਿਆਖਿਆ-ਸ਼ਾਸਤਰ ਦਾ ਵੀ ਆਪਣਾ ਖਾਸ ਮਹੱਤਵ ਹੈ। ਹਾਲਾਂਕਿ ਗੁਰਮਤਿ ਸੱਭਿਆਚਾਰ ਵਿਚ ਇਸ ਦਾ ਪੂਰਨ ਉਪਯੋਗ ਹਾਲੇ ਤਕ ਨਹੀਂ ਹੋ ਸਕਿਆ ਪ੍ਰੰਤੂ ਜੇਕਰ ਵਿਦਵਾਨਾਂ ਵੱਲੋਂ ਇਸ ਪਾਸੇ ਯਤਨ ਕੀਤੇ ਜਾਣ ਤਾਂ ਇਸ ਖੇਤਰ ਵਿਚ ਖਾਸ ਪ੍ਰਾਪਤੀਆਂ ਦੀ ਸੰਭਾਵਨਾ ਹੈ।

**ਹਵਾਲੇ :**

੧. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਬਲਕਾਰ ਸਿੰਘ (ਡਾ.), 'ਸਿੱਖ ਵਿਆਖਿਆ-ਸ਼ਾਸਤਰ (Hermeneutics)', ਪੰਨਾ ੨੬

੨. ਡਾ. ਸਰਬਜਿੰਦਰ ਸਿੰਘ (ਸੰਪਾ.), *ਵਿਆਖਿਆ ਸ਼ਾਸਤਰ ਅਤੇ ਵਿਆਖਿਆਕਾਰੀ* 'ਵਿਸ਼ੇਸ਼ ਅੰਕ', ਅਮਰਜੀਤ ਸਿੰਘ, 'ਸਿੱਖ ਵਿਆਖਿਆ-ਸ਼ਾਸਤਰ', ਪੰਨਾ ੩੮

੩. ਡਾ. ਜਸਬੀਰ ਕੌਰ (ਸੰਪਾ.), *ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਿੰਨ ਪਰਿਪੇਖ* (ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਸ਼ੇਸ਼ ਪ੍ਰਸੰਗ ਵਿਚ), ਗੁਰਭਗਤ ਸਿੰਘ (ਡਾ.), *'ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਅਜੋਕੇ ਵਿਆਖਿਆ-ਸ਼ਾਸਤਰ'*, ਪੰਨਾ ੨੨੧

੪. ਡਾ. ਤਾਰਨ ਸਿੰਘ, *ਗੁਰਬਾਣੀ ਦੀਆਂ ਵਿਆਖਿਆ ਪ੍ਰਣਾਲੀਆਂ*, ਪੰਨਾ ੧੩

੫. ਬੀਬੀ ਪ੍ਰਭਜੋਤ ਕੌਰ (ਸੰਪਾ.), *ਗਿਆਨੁ ਚਰਾਗੁ*, ਗੁਰਮੇਲ ਸਿੰਘ (ਡਾ.), 'ਗੁਰਬਾਣੀ ਵਿਆਖਿਆ-ਸ਼ਾਸਤਰ' ਪੰਨਾ ੧੨੪

੬. ਡਾ. ਦਰਸ਼ਨ ਸਿੰਘ, *ਭਾਈ ਗੁਰਦਾਸ ਸਿੱਖੀ ਦੇ ਪਹਿਲੇ ਵਿਆਖਿਆਕਾਰ*, ਪੰਨੇ ੧੦੩-੧੦੪

■

# ਸਧਾਰਨ ਸਿੱਖਾਂ ਦੀ ਬਹਾਦਰੀ ਦਾ ਪ੍ਰਤੀਕ : ਫਾਰਵਰਡ ਡਿਫੈਂਸ, ਕਿਲ੍ਹਾ ਦਰਹਾਲ ਨੌਸ਼ਹਿਰਾ (ਜੰਮੂ)

*-ਸ. ਨਵਜੋਤ ਸਿੰਘ**

ਸੰਨ ੧੯੪੭ ਈ. ਦੀ ਦੇਸ਼ (ਭਾਰਤ-ਪਾਕਿਸਤਾਨ) ਦੀ ਵੰਡ ਸਮੇਂ ਪਾਕਿਸਤਾਨੀ ਫੌਜ ਅਤੇ ਕਬਾਈਲੀਆਂ/ਮੁਜ਼ਾਹੀਦੀਨਾਂ ਨੇ ਜੰਮੂ-ਕਸ਼ਮੀਰ ਵਿਚ ਵੱਡਾ ਹਮਲਾ ਕਰ ਦਿੱਤਾ ਸੀ। ਕਾਫੀ ਇਲਾਕਿਆਂ ’ਤੇ ਹਮਲਾ ਕਰਨ ਉਪਰੰਤ ਉਨ੍ਹਾਂ ਨੇ ਕਿਲ੍ਹਾ ਦਰਹਾਲ ਨੇੜ੍ਹੇ ਜੰਮੂ ਖੇਤਰ ਦੇ ਨੌਸ਼ਹਿਰਾ ਸ਼ਹਿਰ ਉੱਪਰ ਹਮਲਾ ਕੀਤਾ ਜਿੱਥੇ ਤਕਰੀਬਨ ੫੦ ਦੇ ਕਰੀਬ ਪਿੰਡ-ਵਾਸੀਆਂ ਜੋ ਜ਼ਿਆਦਾਤਰ ਸਿੱਖ ਸਨ, ਨੇ ੫੪ ਦਿਨਾਂ ਤਕ ਇਨ੍ਹਾਂ ਘੁਸਪੈਠੀਆਂ/ਹਮਲਾਵਰਾਂ ਦਾ ਡਟ ਕੇ ਮੁਕਾਬਲਾ ਕੀਤਾ। ਇਸ ਦੌਰਾਨ (੪ ਸਤੰਬਰ ਤੋਂ ੨੮ ਅਕਤੂਬਰ ਤਕ) ਤਕ ਭਾਰਤੀ ਫੌਜ ਦੀ ਕੋਈ ਟੁੱਕੜੀ ਨਹੀਂ ਪਹੁੰਚੀ। ਅਜਿਹੀ ਜੰਗ ਦੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ ਜਿੱਥੇ ਬਹੁਤ ਘੱਟ ਗਿਣਤੀ ਵਿਚ ਬਿਨਾਂ ਸਿਖਲਾਈ ਪ੍ਰਾਪਤ ਪਿੰਡ-ਵਾਸੀਆਂ ਨੇ ਵੱਡੀ ਗਿਣਤੀ ਵਿਚ ਦੁਸ਼ਮਣ ਫੌਜ ਦਾ ਤਕਰੀਬਨ ਦੋ ਮਹੀਨੇ ਡਟ ਕੇ ਮੁਕਾਬਲਾ ਕੀਤਾ ਸੀ।

ਉਸ ਸਮੇਂ ਸ. ਬਸੰਤ ਸਿੰਘ ੧੩ ਸਾਲ ਦੇ ਸਨ, ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਦੇ ਪਿੰਡ ਵਿਚ ਤਕਰੀਬਨ ਪੰਜਾਹ ਦੇ ਕਰੀਬ ਨੌਜਵਾਨ ਸਨ ਜਿਨ੍ਹਾਂ ਦੇ ਮੁਖੀ ਜਥੇਦਾਰ ਰਾਮ ਸਿੰਘ ਅਤੇ ਸੂਬੇਦਾਰ ਰਣਜੀਤ ਸਿੰਘ ਸਨ, ਜੋ ਕਿ ਦੂਜੀ ਵਿਸ਼ਵ ਜੰਗ ਵਿਚ ਭਾਗ ਲੈ ਚੁੱਕੇ ਸਨ। ਉਨ੍ਹਾਂ ਨੇ ਖ਼ਤਰਾ ਦੇਖਦੇ ਹੋਏ ਪਿੰਡ-ਵਾਸੀਆਂ ਨੂੰ ਗੁਰੀਲਾ ਯੁੱਧ ਦੀ ਸਿਖਲਾਈ ਦੇਣੀ ਅਰੰਭ ਕਰ ਦਿੱਤੀ। ਉਨ੍ਹਾਂ ਪਾਸ ਤਕਰੀਬਨ ੨੦ ਦੇ ਕਰੀਬ ਦੂਰ ਮਾਰ ਕਰਨ ਵਾਲੀਆਂ ਰਾਈਫਲਾਂ ਅਤੇ ਕਾਫੀ ਮਾਤਰਾ ਵਿਚ ਗੋਲੀ-ਸਿੱਕਾ ਸੀ। ਇਸ ਦੇ ਨਾਲ ਹੀ ਉਨ੍ਹਾਂ ਨੇ ਛੇ ਮਹੀਨੇ ਦਾ ਰਾਸ਼ਨ-ਪਾਣੀ ਵੀ ਇਕੱਠਾ ਕਰ ਲਿਆ ਸੀ।

ਕਬਾਈਲੀ ਅਤੇ ਪਾਕਿਸਤਾਨੀ ਫੌਜ ਨੇ ਸਰਹੱਦੀ ਇਲਾਕਿਆਂ ’ਤੇ ਕਬਜ਼ਾ ਕਰਨ ਦੀ ਮਨਸ਼ਾ ਨਾਲ ਸਥਾਨਕ ਲੋਕਾਂ ਦਾ ਕਤਲ-ਏ-ਆਮ ਕਰਦੇ ਹੋਏ ੪ ਸਤੰਬਰ, ੧੯੪੭ ਈ. ਨੂੰ ਪਿੰਡ ਦਰਹਾਲ ’ਤੇ ਹਮਲਾ ਕਰ ਦਿੱਤਾ। ਪਿੰਡ-ਵਾਸੀਆਂ ਨੇ ਅੱਗੋਂ ਜਵਾਬੀ ਫਾਇਰ ਖੋਲ ਦਿੱਤੇ ਅਤੇ ਬੜੀ ਗਹਿਗੱਚ ਜੰਗ ਸ਼ੁਰੂ ਹੋ ਗਈ ਜੋ ਕਿ ਤਕਰੀਬਨ ਦੋ ਮਹੀਨੇ ਤਕ ਜਾਰੀ ਰਹੀ। ਇਸ ਜੰਗ ਦੌਰਾਨ ਦਸ ਦੇ ਕਰੀਬ ਪਿੰਡ ਵਾਸੀ ਸ਼ਹੀਦ ਹੋਏ। ਇਸ ਜੰਗ ਵਿਚ ਬੀਬੀਆਂ ਨੇ ਵੀ ਵੱਧ-ਚੜ੍ਹ ਕੇ ਯੋਗਦਾਨ

---

**ਸੁਪਰਵਾਈਜ਼ਰ, ਗੁਰਦੁਆਰਾ ਅੰਬ ਸਾਹਿਬ (ਪਾ: ਸਤਵੀਂ) ਐਸ. ਏ. ਐਸ. ਨਗਰ (ਮੋਹਾਲੀ)- ੧੬੦੦੬੨; ਮੋ. +੯੧੯੮੮੮੬੮੭੭੬੦*

ਪਾਇਆ ਸੀ। ਆਖਿਰਕਾਰ ਜੰਮੂ-ਕਸ਼ਮੀਰ ਦੇ ਰਾਜੇ ਹਰੀ ਸਿੰਘ ਨੇ ਹਿੰਦੁਸਤਾਨ ਦੀ ਸਰਕਾਰ ਨਾਲ ਸਮਝੌਤਾ ਕਰਦਿਆਂ ਜੰਮੂ-ਕਸ਼ਮੀਰ ਸਟੇਟ ਨੂੰ ਹਿੰਦੁਸਤਾਨ ਵਿਚ ਸ਼ਾਮਿਲ ਕਰਨ ਦਾ ਫੈਸਲਾ ਲਿਆ। ਇਸ ਉਪਰੰਤ ਭਾਰਤੀ ਫੌਜ ਨੇ ਮੋਰਚਾ ਸੰਭਾਲਿਆ ਅਤੇ ਪਾਕਿਸਤਾਨੀ ਕਬਾਈਲਿਆਂ ਨੂੰ ਖਦੇੜ ਦਿੱਤਾ। ਇੱਥੇ ਇਹ ਜ਼ਿਕਰਯੋਗ ਹੈ ਕਿ ਪਹਿਲੀ ਭਾਰਤੀ ਫੌਜ ਜੋ ਕਸ਼ਮੀਰ ਵਿਚ ਦਾਖ਼ਲ ਹੋਈ ਉਹ ਸਿੱਖ ਰੈਜੀਮੈਂਟ ਸੀ।

ਪਿੰਡ-ਵਾਸੀਆਂ ਨੇ ਸ਼ਹੀਦ ਹੋਏ ਲੋਕਾਂ ਦਾ ਸਮਾਰਕ ਬਣਾਇਆ ਹੈ, ਜਿਸ ਦਾ ਨਾਮ ਸ਼ਹੀਦ ਗੜ ਰੱਖਿਆ ਹੈ। ਇਸ ਸਥਾਨ ’ਤੇ ਹਰ ਸਾਲ ੨੮ ਅਕਤੂਬਰ ਨੂੰ ਵੱਡਾ ਜੋੜ-ਮੇਲਾ ਲੱਗਦਾ ਹੈ ਅਤੇ ਭਾਰਤੀ ਫੌਜ ਦੀ ਟੁੱਕੜੀ ਇਨ੍ਹਾਂ ਸ਼ਹੀਦਾਂ ਨੂੰ ਸਲਾਮੀ ਦਿੰਦੀ ਹੈ। ਇਸ ਜੰਗ ਵਿਚ ਸ਼ਮੂਲੀਅਤ ਕਰਨ ਵਾਲੇ ਸ. ਭਗਵਾਨ ਸਿੰਘ, ਸ. ਈਸ਼ਰ ਸਿੰਘ, ਸ. ਬਸੰਤ ਸਿੰਘ, ਸ. ਰਘੁਜੀਤ ਸਿੰਘ ਹਾਲੇ ਵੀ ਜ਼ਿੰਦਾ ਹਨ ਅਤੇ ਉਹ ਇਸ ਜੰਗ ਬਾਰੇ ਜਾਣਕਾਰੀ ਸਭ ਨਾਲ ਸਾਂਝੀ ਕਰਦੇ ਹਨ। ਇਸ ਬਹਾਦਰੀ ਦੀ ਮਿਸਾਲ ਸਾਰੀ ਦੁਨੀਆ ਵਿਚ ਨਹੀਂ ਮਿਲਦੀ, ਜਿੱਥੇ ਮੁੱਠੀ ਭਰ ਪਿੰਡ-ਵਾਸੀਆਂ ਨੇ ਵੱਡੀ ਗਿਣਤੀ ਵਿਚ ਸਿਖਲਾਈ ਪ੍ਰਾਪਤ ਘੁਸਪੈਠੀਆਂ ਤੇ ਪਾਕਿਸਤਾਨੀ ਫੌਜ ਦਾ ਦੋ ਮਹੀਨੇ ਤਕ ਮੁਕਾਬਲਾ ਕੀਤਾ ਸੀ। ਸਾਲ ੨੦੨੨ ਵਿਚ ਇਸ ਸਾਕੇ ਨੂੰ ੭੫ ਸਾਲ ਹੋ ਚੁੱਕੇ ਹਨ। ■

## ਯਮੁਨਾਨਗਰ ਵਿਖੇ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਡੇਰਾ ਸੰਤ ਪੁਰਾ ਮਾਡਲ ਟਾਊਨ, ਯਮੁਨਾਨਗਰ (ਹਰਿਆਣਾ) ਵਿਖੇ ੨੩ ਅਗਸਤ, ੨੦੨੨ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ੩੫ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ।

*ਜਨਵਰੀ ੨੦੨੩ ਦਾ ਬਾਕੀ :*

# ਗੁਰਦੁਆਰਾ ਸਾਹਿਬ : ਸਿਹਤ ਸਿੱਖਿਆ ਦਾ ਕੇਂਦਰ

*-ਡਾ. ਪਰਮਵੀਰ ਸਿੰਘ**

*-ਡਾ. ਸੰਪੂਰਨ ਸਿੰਘ*

ਦੁਨੀਆ ਦੀਆਂ ਸਾਰੀਆਂ ਇਲਾਜ ਪ੍ਰਣਾਲੀਆਂ (ਪੁਰਾਤਨ ਅਤੇ ਅਜੋਕੀਆਂ) ਦੀ ਇਹ ਧਾਰਨਾ ਹੈ ਕਿ ਮਨੁੱਖੀ ਸਰੀਰ ਉੱਤਮ ਹੈ। ਇਸ ਨੂੰ ਰੋਗ ਰਹਿਤ ਰੱਖਣ ਲਈ ਸਭ ਤੋਂ ਚੰਗਾ ਤਰੀਕਾ ਪ੍ਰਹੇਜ਼ ਹੈ। ਕਹਾਵਤ ਵੀ ਹੈ— "ਇਲਾਜ ਨਾਲੋਂ ਪ੍ਰਹੇਜ਼ ਚੰਗਾ"। ਭਾਵ ਪ੍ਰਹੇਜ਼ ਕਰਨ ਨਾਲ ਰੋਗਾਂ ਤੋਂ ਬਚਣਾ ਸੌਖਾ ਹੋ ਜਾਂਦਾ ਹੈ। ਜਦੋਂ ਰੋਗ ਨੂੰ ਪ੍ਰਭਾਸ਼ਿਤ ਕੀਤਾ ਜਾਂਦਾ ਹੈ ਤਾਂ ਆਖਿਆ ਜਾਂਦਾ ਹੈ ਕਿ ਰੋਗ ਸਰੀਰ ਨੂੰ ਅਤੇ ਇਸ ਦੀ ਕੰਮਕਾਜੀ ਸਮਰੱਥਾ ਨੂੰ ਘਟਾਉਣ ਦੀ ਅਵਸਥਾ ਹੈ। ਰੋਗ-ਗ੍ਰਸਤ ਹੋਣ 'ਤੇ ਸਰੀਰ ਦਾ ਚੱਲਣਾ, ਬੈਠਣਾ, ਉੱਠਣਾ, ਸੌਣਾ, ਖਾਣਾ ਆਦਿ ਆਮ ਵਰਗਾ ਨਹੀਂ ਰਹਿੰਦਾ ਸਗੋਂ ਅਟਪਟਾ ਹੋ ਜਾਂਦਾ ਹੈ। ਸਾਡੇ ਸਰੀਰ ਨਾਲ ਅਜਿਹਾ ਨਾ ਵਾਪਰੇ ਉਸ ਲਈ ਕੁਝ ਆਮ ਅਤੇ ਖਾਸ ਤਰ੍ਹਾਂ ਦੇ ਇਹਿਤਾਦ ਹਨ ਜਿਨ੍ਹਾਂ ਦਾ ਪਾਲਣ ਕੀਤਿਆਂ ਸਰੀਰ ਸਹਿਜੇ ਹੀ ਮੁੜ ਆਪਣੀ ਪਹਿਲੀ ਅਵਸਥਾ ਵੱਲ ਆ ਜਾਂਦਾ ਹੈ। ਰੋਗ ਵਾਪਰਨ ਦੇ ਸਰੀਰਕ ਕਾਰਨ ਜਿਵੇਂ- ਉਠਦਿਆਂ, ਬੈਠਦਿਆਂ ਤੇ ਚੱਲਦਿਆਂ, ਬੈਠਣ, ਚੱਲਣ ਵਿਚ, ਜੋੜਾਂ ਵਿਚ, ਸਾਹ ਵਿਚ ਤੇ ਭੋਜਨ ਪ੍ਰਣਾਲੀ ਵਿਚ ਤਕਲੀਫ ਦਾ ਹੋਣਾ। ਮਾਨਸਿਕ ਰੋਗ ਜਿਵੇਂ- ਬੇਚੈਨੀ, ਬੇਸਮਝੀ, ਘਬਰਾਹਟ, ਅੰਗਾਂ 'ਤੇ ਕਾਬੂ ਨਾ ਰਹਿਣਾ ਆਦਿ। ਭਾਵਨਾਤਮਿਕ ਰੋਗ ਹਨ ਜਿਵੇਂ- ਸੰਤੁਲਿਨ ਨਾ ਬਣਨਾ, ਬੇਵਜ੍ਹਾ ਕ੍ਰੋਧ ਆਉਣਾ, ਮਨ ਉੱਪਰ ਦਬਾਅ ਬਣਨਾ, ਕਾਬੂ ਨਾ ਰਹਿਣਾ ਆਦਿ। ਸਮਾਜਿਕ ਰੋਗ ਹਨ ਜਿਵੇਂ- ਦੂਸਰੇ ਵਿਅਕਤੀ ਤੋਂ ਭੈਅ ਖਾਣਾ, ਸੰਗਤ ਨਾ ਕਰ ਸਕਣਾ, ਸਮਾਜ ਤੋਂ ਦੁਖੀ ਹੋਣਾ ਆਦਿ। ਜੇਕਰ ਇਨ੍ਹਾਂ ਸਾਰੇ ਵਾਪਰਣ ਵਾਲੇ ਰੋਗਾਂ ਦੇ ਕਾਰਨਾਂ ਦਾ ਵਿਅਕਤੀ ਨੂੰ ਗਿਆਨ ਹੋਵੇ ਤਾਂ ਅਜਿਹੇ ਉਪਾਅ ਕੀਤੇ ਜਾ ਸਕਦੇ ਹਨ ਕਿ ਇਹ ਨਾ ਵਾਪਰਨ ਜਾਂ ਨਾ ਹੋਣ। ਭਾਵ ਹਰ ਵਿਅਕਤੀ ਰੋਗ-ਮੁਕਤ ਹੋ ਸਕਦਾ ਹੈ, ਜੇਕਰ ਉਸ ਨੂੰ ਰੋਗ ਦੇ ਕਾਰਨ ਦਾ ਪਤਾ ਹੋਵੇ ਤਾਂ ਉਸ ਕੋਲ ਪਰਹੇਜ਼ ਜਾਂ ਇਲਾਜ ਹੋਵੇ। ਇਸ ਲਈ ਸਰੀਰ ਨੂੰ ਹਰ ਪੱਖ ਤੋਂ ਸਮਝਣਾ ਪਵੇਗਾ। ਰੋਗ ਦੇ ਕਾਰਨਾਂ ਨੂੰ ਜਾਨਣਾ ਹੋਵੇਗਾ ਅਤੇ ਪਰਹੇਜ਼ ਜਾਂ ਇਲਾਜ ਦਾ ਗਿਆਨ ਇਕੱਠਾ ਕਰਨਾ ਹੋਵੇਗਾ। ਗੁਰਬਾਣੀ ਰਾਹੀਂ ਇਹ ਸਮਝਣ ਦੀ ਸ਼ਕਤੀ ਬਣਾਉਣੀ ਹੋਵੇਗੀ ਕਿ- *ਹਰਿ ਮੰਦਰੁ ਏਹੁ ਸਰੀਰੁ ਹੈ ਗਿਆਨਿ ਰਤਨਿ ਪਰਗਟੁ ਹੋਇ* ਸਭ ਤੋਂ ਪਹਿਲਾਂ ਸਾਰਿਆਂ ਲਈ ਇਹ ਜ਼ਰੂਰੀ ਹੈ ਕਿ ਸਰੀਰ (ਆਪੋ-

**ਸਪੋਰਟਸ ਸਾਇੰਸ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ- ੧੪੭੦੦੨; ਮੋ. +੯੧੯੮੭੨੨-੩੫੨੯੯*

ਆਪਣਾ) ਨੂੰ ਸਮਝੀਏ, ਪੜ੍ਹਚੋਲੀਏ ਅਤੇ ਫੇਰ ਵਰਤੋਂ ਵਿਚ ਲਿਆਈਏ।

ਗੁਰਬਾਣੀ, ਵਿਚਾਰ, ਸਿਹਤ ਜਾਗਰੂਕਤਾ ਅਤੇ ਮਰਯਾਦਾ ਦਾ ਪ੍ਰਚਾਰ-ਪ੍ਰਸਾਰ ਗੁਰਦੁਆਰਾ ਸਾਹਿਬ ਵਿਚ ਹੀ ਸੰਭਵ ਹੋ ਸਕਦਾ ਹੈ। ਗੁਰਦੁਆਰਾ ਸਾਹਿਬ ਤੋਂ ਸਿਹਤ ਸੰਬੰਧੀ ਜਾਗਰੂਕਤਾ (ਆਮ ਲੋਕਾਂ ਲਈ), ਖੋਜ-ਭਰਪੂਰ ਸੇਧਾਂ ਅਤੇ ਗਿਆਨ ਦਾ ਪ੍ਰਚਾਰ ਕਰਨਾ ਬਹੁਤ ਸੌਖਾ ਹੈ। ਜੇਕਰ ਲੋਕੀ ਆਮ ਵੈਦਾਂ ਕੋਲ ਫਸ ਸਕਦੇ ਹਨ ਤਾਂ ਗੁਰੂ ਦੀ ਕਹੀ ਗੱਲ ਨੂੰ ਮੰਨਣਾ ਅਤੇ ਅਪਣਾਉਣ ਵਿਚ ਕੀ ਮੁਸ਼ਕਲ ਹੈ। ਆਧੁਨਿਕ ਵਿਗਿਆਨਿਕ ਖੋਜਾਂ ਮੰਨਦੀਆਂ ਹਨ ਕਿ ਰੋਗਾਂ ਦਾ ਹੋਣਾ ਸੁਭਾਵਿਕ ਹੈ ਤੇ ਰੋਗ ਨਾਲ ਲੜਨਾ ਸਰੀਰ ਦੀ ਸਮਰੱਥਾ ਹੈ। ਇਹ ਸਮਰੱਥਾ ਮਾਨਸਿਕ, ਭਾਵਨਾਤਮਕ, ਖੁਰਾਕ ਸੰਬੰਧੀ ਅਤੇ ਜੀਵਨ ਜਿਊਣ ਦੀ ਸ਼ੈਲੀ ਵਿਧੀ ਦੇ ਨਾਲ ਜੁੜਿਆ ਵਿਸ਼ਾ ਹੈ :

*ਮਨਮੁਖ ਰੋਗੀ ਹੈ ਸੰਸਾਰਾ ॥ ਸੁਖਦਾਤਾ ਵਿਸਰਿਆ ਅਗਮ ਅਪਾਰਾ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੮)*

ਮੂਲ ਰੂਪ ਵਿਚ ਖੁਰਾਕ ਅਤੇ ਜੀਵਨ-ਸ਼ੈਲੀ ਹੀ ਮਨੁੱਖੀ ਸਿਹਤ ਦਾ ਸੂਚਕ ਹੈ। ਇਸ ਵਿਸ਼ੇ 'ਤੇ ਗੁਰਬਾਣੀ ਖੁੱਲੇ ਤੌਰ 'ਤੇ ਸਾਨੂੰ ਸੇਧ ਦਿੰਦੀ ਹੈ ਅਤੇ ਇਸ ਗੱਲ ਦਾ ਨਿਤਾਰਾ ਕਰਦੀ ਹੈ ਕਿ ਲੋੜ ਤੋਂ ਵੱਧ ਖਾਣਾ, ਲੋੜ ਤੋਂ ਵੱਧ ਪਹਿਨਣਾ ਅਤੇ ਲੋੜ ਤੋਂ ਵੱਧ ਸੌਣਾ ਸਰੀਰ ਲਈ ਹਾਨੀਕਾਰਕ ਹੈ। ਘੱਟ ਖਾਣਾ (ਪਰ ਲੋੜ ਅਨੁਸਾਰ), ਘੱਟ ਬੋਲਣਾ ਅਤੇ ਘੱਟ ਸੌਣਾ (ਆਲਸੀ ਨਾ ਹੋਣਾ) ਕਦੇ ਵੀ ਸਰੀਰ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ। ਚੁਸਤ-ਦਰੁਸਤ ਜੀਵਨ-ਸ਼ੈਲੀ ਸਰੀਰ ਤੇ ਮਨ ਨੂੰ ਹਮੇਸ਼ਾਂ ਨਰੋਆ ਰੱਖਦੀ ਹੈ। ਅੱਗੇ ਦਿੱਤੀਆਂ ਗੁਰਬਾਣੀ ਦੀਆਂ ਪੰਕਤੀਆਂ ਸਪੱਸ਼ਟਤਾ ਪੇਸ਼ ਕਰਦੀਆਂ ਹਨ :

*-ਅਧਿਕ ਸੁਆਦ ਰੋਗ ਅਧਿਕਾਈ ਬਿਨੁ ਗੁਰ ਸਹਜੁ ਨਾ ਪਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੫੫)*

*-ਏ ਮਨ ਆਲਸੁ ਕਿਆ ਕਰਹਿ ਗੁਰਮਖਿ ਨਾਮੁ ਧਿਆਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮)*

*-ਸੰਤਸੰਗਿ ਮਿਲਿ ਹਰਿ ਹਰਿ ਜਪਿਆ ਬਿਨਸੇ ਆਲਸ ਰੋਗਾ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੮)*

*-ਮਿਠਾ ਕਰਿ ਕੈ ਖਾਇਆ ਕਉੜਾ ਉਪਜਿਆ ਸਾਦੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੦)*

*-ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੫)*

*-ਮਿਠਾ ਕਰਿ ਕੈ ਖਾਇਆ ਬਹੁ ਸਾਦਹੁ ਵਧਿਆ ਰੋਗੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੮੫)*

*-ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੯੦)*

*-ਮਿਠਾ ਕਉੜਾ ਦੋਵੈ ਰੋਗ॥ ਨਾਨਕ ਅੰਤਿ ਵਿਗੁਤੇ ਭੋਗ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੩)*

*-ਮਿਠਾ ਕਰਿ ਕੈ ਕਉੜਾ ਖਾਇਆ॥ਤਿਨਿ ਕਉੜੇ ਤਨਿ ਰੋਗੁ ਜਮਾਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੨੪੩)*

ਭੋਜਨ ਦਾ ਸੁਆਦ ਜੀਭ ਮਹਿਸੂਸ ਕਰਦੀ ਹੈ ਪਰ ਉਸ ਦੇ ਨਕਾਰਤਮਕ ਪ੍ਰਭਾਵ ਸਰੀਰ ਭੋਗਦਾ ਹੈ। ਵਿਗਿਆਨ ਦੀਆਂ ਖੋਜਾਂ ਅਨੁਸਾਰ ਮਨੁੱਖ ਦਾ ਕੱਦ-ਕਾਠ ਅਤੇ ਸਰੀਰ ਦਾ ਭਾਰ ਇਕ ਖਾਸ ਅਨੁਪਾਤ ਵਿਚ ਹੋਣੇ ਚਾਹੀਦੇ ਹਨ। ਇਸ ਨੂੰ ਦੇਖਣ ਦੇ ਬਹੁਤ ਸਾਰੇ ਢੰਗ-ਤਰੀਕੇ ਵੀ ਹਨ ਪਰ ਗੁਰੂ ਸਾਹਿਬਾਨ ਦਾ ਫ਼ਲਸਫ਼ਾ ਸਿੱਖਿਆ ਦਿੰਦਾ ਹੈ ਕਿ ਇੱਕ ਖਾਸ ਹੱਦ ਤੋਂ ਬਾਅਦ ਸਮੂਹ ਸੁਆਦ ਵਿਕਾਰ ਬਣ ਜਾਂਦੇ ਹਨ। ਮਨੁੱਖੀ ਸਰੀਰ ਦਾ ਨੁਕਸਾਨ ਕਰਦੇ ਹਨ। ਬਿਹਤਰ ਇਹੀ ਹੋਵੇਗਾ ਕਿ ਸਰੀਰ ਦਾ ਖਿਆਲ ਚੇਤੰਨ ਹੋ ਕੇ ਰੱਖਿਆ ਜਾਵੇ। ਇਸ ਲਈ ਖੁਰਾਕ ਪੱਖੋਂ ਤੇ ਕਿਰਿਆਵਾਂ ਪੱਖੋਂ ਸਰੀਰ ਦਾ ਧਿਆਨ ਰੱਖਿਆ ਜਾਵੇ।

ਮਨ ਦੀਆਂ ਭਾਵਨਾਵਾਂ ਮਨੁੱਖੀ ਸਰੀਰ ਨੂੰ ਬਹੁਤ ਪ੍ਰਭਾਵਿਤ ਕਰਦੀਆਂ ਹਨ। ਇਨ੍ਹਾਂ ਦੇ ਕਈ ਰੂਪ ਹਨ ਜੋ ਸਰੀਰ ਦੀਆਂ ਅੰਦਰੂਨੀ ਕਿਰਿਆਵਾਂ ਨੂੰ ਝੰਜੋੜ ਕੇ ਰੱਖ ਦਿੰਦੇ ਹਨ। ਚਿੰਤਾ, ਹਉਮੈਂ, ਮਾਣ-ਸਨਮਾਨ ਤੇ ਕ੍ਰੋਧ ਆਦਿ ਵਿਕਾਰ ਮੰਨੇ ਜਾਂਦੇ ਹਨ ਜੋ ਮਨੁੱਖੀ ਦੇਹ ਨੂੰ ਅੰਦਰੋਂ-ਅੰਦਰੀ ਘੁਣ ਵਾਂਗ ਖਾ ਜਾਂਦੇ ਹਨ। ਇਨ੍ਹਾਂ ਤੋਂ ਬਚਣ ਦਾ ਇੱਕੋ-ਇਕ ਤਰੀਕਾ ਹੈ ਕਿ ਆਪਣੇ ਮਨ ਨੂੰ ਇਕਾਗਰ ਕਰਨਾ, ਟਿਕਾਉਣਾ, ਸ਼ਾਂਤ ਰੱਖਣਾ ਤਾਂ ਜੋ ਇਨ੍ਹਾਂ ਵਿਕਾਰਾਂ ਦਾ ਸਰੀਰ ਨੂੰ ਘੱਟੋ-ਘੱਟ ਨੁਕਸਾਨ ਪਹੁੰਚੇ। ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਨ ਕਰਦੇ ਹਨ:

*ਮਨਿ ਜੀਤੈ ਜਗੁ ਜੀਤੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੬)*

ਮਨ ਦੀ ਜਿੱਤ ਜਗਤ ਦੇ ਜਿੱਤਣ ਵਾਂਗ ਹੈ। ਮਨੁੱਖੀ ਮਨ ਦੀਆਂ ਭਾਵਨਾਵਾਂ ਦੀ ਸਥਿਰਤਾ ਅਤਿ ਜ਼ਰੂਰੀ ਹੈ। ਉਹ ਭਾਵੇਂ ਨਿੱਜੀ ਹੋਣ, ਪਰਵਾਰਿਕ ਹੋਣ ਤੇ ਚਾਹੇ ਸਮਾਜਿਕ ਹੋਣ। ਚੰਗੀ ਮਾਨਸਿਕਤਾ ਹੀ ਚੰਗੇ ਚਰਿੱਤਰ ਦਾ ਨਿਰਮਾਣ ਕਰਦੀ ਹੈ। ਚੰਗੇ ਚਰਿੱਤਰ ਨਰੋਏ ਸਮਾਜ ਦੀ ਸਿਰਜਣਾ ਕਰਦੇ ਹਨ। ਗੁਰਬਾਣੀ ਦੀਆਂ ਸਿੱਖਿਆਵਾਂ ਹਰ ਪੱਖ ਤੋਂ ਇਨ੍ਹਾਂ ਵਿਸ਼ਿਆਂ ਨੂੰ ਸਪੱਸ਼ਟ ਕਰਦੀਆਂ ਹਨ ਅਤੇ ਇਸ ਲਈ ਸਾਨੂੰ ਤਿਆਰ ਵੀ ਕਰਦੀਆਂ ਹਨ ਤਾਂ ਕਿ ਅਸੀਂ ਸੰਤੁਲਿਤ ਮਾਨਸਿਕਤਾ ਨਾਲ ਜੀਉ ਸਕੀਏ :

*-ਕਾਮੁ ਕ੍ਰੋਧੁ ਤਨਿ ਵਸਹਿ ਚੰਡਾਲ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੪)*

*-ਮਨਮੁਖ ਮੈਲੇ ਮਲੁ ਭਰੇ ਹਉਮੈ ਤ੍ਰਿਸਨਾ ਵਿਕਾਰੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੨੯)*

*-ਜਾ ਕਉ ਚਿੰਤਾ ਬਹੁਤੁ ਬਹੁਤੁ ਦੇਹੀ ਵਿਆਪੈ ਰੋਗੁ॥(ਸ੍ਰੀ ਗੁਰੂ ਗ੍ਰੰਥ ਸਾਹਿਬ, ੭੦)*

*-ਹੁਕਮੁ ਨ ਜਾਣੈ ਬਹੁਤਾ ਰੋਵੈ॥ ਅੰਦਰਿ ਧੋਖਾ ਨੀਦ ਨ ਸੋਵੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੮੫)*

*-ਵਡੇ ਵਡੇ ਜੋ ਦੀਸਹਿ ਲੋਗ॥ਤਿਨ ਕਉ ਬਿਆਪੈ ਚਿੰਤਾ ਰੋਗ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੮੮)*

*-ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੬੦)*

*-ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੬)*

*-ਰੋਗ ਸੋਗ ਸਭਿ ਦੂਖ ਬਿਨਾਸੇ ਉਤਰੇ ਸਗਲ ਕਲੇਸਾ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੫੩੧)*

*-ਪੰਚ ਦੋਖ ਅਰੁ ਅਹੰ ਰੋਗ ਇਹ ਤਨ ਤੇ ਸਗਲ ਦੂਰਿ ਕੀਨ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੭੧੬)*

*-ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ ਜਿਉ ਕੰਚਨ ਸੋਹਾਗਾ ਢਾਲੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੨)*

*-ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੦੭੦)*

*-ਹਉਮੈ ਰੋਗੀ ਜਗਤੁ ਉਪਾਇਆ ਬਿਨੁ ਸਬਦੈ ਰੋਗੁ ਨ ਜਾਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੧੩੦)*

ਇਹ ਵਿਸ਼ੇ ਗੁਰਦੁਆਰਾ ਸਾਹਿਬ ਵਿਚ ਗੁਰਬਾਣੀ ਰਾਹੀਂ ਕਿਸੇ ਨਾ ਕਿਸੇ ਪ੍ਰਸੰਗ ਵਿਚ ਵਿਚਾਰੇ ਜਾਂਦੇ ਹਨ। ਇਨ੍ਹਾਂ ਦਾ ਗੁਣਾਤਮਿਕ ਵਿਸ਼ਲੇਸ਼ਣ ਸੰਗਤ ਵਿਚ ਪ੍ਰਚਾਰਿਆ ਜਾਂਦਾ ਹੈ ਜਿਸ ਦਾ ਸੰਬੰਧ ਸਮਾਜ ਵਿਚ ਚੰਗੀ ਸਿਹਤ ਅਤੇ ਸਮਾਜਿਕ ਸਥਿਰਤਾ ਨਾਲ ਜੁੜਦਾ ਹੈ। ਗੁਰਦੁਆਰਾ ਸਾਹਿਬਾਨ ਸਾਡੇ ਸਮਾਜ ਲਈ ਸਿਹਤ-ਮੁਖੀ ਗਿਆਨ ਦੇਣ ਦਾ ਵੀ ਕੇਂਦਰ ਹਨ। ਗੁਰਦੁਆਰਾ ਸਾਹਿਬ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਇੱਕ ਸਰਵਪੱਖੀ ਵਿਕਾਸ ਹਿੱਤ ਪ੍ਰੇਰਨਾਤਮਕ ਸੰਸਥਾ ਹੈ ਜਿੱਥੇ ਗੁਰੂ ਰਾਹੀਂ ਗਿਆਨ ਦਾ ਪ੍ਰਗਾਸ ਕੀਤਾ ਜਾਂਦਾ ਹੈ। ਇਨ੍ਹਾਂ ਵਿਸ਼ਿਆਂ ਵਿਚ ਕੇਵਲ ਸਿਧਾਂਤਕ ਮਤ ਹੀ ਨਹੀਂ ਸਗੋਂ ਅਭਿਆਸੀ ਅਨੁਭਵ ਵੀ ਮੌਜੂਦ ਹਨ, ਜਿੱਥੇ ਇੱਕ ਜਗਾ, ਇੱਕੋ ਧਰਾਤਲ, ਇੱਕ ਤਰੀਕੇ, ਇੱਕੋ ਜਿਹਾ, ਇੱਕੋ ਜਿੰਨਾ ਤਜ਼ਰਬਾ ਹਾਸਿਲ ਕੀਤਾ ਜਾ ਸਕਦਾ ਹੈ। ਫ਼ਰਕ ਕੇਵਲ ਮਨੁੱਖ ਦੀ ਨਿੱਜੀ ਨਿਪੁੰਨਤਾ ਜਾਂ ਨਿੱਜੀ ਰੁਚੀ ਦਾ ਹੋ ਸਕਦਾ ਹੈ।

ਗੁਰਮਤਿ ਅਨੁਸਾਰ ਤਿੰਨ ਮੁੱਢਲੇ ਅਸੂਲ ਹਨ- ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ। ਗੁਰਬਾਣੀ ਦੇ ਫੁਰਮਾਨ- *ਖਾਵਹਿ ਖਰਚਹਿ ਰਲਿ ਮਿਲਿ ਭਾਈ॥ ਤੋਟਿ ਨ ਆਵੈ ਵਧਦੋ ਜਾਈ॥* ਅਨੁਸਾਰ ਇਨ੍ਹਾਂ ਨੇਮਾਂ ਉੱਪਰ ਪਹਿਰਾ ਦਿੱਤਾ ਜਾਂਦਾ ਹੈ। ਗੁਰੂ

ਸਾਹਿਬਾਨ ਨੇ ਕੇਵਲ ਰੋਗ, ਅਰੋਗ, ਚਿੰਤਾ, ਹਉਮੈਂ, ਖੁਸ਼ੀ, ਗਮੀ ਨੂੰ ਦਰਸਾਇਆ ਹੀ ਨਹੀਂ ਬਲਕਿ ਇਸ ਦੇ ਠੋਸ ਸਥੂਲ ਤਰੀਕੇ, ਤਰੀਕੇ ਵਾਲੇ ਮਨੁੱਖ, ਤਰੀਕੇ ਦੀ ਤਰਕੀਬ ਆਦਿ ਸਭ ਦੱਸੇ ਹਨ। ਗੁਰਬਾਣੀ ਜੀਵਨ ਦੇ ਹਰ ਕਾਲ (ਬਚਪਨ, ਜਵਾਨੀ, ਬੁਢਾਪਾ) ਹਰ ਸਲੀਕੇ (ਨਰ ਅਤੇ ਨਾਰੀ), ਹਰ ਵੰਨਗੀ ਰਾਹੀਂ ਚੇਤਨਾ ਦੇਣਾ ਚਾਹੁੰਦੀ ਹੈ। ਲੋੜ ਤਾਂ ਇਸ ਹੀਲੇ ਨੂੰ ਸਮਝਣ, ਸੰਭਾਲਣ ਅਤੇ ਪ੍ਰਚਾਰਣ ਦੀ ਹੈ। ਇੱਥੇ ਸੰਤ ਦੀ ਅਤੇ ਦੋਖੀ ਦੀ, ਸਾਧੂ ਦੀ, ਗੁਰੂ ਦੀ ਅਤੇ ਚੇਲੇ ਦੀ ਆਦਿ ਗੱਲ ਚਰਿੱਤਰ ਨਾਲ ਕੀਤੀ ਗਈ ਹੈ। ਇੱਥੇ ਸਰੀਰ ਦੀਆਂ ਕਿਰਿਆਵਾਂ ਦੀਆਂ, ਘਾਲਣਾਵਾਂ ਦੀਆਂ, ਆਸਥਾਵਾਂ ਦੀਆਂ, ਉੱਦਮਾਂ ਦੀਆਂ, ਜੀਵਾਂ ਦੀਆਂ, ਬਨਸਪਤੀ ਦੀਆਂ, ਇੱਥੋਂ ਤਕ ਕਿ ਇਨ੍ਹਾਂ ਦੇ ਆਪਸੀ ਤਾਲ-ਮੇਲ, ਸੰਬੰਧਾਂ, ਲੋੜਾਂ ਦੀਆਂ ਗੱਲਾਂ ਕੀਤੀਆਂ ਗਈਆਂ ਹਨ। ਗੁਰਬਾਣੀ ਦਾ ਸੁਝਾਅ ਹੈ ਕਿ ਜਦੋਂ ਗੱਲ ਉਪਾਅ ਦੀ ਜਾਂ ਉਪਾਵਾਂ ਦੀ ਕਰਨੀ ਹੈ ਤਾਂ ਗੁਰੂ, ਅਧਿਆਪਕ, ਵੈਦ, ਡਾਕਟਰ ਤੇ ਡਾਕਟਰੀ ਸਮੂਹ ਦੀ ਮਹੱਤਤਾ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਜਦੋਂ ਕਦੇ ਕਿਸੇ ਕਾਰਨ ਵੱਸ ਸਰੀਰ 'ਤੇ ਰੋਗ ਆ ਹੀ ਗਿਆ ਤਾਂ ਉਸ ਦਾ ਇਲਾਜ, ਹੱਲ ਜਾਂ ਮੁਕਤੀ ਲਈ ਇਨ੍ਹਾਂ ਦੀ ਲੋੜ ਰਹੇਗੀ ਹੀ ਰਹੇਗੀ। ਇਸ ਬਾਬਤ ਗੁਰਬਾਣੀ ਅੰਦਰ ਕਈ ਫੁਰਮਾਨ ਹਨ, ਜਿਨ੍ਹਾਂ ਵਿੱਚੋਂ ਕੁਝ ਕੁ ਇੱਥੇ ਵਿਚਾਰਦੇ ਹਨ:

*-ਬਿਨੁ ਗੁਰ ਮੈਲੁ ਨ ਉਤਰੈ ਬਿਨੁ ਹਰਿ ਕਿਉ ਘਰ ਵਾਸੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੧੮)*

*-ਹਉਮੈ ਕਰਤਾ ਜਗੁ ਮੁਆ ਗੁਰ ਬਿਨੁ ਘੋਰ ਅੰਧਾਰੁ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪)*

*-ਬਿਨ ਗੁਰ ਰੋਗੁ ਨ ਤੁਟਈ ਹਉਮੈ ਪੀੜ ਨ ਜਾਇ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੬)*

*-ਸਰਬ ਰੋਗ ਕਾ ਅਉਖਦੁ ਨਾਮੁ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੨੭੪)*

*-ਜਿਸੁ ਗੁਰ ਪ੍ਰਸਾਦਿ ਤੂਟੈ ਹਉ ਰੋਗ ॥ ਨਾਨਕ ਸੋ ਜਨੁ ਸਦਾ ਅਰੋਗ ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੨੮੨)*

ਗੁਰਬਾਣੀ ਮਨੁੱਖ ਨੂੰ ਨਿਰਮਾਣਤਾ ਸਿਖਾਉਂਦੀ ਹੈ। ਇਹ ਸਭ ਕਾਇਨਾਤ ਕਾਦਰ ਦੀ ਕੁਦਰਤ ਹੈ। ਇਹ ਸਾਰੀ ਇੱਕੋ ਕਰਤੇ ਦੀ ਕਿਰਤ ਹੈ। ਗੁਰੂ ਸਾਹਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਦਾ ਦਰਜਾ ਦਿੱਤਾ ਅਤੇ ਕਿਹਾ ਹੈ ਕਿ ਜਿੱਥੇ ਗੁਰੂ ਹੈ, ਉਹ ਘਰ ਜਾਂ ਥਾਂ ਗੁਰਦੁਆਰਾ ਸਾਹਿਬ ਹੈ। ਇਸ ਸਥਾਨ 'ਤੇ ਕੋਈ ਉੱਚਾ ਨਹੀਂ, ਨੀਵਾਂ ਨਹੀਂ, ਅਮੀਰ ਨਹੀਂ, ਗਰੀਬ ਨਹੀਂ, ਚੰਗਾ ਨਹੀਂ, ਬੁਰਾ ਨਹੀਂ। ਸਭ ਹੀ ਸੰਗਤ ਰੂਪ ਹਨ। ਉਪਦੇਸ਼ ੧ੴ ਦਾ ਹੈ ਅਤੇ ਸਭ ਲਈ ਸਾਂਝਾ ਹੈ। ਗੁਰਦੁਆਰਾ ਸਾਹਿਬ ਨੂੰ ਸਿਹਤਯਾਬੀ ਦੇ ਸਿਹਤ ਤੇ ਸਿੱਖਿਆ ਦੇ ਕੇਂਦਰ ਵਜੋਂ ਅਤੇ ਭਾਈ ਘਨੱਈਆ ਜੀ ਵੱਲੋਂ ਪ੍ਰਚਾਰੀ ਸੇਵਾ ਸੰਸਥਾ ਦਾ ਸੋਮਾ ਮੰਨਿਆ ਜਾਣਾ ਚਾਹੀਦਾ ਹੈ। ■

*ਜਨਵਰੀ ੨੦੨੩ ਦਾ ਬਾਕੀ:*

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਅੱਠ ਪਹਿਰੀ ਮਰਯਾਦਾ

*-ਸ. ਮੋਹਨ ਸਿੰਘ ਉਰਲਾਣਾ**

**ਪਹਿਲਾ ਹੁਕਮਨਾਮਾ :**

ਫਿਰ ਗ੍ਰੰਥੀ ਜੀ ਆਪਣੀ ਰਸਨਾ ਤੋਂ ਇਹ ਤਿੰਨ ਮੰਗਲਾਚਰਣ ਪੜ੍ਹਦੇ ਹਨ:

*-ਸੁ ਕਹੁ ਟਲ ਗੁਰੁ ਸੇਵੀਐ. . .॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੯੨)*
*-ਹੋਵੈ ਸਿਫਤਿ ਖਸੰਮ ਦੀ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*
*-ਸਜਣੁ ਸਚਾ ਪਾਤਿਸਾਹੁ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੪੨੬)*

ਜਦ ਦੂਜੇ ਮੰਗਲ ਦੀ ਦੂਸਰੀ ਤੁਕ :

*ਤੁਧੁ ਡਿਠੇ ਸਚੇ ਪਾਤਿਸਾਹ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯੬੭)*

ਗ੍ਰੰਥੀ ਜੀ ਦੇ ਮੁਖ ਵਿਚ ਹੁੰਦੀ ਹੈ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰ ਦਿੱਤਾ ਜਾਂਦਾ ਹੈ ਅਤੇ ਗ੍ਰੰਥੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਅੰਮ੍ਰਿਤ ਵੇਲੇ ਦਾ ਹੁਕਮਨਾਮਾ ਪ੍ਰੇਮ-ਰੰਗ ਵਿਚ ਰੰਗੀਜ ਕੇ, ਦੋਵੇਂ ਹੱਥ ਜੋੜ ਕੇ ਸੰਗਤ ਨੂੰ ਸਰਵਣ ਕਰਾਉਂਦੇ ਹਨ ਅਤੇ ਹੁਕਮਨਾਮੇ ਦੀ ਸਮਾਪਤੀ 'ਤੇ :

*"ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫਤਹ ॥"*

ਬੁਲਾ ਕੇ ਬਖ਼ਸ਼ਿਸ਼ ਹੋਏ ਹੁਕਮਨਾਮੇ ਦਾ ਸਿਰਲੇਖ ਤੇ ਮੁੱਢਲੀਆਂ ਤੁਕਾਂ ਦੁਹਰਾਉਂਦੇ ਹਨ। ਜੇਕਰ ਸ੍ਰੀ ਮੁੱਖ ਵਾਕ ਵਾਰ ਵਿੱਚੋਂ ਹੋਵੇ ਤਾਂ ਰਾਗ ਦੀ ਵਾਰ ਦਾ ਵੇਰਵਾ ਤੇ ਪਉੜੀ ਦਾ ਕ੍ਰਮ/ਨੰਬਰ ਵੀ ਦੱਸਦੇ ਹਨ। ਜੇਕਰ ਸ਼ਬਦ ਦੇ ਅਰੰਭ ਵਿਚ ਇਕ ਤੁਕ ਮਗਰੋਂ 'ਰਹਾਉ' ਪਦ ਹੋਵੇ ਤਾਂ ਸਿਰਫ ਪਹਿਲੀ ਤੁਕ ਹੀ ਦੁਹਰਾਈ ਜਾਂਦੀ ਹੈ ਜਿਵੇਂ ਕਿ :

*ਬੰਦਨਾ ਹਰਿ ਬੰਦਨਾ ਗੁਣ ਗਾਵਹੁ ਗੋਪਾਲ ਰਾਇ॥ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੬੮੩)*

ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਵਿਖੇ ਜਦ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ ਅਰੰਭ ਹੋਇਆ ਹੈ ਤਦ ਤੋਂ ਤਕਰੀਬਨ ਬਹੁਤੇ ਗੁਰੂ-ਘਰਾਂ ਵਿਚ ਵੀ ਤੁਕਾਂ ਦੁਹਰਾਉਣ ਦਾ ਰੁਝਾਨ ਸ਼ੁਰੂ ਹੋਇਆ ਹੈ।

ਸ੍ਰੀ ਮੁੱਖ ਵਾਕ ਲੈਣ ਉਪਰੰਤ ਸਰੂਪ ਉੱਤੇ ਦੋਵੇਂ ਪਲਕਾਂ ਸਜਾ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਥੱਲੇ ਵਿਛੀ ਚਿੱਟੀ ਚਾਦਰ ਨਾਲ ਸਰੂਪ ਦੀ ਬੁੱਕਲ ਮਾਰ ਕੇ ਸਭ ਤੋਂ ਵੱਡਾ ਰੁਮਾਲਾ ਸਰੂਪ ਉੱਪਰ ਸਜਾਇਆ ਜਾਂਦਾ ਹੈ।

ਹੁਕਮਨਾਮੇ ਨੂੰ ਵਾਕ, ਮਹਾਂਵਾਕ, ਸ੍ਰੀ ਮੁੱਖ ਵਾਕ ਤੇ ਫੁਰਮਾਨ ਵੀ ਕਿਹਾ ਜਾਂਦਾ ਹੈ। ਪੁਰਾਤਨ ਸਮਿਆਂ ਵਿਚ ਇਸ ਨੂੰ 'ਆਵਾਜ਼ਾ' ਕਿਹਾ ਜਾਂਦਾ ਸੀ।

---

**#ਐਲ ੬/੯੦੫, ਗਲੀ ਨੰ:੩/੪ ਨਿਊ ਸ਼ਹੀਦ ਊਧਮ ਸਿੰਘ ਨਗਰ, ਸ੍ਰੀ ਅੰਮ੍ਰਿਤਸਰ-੧੪੩੦੦੬; ਮੋ: +੯੧੯੭੭੯੬੦੮੦੫੦*

ਅੰਮ੍ਰਿਤ ਵੇਲੇ ਦੇ ਆਏ ਹੁਕਮਨਾਮੇ ਨੂੰ ਹਰ ਰੋਜ਼ ਅਰਦਾਸੀਆ ਜੀ ਇੱਕ ਰਜਿਸਟਰ ਵਿਚ ਦਰਜ ਕਰ ਕੇ ਦਿਨ, ਦੇਸੀ ਤੇ ਅੰਗਰੇਜ਼ੀ ਮਹੀਨੇ ਦੀ ਤਾਰੀਖ ਅਤੇ ਵਰ੍ਹਾ ਵੀ ਲਿਖਦੇ ਹਨ ਅਤੇ ਬਾਹਰ ਵੀ 'ਅੱਜ ਦਾ ਫੁਰਮਾਣ' ਸਿਰਲੇਖ ਹੇਠ ਤਖ਼ਤੀ 'ਤੇ ਵੀ ਲਿਖਿਆ ਜਾਂਦਾ ਹੈ। ਅੰਮ੍ਰਿਤ ਵੇਲੇ ਦੇ ਸ੍ਰੀ ਮੁੱਖ ਵਾਕ ਮਗਰੋਂ ਕੀਰਤਨ ਫਿਰ ਅਰੰਭ ਹੋ ਜਾਂਦਾ ਹੈ, ਇਸ ਦੌਰਾਨ ਦਾਨੀ ਸੱਜਣਾਂ ਵੱਲੋਂ ਕੜਾਹ ਪ੍ਰਸ਼ਾਦ ਪੁੱਜ ਜਾਂਦਾ ਹੈ ਤੇ ਅੱਧੇ ਘੰਟੇ ਮਗਰੋਂ ਕੀਰਤਨੀ ਜਥਾ ਅਨੰਦ ਸਾਹਿਬ ਬਾਣੀ ਦੀਆਂ ਮੁੱਢਲੀਆਂ ਪੰਜ ਤੇ ਅਖੀਰਲੀ ਪਉੜੀ ਗਾ ਕੇ ਪੜ੍ਹਦਾ ਹੈ।

**ਪਹਿਲੀ ਅਰਦਾਸ :**

ਅਰਦਾਸੀਆ ਜੀ ਅਰਦਾਸ ਅਰੰਭ ਕਰ ਕੇ ਅਖੀਰ ਵਿਚ ਇਹ ਸ਼ਬਦ ਕਹਿੰਦੇ ਹਨ:

"ਧੰਨ ਧੰਨ ਸ੍ਰੀ ਗੁਰੂ ਰਾਮਦਾਸ ਜੀ ਆਪ ਜੀ ਦੇ ਪਵਿੱਤਰ ਅਸਥਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪ ਜੀ ਦੇ ਹਜ਼ੂਰ ਸ਼ਬਦ ਚੌਂਕੀ ਅਨੰਦ ਸਾਹਿਬ ਜੀ ਕੀ ਅਰਦਾਸ ਹੈ ਜੀ ਭੁੱਲ ਚੁੱਕ ਮੁਆਫ ਕਰਨੀ, ਜਿਨ੍ਹਾਂ ਪ੍ਰੇਮੀਆਂ ਨੇ ਕੜਾਹ ਪ੍ਰਸ਼ਾਦਿ ਭੇਟਾ ਕੀਤਾ ਹੈ ਤਿਨ੍ਹਾਂ ਦੀ ਅਰਦਾਸ ਹੈ ਜੀ, ਸਮੂਹ ਸੰਗਤ ਤੇ ਟਹਿਲੂਆਂ (ਸੇਵਾਦਾਰਾਂ) ਦੀ ਅਰਦਾਸ ਹੈ ਜੀ, ਕੜਾਹ ਪ੍ਰਸ਼ਾਦ ਆਪ ਜੀ ਦੇ ਦਰ ਪ੍ਰਵਾਣ ਹੋਵੇ ਜੀ।"

ਅਰਦਾਸ ਉਪਰੰਤ ਕੀਰਤਨ ਦੁਬਾਰਾ ਅਰੰਭ ਹੋ ਜਾਂਦਾ ਹੈ ਤੇ ਕੜਾਹ ਪ੍ਰਸ਼ਾਦ ਸੰਗਤ ਵਿਚ ਵਰਤਾਇਆ ਜਾਂਦਾ ਹੈ।

**ਦੂਜੀ ਅਰਦਾਸ :**

ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਮਗਰੋਂ ਦੂਜੀ ਅਰਦਾਸ ਹੁੰਦੀ ਹੈ।

**ਦੂਜਾ ਹੁਕਮਨਾਮਾ :**

ਅਰਦਾਸ ਮਗਰੋਂ ਗ੍ਰੰਥੀ ਜੀ ਇਹ ਮੰਗਲ ਕਰਦੇ ਹਨ :

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧)*

*ਚਕ੍ਰ ਚਿਹਨ ਅਰੁ ਬਰਨ ਜਾਤ. . .॥* *(ਜਾਪੁ ਸਾਹਿਬ ਦਾ ਪਹਿਲਾ ਛੰਦ)*

ਇਸ ਉਪਰੰਤ ਕਿਸੇ ਵਿਸ਼ੇ ਬਾਰੇ ਕੁਝ ਸ਼ਬਦ ਅਤੇ ਅਖੀਰਲੇ ਤਿੰਨੇ ਮੰਗਲ ਪੜ੍ਹ ਕੇ ਅੰਮ੍ਰਿਤ ਵੇਲੇ ਦੇ ਆਏ ਹੁਕਮਨਾਮੇ ਨੂੰ ਦੁਬਾਰਾ ਪੜ੍ਹ ਕੇ ਸੰਗਤ ਨੂੰ ਸ੍ਰਵਣ ਕਰਾਉਂਦੇ ਹਨ ਤੇ ਇਸ ਦੇ ਨਾਲ ਮਹਾਂਵਾਕ ਦਾ ਸਿਰਲੇਖ ਤੇ ਅਰੰਭ ਦੀਆਂ ਪੰਕਤੀਆਂ ਵੀ ਦੁਹਰਾਉਂਦੇ ਹਨ।

**ਦਰਸ਼ਨੀ ਰੁਮਾਲੇ ਸਜਾਉਣੇ :**

ਦੂਜੀ ਵਾਰ ਸ੍ਰੀ ਮੁੱਖ ਵਾਕ ਲੈਣ ਉਪਰੰਤ ਦੋਵਾਂ ਪਾਸਿਆਂ ਤੋਂ ਦੋਵੇਂ ਪਲਕਾਂ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋਹਾਂ ਪੰਨਿਆਂ ਉੱਤੇ ਸਜਾ ਦਿੱਤੀਆਂ ਜਾਂਦੀਆਂ ਹਨ। ਫਿਰ ਦੋਹਰੀ ਚਿੱਟੀ ਚਾਦਰ ਚਵਾਂ ਪਾਸਿਆਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਉੱਤੇ ਦਿੱਤੀ ਜਾਂਦੀ ਹੈ ਤਾਂ ਕਿ ਚੁਫੇਰਿਓਂ ਬੁੱਕਲ ਵੱਜ ਜਾਵੇ। ਉਸ ਉੱਤੇ ਉਸੇ ਚਾਦਰ ਦੇ ਨਾਲ ਦੀ ਇੱਕ ਹੋਰ ਚਾਦਰ ਦੋਹਰੀ ਕਰ ਕੇ ਸਜਾ ਦਿੱਤੀ ਜਾਂਦੀ ਹੈ।

ਇਸ ਉਪਰੰਤ ਵੱਡੀ ਦੋਹਰੀ ਚਿੱਟੀ ਚਾਦਰ ਸਾਹਮਣੇ ਥੱਲੇ ਤੀਕ ਲਾਈ ਜਾਂਦੀ ਹੈ। ਇਸ ਮਗਰੋਂ ਪੰਜ ਦਰਸ਼ਨੀ ਰੁਮਾਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਤੇ ਅਤੇ ਸਾਹਮਣੇ ਮਸਨਦ ਦੇ ਉੱਪਰ ਤਕ ਸਜਾਏ ਜਾਂਦੇ ਹਨ। ਸਭ ਤੋਂ ਥੱਲੇ ਵੱਡਾ ਫਿਰ ਉਸ ਤੋਂ ਉੱਤੇ ਕ੍ਰਮਵਾਰ ਇੱਕ ਦੂਜੇ ਤੋਂ ਛੋਟੇ ਚਾਰ ਰੁਮਾਲੇ ਸਜਾਏ ਜਾਂਦੇ ਹਨ। ਰੁਮਾਲਿਆਂ ਦੇ ਹੇਠਲੀ ਵੱਡੀ ਚਾਦਰ ਗ੍ਰੰਥੀ ਜੀ ਆਪਣੇ ਵੱਲ ਵਧਾ ਕੇ ਰੱਖਦੇ ਹਨ, ਜੋ ਬਾਅਦ ਵਿਚ ਆਪਣੇ ਵੱਲੋਂ ਮੋੜ ਕੇ ਪੰਜਾਂ ਰੁਮਾਲਿਆਂ ਦੇ ਉੱਪਰ ਕਰ ਕੇ ਸਰੂਪ ਉੱਤੇ ਸਜਾ ਦਿੰਦੇ ਹਨ ਤਾਂ ਕਿ ਉਤਲੇ ਸਜਾਏ ਹੋਏ ਪੰਜੇ ਰੁਮਾਲੇ ਅਗਾਂਹ ਨੂੰ ਖਿਸਕਣ ਨਾ, ਸਗੋਂ ਕੱਸੇ ਰਹਿਣ। ਮੁੜੀ ਹੋਈ ਚਾਦਰ ਦੇ ਉੱਪਰ ਦੀ ਅਖੀਰਲਾ ਦਰਸ਼ਨੀ ਰੁਮਾਲਾ ਸਜਾਇਆ ਜਾਂਦਾ ਹੈ, ਜੋ ਸੱਜੇ ਤੇ ਖੱਬੇ ਪਾਸੇ ਥੋੜ੍ਹਾ ਜਿਹਾ ਲਟਕਦਾ ਰਹਿੰਦਾ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉੱਪਰ ਅਤੇ ਸਾਹਮਣੇ ਦਰਸ਼ਨੀ ਰੁਮਾਲਿਆਂ ਦੇ ਉੱਤੋਂ ਦੀ ਬਹੁਤ ਬਰੀਕ ਪਲਾਸਟਿਕ ਦੀਆਂ ਦੋ ਚਾਦਰਾਂ (ਇੱਕ ਸਰੂਪ ਉੱਤੇ ਅੱਗੇ ਤੀਕ ਤੇ ਦੂਸਰੀ ਸਾਰੀ ਮਸਨਦ ਦੇ ਉੱਪਰ) ਵਿਛਾ ਦਿੱਤੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਦੇ ਉੱਤੇ ਫੁੱਲਾਂ ਦੇ ਸਿਹਰੇ, ਫੁੱਲਦਾਨ ਅਤੇ ਸ੍ਰੀ ਸਾਹਿਬ ਸਜਾਏ ਜਾਂਦੇ ਹਨ। ਤਿੰਨ ਪਹਿਰੇ ਦੇ ਇਸ਼ਨਾਨ ਸਮੇਂ ਕੀਤੀ ਵਿਛਾਈ ਉੱਪਰ ਫੁੱਲਾਂ ਦੇ ਸਿਹਰੇ ਆਦਿਕ ਸਜਾਏ ਜਾਂਦੇ ਹਨ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਆਉਣ ਤੋਂ ਪਹਿਲਾਂ ਸਾਰੀ ਸਜਾਵਟ ਮਸਨਦ ਤੋਂ ਚੁੱਕ ਕੇ ਪਾਸੇ ਰੱਖ ਦਿੱਤੀ ਜਾਂਦੀ ਹੈ।

**ਸਿੱਲ੍ਹ ਤੇ ਹਨ੍ਹੇਰੀ ਤੋਂ ਬਚਾਅ ਲਈ:**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉੱਪਰ ਤੇ ਸਾਹਮਣੇ ਦਰਸ਼ਨੀ ਰੁਮਾਲਿਆਂ ਦੇ ਉੱਤੋਂ ਦੀ ਬਹੁਤ ਬਰੀਕ ਪਲਾਸਟਿਕ ਦੀਆਂ ਦੋ ਚਾਦਰਾਂ (ਇੱਕ ਉੱਪਰ ਤੇ ਅੱਗੇ ਤੀਕ ਅਤੇ ਦੂਸਰੀ ਸਾਰੀ ਮਸਨਦ ਉੱਤੇ) ਵਿਛਾ ਦਿੱਤੀਆਂ ਜਾਂਦੀਆਂ ਹਨ। ਉਨ੍ਹਾਂ ਦੇ ਉੱਪਰ ਫੁੱਲਾਂ ਦੇ ਸਿਹਰੇ ਸਜਾਏ ਜਾਂਦੇ ਹਨ। ਪਲਾਸਟਿਕ ਦੀਆਂ ਮਹੀਨ ਚਾਦਰਾਂ ਦੇ ਵਿੱਚੋਂ ਦੀ ਦਰਸ਼ਨੀ ਰੁਮਾਲਿਆਂ ਦੀ ਚਮਕ-ਦਮਕ ਦਿੱਸਦੀ ਰਹਿੰਦੀ ਹੈ ਅਤੇ ਰੁਮਾਲਿਆਂ ਉੱਪਰ ਸਿਹਰਿਆਂ ਦੀ ਸਿੱਲ੍ਹ ਅਤੇ ਮਿੱਟੀ-ਘੱਟੇ ਤੋਂ ਵੀ ਬਚਾਅ ਰਹਿੰਦਾ ਹੈ। ਇੱਕ ਵਿਸ਼ੇਸ਼ ਚਿੱਟੀ ਚਾਦਰ ਵੀ ਨੇੜੇ ਰੱਖੀ ਹੁੰਦੀ ਹੈ ਜੋ ਹਨ੍ਹੇਰੀ ਆਉਣ 'ਤੇ ਸਰੂਪ ਦੇ ਉੱਪਰ ਅਤੇ ਅੱਗੇ ਤਕ ਵਿਛਾ ਦਿੱਤੀ ਜਾਂਦੀ ਹੈ।

**ਕੀਰਤਨ ਦੀ ਤੀਜੀ ਬਿਲਾਵਲ ਦੀ ਪਹਿਲੀ ਚੌਂਕੀ:**

ਫੁਰਮਾਨ ਉਪਰੰਤ ਬਿਲਾਵਲ ਦੀ ਪਹਿਲੀ ਚੌਂਕੀ ਪ੍ਰਾਰੰਭ ਹੋ ਕੇ ਸਮਾਪਤ ਹੁੰਦੀ ਹੈ।

**ਕੀਰਤਨ ਦੀ ਚੌਥੀ ਬਿਲਾਵਲ ਦੀ ਦੂਜੀ ਚੌਂਕੀ :**

ਫਿਰ ਕੀਰਤਨ ਦੀ ਚੌਥੀ ਚੌਂਕੀ ਜਿਸ ਨੂੰ ਬਿਲਾਵਲ ਦੀ ਦੂਜੀ ਚੌਂਕੀ ਕਿਹਾ ਜਾਂਦਾ ਹੈ ਸ਼ੁਰੂ ਹੋ ਕੇ ਨੀਯਤ ਸਮੇਂ 'ਤੇ ਸਮਾਪਤ ਹੋ ਜਾਂਦੀ ਹੈ।

**ਕੀਰਤਨ ਦੀ ਪੰਜਵੀਂ ਅਨੰਦ ਦੀ ਚੌਂਕੀ :**

ਇਸ ਉਪਰੰਤ ਕੀਰਤਨ ਦੀ ਪੰਜਵੀਂ ਚੌਂਕੀ ਅਰੰਭ ਹੁੰਦੀ ਹੈ। ਸ੍ਰੀ ਦਰਬਾਰ ਸਾਹਿਬ ਦੇ ਖਜ਼ਾਨੇ ਵਿੱਚੋਂ ਕੜਾਹ ਪ੍ਰਸ਼ਾਦ ਪੁੱਜ ਜਾਂਦਾ ਹੈ ਤੇ ਦੁਪਹਿਰ ਦੇ ਠੀਕ ਬਾਰ੍ਹਾਂ ਵਜੇ ਅਨੰਦ ਸਾਹਿਬ

ਦੀਆਂ ਮੁੱਢਲੀਆਂ ਪੰਜ ਤੇ ਚਾਲ੍ਹੀਵੀਂ ਪਉੜੀ ਦਾ ਗਾਇਨ ਕਰ ਕੇ ਭੋਗ ਪਾਇਆ ਜਾਂਦਾ ਹੈ।

**ਤੀਜੀ ਅਰਦਾਸ :**

ਅਰਦਾਸੀਆ ਜੀ ਵੱਲੋਂ ਅਰਦਾਸ ਪ੍ਰਾਰੰਭ ਕਰ ਕੇ "ਸ਼ਬਦ ਚੌਂਕੀ ਅਨੰਦ ਸਾਹਿਬ ਜੀ ਕੀ ਅਰਦਾਸ ਹੈ ਜੀ ਭੁੱਲ ਚੁੱਕ ਮਾਫ ਕਰਨੀ ਜੀ, ਕੜਾਹ ਪ੍ਰਸ਼ਾਦ ਆਪ ਜੀ ਦੇ ਦਰ ਪ੍ਰਵਾਣ ਹੋਵੇ ਜੀ" ਅਖੀਰ ਵਿਚ ਉਪਰੋਕਤ ਸ਼ਬਦ ਕਹਿ ਕੇ ਫਤਹ ਬੁਲਾਈ ਜਾਂਦੀ ਹੈ।

ਹਾਜ਼ਰ ਸੰਗਤ ਵਿਚ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਸ੍ਰੀ ਦਰਬਾਰ ਸਾਹਿਬ ਵਿਖੇ ਅਨੰਦ ਸਾਹਿਬ ਦੀਆਂ ਦੋ ਚੌਂਕੀਆਂ ਵਿਚ ਹੀ ਕੜਾਹ ਪ੍ਰਸ਼ਾਦ ਵਰਤਾਇਆ ਜਾਂਦਾ ਹੈ ਕੀਰਤਨ ਦੀ ਹੋਰ ਕਿਸੇ ਵੀ ਚੌਂਕੀ ਵਿਚ ਨਹੀਂ।

**ਕੀਰਤਨ ਦੀ ਛੇਵੀਂ ਸਾਰੰਗ ਦੀ ਚੌਂਕੀ :**

ਫਿਰ ਕੀਰਤਨ ਦੀ ਛੇਵੀਂ ਚੌਂਕੀ ਦੀ ਪ੍ਰਾਰੰਭਤਾ ਹੁੰਦੀ ਹੈ ਜਿਸ ਨੂੰ ਸਾਰੰਗ ਦੀ ਚੌਂਕੀ ਕਿਹਾ ਜਾਂਦਾ ਹੈ।

**ਕੀਰਤਨ ਦੀ ਸੱਤਵੀਂ ਚਰਨ ਕਮਲ ਦੀ ਚੌਂਕੀ :**

ਛੇਵੀਂ ਚੌਂਕੀ ਦੀ ਸੰਪੂਰਨਤਾ ਮਗਰੋਂ ਕੀਰਤਨ ਦੀ ਸੱਤਵੀਂ ਚੌਂਕੀ ਦੀ ਪ੍ਰਾਰੰਭਤਾ ਹੁੰਦੀ ਹੈ ਅਤੇ ਠੀਕ ਤਿੰਨ ਵਜੇ :

*ਚਰਨ ਕਮਲ ਪ੍ਰਭ ਕੇ ਨਿਤ ਧਿਆਵਉ ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੦੬)*

*ਗਗਨ ਮੈ ਥਾਲੁ . . . ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੧੩)*

ਸ਼ਬਦ ਦਾ ਗਾਇਣ ਕੀਤਾ ਜਾਂਦਾ ਹੈ। ਇੱਥੇ ਤੁਕ ਤੇ ਸ਼ਬਦ ਵਿਚ 'ਚਰਨ ਕਮਲ' ਪਦ ਆਉਣ ਕਰਕੇ ਇਸ ਦੀ ਸੰਗਿਆ 'ਚਰਨ ਕਮਲ ਦੀ ਚੌਂਕੀ' ਹੈ।

**ਚੌਥੀ ਅਰਦਾਸ :**

ਇਸ ਅਰਦਾਸ ਦੇ ਅਖੀਰ ਵਿਚ ਸ਼ਬਦ ਚੌਂਕੀ ਚਰਨ ਕਮਲ ਦੀ ਅਰਦਾਸ ਦੇ ਸ਼ਬਦ ਕਹੇ ਜਾਂਦੇ ਹਨ।

ਅਰਦਾਸ ਮਗਰੋਂ ਚਰਨ ਕਮਲ ਦੀ ਚੌਂਕੀ ਫਿਰ ਜਾਰੀ ਰਹਿੰਦੀ ਹੈ।

**ਕੀਰਤਨ ਦੀ ਅਠਵੀਂ ਜੈਤਸਰੀ ਦੀ ਚੌਂਕੀ :**

ਫਿਰ ਕੀਰਤਨ ਦੀ ਅਠਵੀਂ ਚੌਂਕੀ ਦੀ ਅਰੰਭਤਾ ਹੁੰਦੀ ਹੈ ਜਿਸ ਨੂੰ ਜੈਤਸਰੀ ਦੀ ਚੌਂਕੀ ਕਿਹਾ ਜਾਂਦਾ ਹੈ।

ਇਸ ਚੌਂਕੀ ਦਾ ਸਿਆਲ ਦੀ ਰੁੱਤੇ ਇੱਕ ਤੇ ਗਰਮੀ ਦੇ ਮੌਸਮ ਵਿਚ ਦੋ ਰਾਗੀ ਜਥੇ ਕੀਰਤਨ ਕਰਦੇ ਹਨ।

**ਕੀਰਤਨ ਦੀ ਨੌਵੀਂ ਸੋ ਦਰੁ ਦੀ ਚੌਂਕੀ :**

ਪ੍ਰਾਰੰਭ ਹੋਈ ਕੀਰਤਨ ਦੀ ਨੌਵੀਂ ਚੌਂਕੀ ਦੇ ਅਖੀਰ ਸੂਰਜ ਡੁੱਬਣ ਮਗਰੋਂ ਸ੍ਰੀ ਗੁਰੂ ਰਾਮਦਾਸ ਜੀ ਦਾ ਆਸਾ ਰਾਗ ਵਿਚ ਦਰਜ ਅਖੀਰਲਾ ਛੱਕਾ :

*–ਹਰਿ ਜੁਗੁ ਜੁਗ ਭਗਤ ਉਪਾਇਆ . . . ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੫੧)*

*–ਦੁਖੁ ਦਾਰੂ ਸੁਖੁ ਰੋਗੁ ਭਇਆ. . . ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੪੬੯)*

*-ਸੋ ਦਰੁ ਤੇਰਾ ਕੇਹਾ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੮)*

ਕੀਰਤਨੀ ਜਥਾ ਇਹ ਸ਼ਬਦ ਆਸਾ ਰਾਗ ਵਿਚ ਗਾਇਣ ਕਰਦਾ ਹੈ। ਇਸ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠੇ ਗ੍ਰੰਥੀ ਜੀ:

*ਸੁਣਿ ਵਡਾ ਆਖੈ ਸਭੁ ਕੋਇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੯)*

ਤੋਂ ਪਾਠ ਪ੍ਰਾਰੰਭ ਕਰ ਕੇ ਸੋ ਦਰੁ ਰਹਰਾਸਿ ਸਾਹਿਬ ਦਾ ਪਾਠ ਕਰਦੇ ਹਨ।

**ਪੰਜਵੀਂ ਅਰਦਾਸ :**

ਫਿਰ ਸ਼ਬਦ ਚੌਂਕੀ ਸੋਦਰੁ ਰਹਰਾਸਿ ਸਾਹਿਬ ਜੀ ਦੇ ਪਾਠ ਦੀ ਸਮਾਪਤੀ ਦੀ ਅਰਦਾਸ ਅਰਦਾਸੀਆ ਜੀ ਕਰਦੇ ਹਨ।

**ਤੀਜਾ ਹੁਕਮਨਾਮਾ :**

ਅਰਦਾਸ ਦੇ ਬਾਅਦ ਗ੍ਰੰਥੀ ਜੀ ਕੁਝ ਮੰਗਲਾਂ ਮਗਰੋਂ ਅਖੀਰਲੇ ਤਿੰਨ ਮੰਗਲਾਚਰਣ ਪੜ੍ਹ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਨਵਾਂ ਹੁਕਮਨਾਮਾ ਲੈਂਦੇ ਹਨ।

**ਕੀਰਤਨ ਦੀ ਦਸਵੀਂ ਕਲਿਆਣ ਦੀ ਚੌਂਕੀ :**

ਫਿਰ ਕੀਰਤਨ ਦੀ ਕਲਿਆਣ ਦੀ ਚੌਂਕੀ ਦੀ ਸ਼ੁਰੂਆਤ ਹੁੰਦੀ ਹੈ ਜਿਸ ਵਿਚ ਕੀਰਤਨ ਮੰਡਲੀ ਸੰਗਤ ਨਾਲ ਮਿਲ ਕੇ ਆਰਤੀ ਦੇ ਇਨ੍ਹਾਂ ਸ਼ਬਦਾਂ ਦਾ ਗਾਇਣ ਕਰਦੀ ਹੈ:

*੧. ਗਗਨ ਮੈ ਥਾਲੁ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੬੩)*
*੨. ਨਾਮੁ ਤੇਰੋ ਆਰਤੀ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੪)*
*੩. ਧੂਪ ਦੀਪ ਘ੍ਰਿਤ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੫)*
*੪. ਸੁੰਨ ਸੰਧਿਆ. . . ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੧੩੫੦)*
*੫. ਗੋਪਾਲ ਤੇਰਾ ਆਰਤਾ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੬੯੫)*
*੬. ਪਾਂਇ ਗਹੇ ਜਬ ਤੇ . . .॥* *(ਸ੍ਰੀ ਦਸਮ ਗ੍ਰੰਥ ਸਾਹਿਬ)*
*੭. ਸਗਲ ਦੁਆਰ ਕਉ. . . ॥* *(ਉਹੀ)*

ਉਪਰੰਤ ਕੇਵਲ ਅਰਦਾਸੀਆ ਜੀ ਹੀ ਖੜ੍ਹੇ ਹੋ ਕੇ ਸਿਰਫ- "ਸੱਚੇ ਪਾਤਸ਼ਾਹ ਜੀ! ਆਪ ਜੀ ਦੇ ਹਜ਼ੂਰ ਸ਼ਬਦ ਚੌਂਕੀ ਆਰਤੀ ਸਾਹਿਬ ਜੀ ਕੀ ਅਰਦਾਸ ਹੈ ਜੀ ਭੁੱਲ ਚੁੱਕ ਮੁਆਫ ਕਰਨੀ ਜੀ।" ਇਹ ਸੰਖੇਪ ਜਿਹੇ ਸ਼ਬਦ ਕਹਿ ਕੇ ਅਰਦਾਸ ਕਰਦੇ ਹਨ ਪਰੰਤੂ ਇਸ ਦੌਰਾਨ ਸੰਗਤ ਬੈਠੀ ਰਹਿੰਦੀ ਹੈ। ਇਸ ਉਪਰੰਤ ਕੀਰਤਨੀ ਜਥਾ:

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੦੧)*

ਇਹ ਸ਼ਬਦ ਪੜ੍ਹ ਕੇ ਸਮਾਪਤੀ ਕਰਦਾ ਹੈ ਅਤੇ ਅੱਗੋਂ ਫਿਰ ਕੀਰਤਨ ਚੌਂਕੀ ਅਰੰਭ ਕਰ ਦਿੰਦਾ ਹੈ।

ਚਰਨ ਕਮਲ ਦੀ ਚੌਂਕੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਰਤੀ ਦਾ ਸ਼ਬਦ ਪੰਨਾ ੧੩ ਵਾਲਾ ਤੇ ਇੱਥੇ ਪੰਨਾ ੬੬੩ ਵਾਲਾ ਸ਼ਬਦ ਗਾਇਣ ਕੀਤਾ ਜਾਂਦਾ ਹੈ।

**ਬਾਬਾ ਬੁੱਢਾ ਜੀ ਦੀ ਚੌਂਕੀ :**

ਕੀਰਤਨ ਦੀ ਚੱਲ ਰਹੀ ਦਸਵੀਂ ਚੌਂਕੀ ਦਰਮਿਆਨ ਬਾਬਾ ਬੁੱਢਾ ਜੀ ਵੱਲੋਂ

ਅਰੰਭ ਕੀਤੀ ਸ਼ਬਦ ਚੌਂਕੀ ਸ੍ਰੀ ਦਰਬਾਰ ਸਾਹਿਬ ਅਪੜਦੀ ਹੈ ਅਤੇ ਅੰਦਰ ਹੋ ਰਿਹਾ ਸ਼ਬਦ ਕੀਰਤਨ ਬੰਦ ਹੋ ਜਾਂਦਾ ਹੈ। ਚੌਂਕੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਜੀ ਦੀਆਂ ਪਰਕਰਮਾ ਕਰ ਕੇ ਮੁੱਖ ਪ੍ਰਵੇਸ਼ ਦੁਆਰ ਦੇ ਬਾਹਰ ਖਲੋ ਜਾਂਦੀ ਹੈ।

ਚੌਂਕੀ ਦੇ ਜਥੇਦਾਰ ਜੀ ਬਾਬਾ ਬੁੱਢਾ ਜੀ ਦੀ ਸ੍ਰੀ ਸਾਹਿਬ ਆਪਣੇ ਦੋਵਾਂ ਹੱਥਾਂ ਵਿਚ ਫੜ ਕੇ ਚੌਂਕੀ ਦੀ ਸਮਾਪਤੀ ਦੀ ਅਰਦਾਸ ਕਰਦੇ ਹਨ ਪਰੰਤੂ ਅੰਦਰਲੀ ਸੰਗਤ ਬੈਠੀ ਰਹਿੰਦੀ ਹੈ।

ਉਪਰੋਕਤ ਅਰਦਾਸ ਮਗਰੋਂ ਕਲਿਆਣ ਦੀ ਚੌਂਕੀ ਫਿਰ ਸ਼ੁਰੂ ਹੋ ਜਾਂਦੀ ਹੈ।

**ਕੀਰਤਨ ਦੀ ਗਿਆਰ੍ਹਵੀਂ ਕੀਰਤਨ ਸੋਹਿਲੇ ਦੀ ਚੌਂਕੀ :**

ਫਿਰ ਕੀਰਤਨ ਦੀ ਗਿਆਰ੍ਹਵੀਂ ਤੇ ਅਖੀਰਲੀ ਚੌਂਕੀ ਅਰੰਭ ਹੁੰਦੀ ਹੈ ਜਿਸ ਨੂੰ ਕੀਰਤਨ ਸੋਹਿਲੇ ਦੀ ਚੌਂਕੀ ਕਿਹਾ ਜਾਂਦਾ ਹੈ।

**ਸਰੂਪ ਦਾ ਸੁਖ ਆਸਣ :**

ਸਮਾਪਤੀ ਦਾ ਸਮਾਂ ਨੇੜੇ ਆਇਆ ਜਾਣ ਕੇ ਸਿੰਘ ਸਾਹਿਬ ਦਾ ਸਾਥ ਦੇਣ ਲਈ ਦੋ ਸੇਵਾਦਾਰ ਸੱਜੇ ਤੇ ਖੱਬੇ ਇੱਕ ਦੂਸਰੇ ਦੇ ਆਹਮੋ-ਸਾਹਮਣੇ ਬੈਠ ਜਾਂਦੇ ਹਨ ਅਤੇ ਚੌਰ ਬਰਦਾਰ ਜੀ ਖੱਬੇ ਪਾਸੇ ਖੜ੍ਹ ਕੇ ਚੌਰ ਝੁਲਾਣ ਲੱਗ ਜਾਂਦੇ ਹਨ। ਗ੍ਰੰਥੀ ਜੀ ਤੇ ਸੇਵਾਦਾਰ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਪਰੋਂ ਅਹਿਸਤਾ-ਅਹਿਸਤਾ ਅਦਬ ਨਾਲ ਇੱਕ-ਇੱਕ ਰੁਮਾਲਾ ਉਤਾਰ ਕੇ ਤਹਿਆਂ ਮਾਰਦੇ ਹਨ ਜਿਨ੍ਹਾਂ ਨੂੰ ਫਰਾਸ਼ ਜੀ ਰੁਮਾਲਿਆਂ ਵਾਲੀ ਪੇਟੀ ਵਿਚ ਧਰੀ ਜਾਂਦੇ ਹਨ ਅਖੀਰਲਾ ਰੁਮਾਲਾ ਲਾਹ ਕੇ ਤੇ ਝਾੜ ਕੇ ਫਿਰ ਸਰੂਪ ਉੱਪਰ ਸਜਾ ਦਿੱਤਾ ਜਾਂਦਾ ਹੈ।

ਜਦੋਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਤੇ ਸੁਖ ਆਸਣ ਕੀਤਾ ਜਾਂਦਾ ਤੇ ਮਹਾਂਵਾਕ ਲਿਆ ਜਾਂਦਾ ਹੈ ਪਾਸੇ ਬੈਠੇ ਦੋਵੇਂ ਸੇਵਾਦਾਰ ਗੋਡਿਆਂ ਨੂੰ ਪਰਨਿਆਂ ਨਾਲ ਢੱਕਦੇ ਹਨ।

***ਚਲਦਾ. . .***

# ਨਾਮ ਜਪੋ, ਕਿਰਤ ਕਰੋ, ਵੰਡ ਛਕੋ

# ਪਾਤਸ਼ਾਹੀ ਤਾਜ ਦਸਤਾਰ ਖ਼ਾਤਰ ਲਾਸਾਨੀ ਇਤਿਹਾਸ ਸਿਰਜਣ ਵਾਲੇ ਸਿੱਖ ਫੌਜੀ ਲੋਹ-ਟੋਪ ਕਿਉਂ ਪਾਉਣ?

*-ਸ. ਤਲਵਿੰਦਰ ਸਿੰਘ ਬੁੱਟਰ ਕਲਾਂ**

ਹਾਲ ਹੀ ਦੌਰਾਨ ਰੱਖਿਆ ਮੰਤਰਾਲੇ ਵੱਲੋਂ ਭਾਰਤੀ ਫ਼ੌਜ ਵਿਚ ਸਿੱਖ ਜਵਾਨਾਂ ਲਈ ਵਿਸ਼ੇਸ਼ ਬਣਤਰ ਵਾਲੇ ਲੋਹ-ਟੋਪ ਖਰੀਦਣ ਦੀ ਤਜਵੀਜ਼ ਸਾਹਮਣੇ ਆਉਣ ਤੋਂ ਬਾਅਦ ਇਸ ਮੁੱਦੇ 'ਤੇ ਤਕੜੀ ਬਹਿਸ ਛਿੜ ਗਈ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਮੇਤ ਵੱਖ-ਵੱਖ ਸਿੱਖ ਅਤੇ ਪੰਥਕ ਹਲਕਿਆਂ ਵੱਲੋਂ ਸਿੱਖ ਫ਼ੌਜੀਆਂ ਲਈ ਲੋਹ-ਟੋਪ ਦੀ ਤਜਵੀਜ਼ ਨੂੰ ਸਿੱਖ ਪਛਾਣ ਅਤੇ ਧਾਰਮਿਕ ਅਜ਼ਾਦੀ 'ਤੇ ਵੱਡਾ ਹਮਲਾ ਕਰਾਰ ਦਿੰਦਿਆਂ ਭਾਰਤ ਸਰਕਾਰ ਕੋਲੋਂ ਅਜਿਹੀ ਤਜਵੀਜ਼ ਨੂੰ ਮੁਢਲੇ ਪੜਾਅ 'ਤੇ ਹੀ ਰੱਦ ਕਰਨ ਦੀ ਪੁਰਜ਼ੋਰ ਮੰਗ ਕੀਤੀ ਜਾ ਰਹੀ ਹੈ।

ਲਗਪਗ ੮੩ ਵਰ੍ਹੇ ਪਹਿਲਾਂ ਦੂਜੀ ਸੰਸਾਰ ਜੰਗ ਵੇਲੇ ਵੀ ਬਰਤਾਨਵੀ ਫ਼ੌਜ ਨੇ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਣ ਲਈ ਆਖਿਆ ਸੀ। ਅੰਗਰੇਜ਼ ਅਧਿਕਾਰੀਆਂ ਨੇ ਸਿੱਖ ਫ਼ੌਜੀਆਂ ਲਈ ਲੋਹ-ਟੋਪ ਲਾਜ਼ਮੀ ਕਰਾਰ ਦਿੰਦਿਆਂ ਹੁਕਮ ਜਾਰੀ ਕਰ ਦਿੱਤੇ ਸਨ ਕਿ ਅਸੀਂ ਸਿਰ ਵਿਚ ਗੋਲੀਆਂ ਲੱਗਣ ਕਾਰਨ ਸ਼ਹੀਦ ਹੋਏ ਸਿੱਖ ਫ਼ੌਜੀਆਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣ ਤੋਂ ਅਸਮਰੱਥ ਹੋਵਾਂਗੇ। ਸਿੱਖ ਫ਼ੌਜੀਆਂ ਨੇ ਲੋਹ-ਟੋਪ ਪਹਿਨਣ ਤੋਂ ਸਾਫ਼ ਇਨਕਾਰ ਕਰਦਿਆਂ ਇਹ ਲਿਖ ਕੇ ਦੇ ਦਿੱਤਾ ਸੀ ਕਿ ਜੇਕਰ ਉਨ੍ਹਾਂ ਵਿੱਚੋਂ ਕਿਸੇ ਦੀ ਮੌਤ ਸਿਰ ਵਿਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਨ੍ਹਾਂ ਦੇ ਪਰਵਾਰ ਸਰਕਾਰ ਕੋਲ ਪੈਨਸ਼ਨ ਦਾ ਦਾਅਵਾ ਨਹੀਂ ਕਰਨਗੇ। ਉਸ ਵੇਲੇ ਡਾ. ਗੰਡਾ ਸਿੰਘ ਨੇ 'ਖ਼ਾਲਸਾ ਸਮਾਚਾਰ' ਅਖ਼ਬਾਰ ਵਿਚ ਲੇਖ ਲਿਖ ਕੇ ਜੰਗੀ ਹਾਲਾਤਾਂ ਵਿਚ ਸਿੱਖਾਂ ਨੂੰ ਲੋਹ-ਟੋਪ ਪਹਿਨ ਲੈਣ ਦੀ ਵਕਾਲਤ ਕੀਤੀ ਸੀ। ਭਾਈ ਸਾਹਿਬ ਭਾਈ ਰਣਧੀਰ ਸਿੰਘ ਨੇ ਗੁਰਮਤਿ ਦੀ ਸੱਚੀ-ਸੁੱਚੀ ਰੂਹਾਨੀਅਤ ਦੇ ਜਜ਼ਬੇ ਨਾਲ ਭਰਪੂਰ ਸਿੱਖ ਸਿਧਾਂਤਾਂ 'ਤੇ ਆਧਾਰਿਤ 'ਭਾਰੀ ਭੁਜਾਨ ਕੋ ਭਾਰੀ ਭਰੋਸੋ' ਨਾਮ ਦੀ ਬੜੀ ਭਾਵਪੂਰਤ ਲਿਖਤ ਲਿਖ ਕੇ 'ਸਿੱਖ ਰਹਿਤ ਮਰਯਾਦਾ' ਅਤੇ ਗੁਰਮਤਿ ਸਿਧਾਂਤ ਅਨੁਸਾਰ ਸਿੱਖ ਦੇ ਲੋਹ-ਟੋਪ ਪਾਉਣ ਦਾ ਜ਼ਬਰਦਸਤ ਵਿਰੋਧ ਕੀਤਾ।

ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦਾ ਮਸਲਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲ ਪਹੁੰਚਿਆ ਤਾਂ ਮਹਾਰਾਜਾ ਪਟਿਆਲਾ ਯਾਦਵਿੰਦਰ ਸਿੰਘ ਨੂੰ

*ਸ਼ਹੀਦ ਬਾਬਾ ਦੀਪ ਸਿੰਘ ਜੀ ਕਲੌਨੀ, ਦਸਮੇਸ਼ ਅਕੈਡਮੀ ਰੋਡ, ਸ੍ਰੀ ਅਨੰਦਪੁਰ ਸਾਹਿਬ (ਜ਼ਿਲ੍ਹਾ ਰੂਪਨਗਰ)-੧੪੦੧੨੩; ਮੋ. ੯੮੭੮੦-੭੦੦੦੮.

ਇਸ ਮਸਲੇ ਦੇ ਹੱਲ ਲਈ ਆਪਣਾ ਰਸੂਖ ਵਰਤਣ ਦੀ ਸਿਫ਼ਾਰਿਸ਼ ਕੀਤੀ ਗਈ। ਮਹਾਰਾਜਾ ਯਾਦਵਿੰਦਰ ਸਿੰਘ ਨੇ ਸਿੱਖ ਰਹਿਤ ਮਰਯਾਦਾ ਦੇ ਹਵਾਲੇ ਨਾਲ ਫ਼ੈਸਲਾ ਸੁਣਾ ਦਿੱਤਾ ਕਿ ਸਿੱਖ ਫ਼ੌਜੀ ਕਦੇ ਵੀ ਲੋਹੇ ਦੇ ਟੋਪ ਨਹੀਂ ਪਹਿਨਣਗੇ। ਬਾਅਦ ਵਿਚ ਇਸੇ ਆਧਾਰ 'ਤੇ ਹੀ ੧੯੭੬ ਈ. ਵਿਚ ਬਰਤਾਨਵੀ ਸੰਸਦ ਨੇ ਆਪਣੇ ਮੋਟਰਸਾਈਕਲ ਹੈਲਮਟ ਐਕਟ ਵਿਚ ਸੋਧ ਕਰ ਕੇ ਸਿੱਖਾਂ ਨੂੰ ਲੋਹ-ਟੋਪ ਤੋਂ ਵਿਸ਼ੇਸ਼ ਛੋਟ ਦੇ ਦਿੱਤੀ ਸੀ। ਇਸ ਤੋਂ ਬਾਅਦ ਕੈਨੇਡਾ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ ਅਤੇ ਸਿੰਗਾਪੁਰ ਆਦਿ ਦੇਸ਼ਾਂ ਅੰਦਰ ਵੀ ਸਿੱਖਾਂ ਨੂੰ ਲੋਹ-ਟੋਪ ਤੋਂ ਛੋਟ ਮਿਲ ਗਈ।

੧੮੫੩ ਤੋਂ ਲੈ ਕੇ ੧੯੫੯ ਈ. ਤਕ ਬ੍ਰਿਟਿਸ਼ ਇੰਡੀਆ ਦੀ ਫ਼ੌਜ 'ਚ ਸਿੱਖ ਫ਼ੌਜੀ ਮਹੱਤਵਪੂਰਨ ਹਿੱਸਾ ਰਹੇ ਸਨ। ਸਿੱਖ ਫ਼ੌਜੀਆਂ ਤੋਂ ਬਗੈਰ ਬਾਕੀ ਸਾਰੀਆਂ ਹੀ ਰੈਜਮੈਂਟਾਂ ਸਿਰ 'ਤੇ ਟੋਪੀ ਪਾਉਂਦੀਆਂ ਸਨ। ਪਹਿਲੀ ਸੰਸਾਰ ਜੰਗ ਵੇਲੇ ਵੀ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਾਉਣ ਦਾ ਵਿਚਾਰ ਦਿੱਤਾ ਗਿਆ ਸੀ ਪਰ ਉਦੋਂ ਵੀ ਸਿੱਖ ਫ਼ੌਜੀਆਂ ਦੇ ਸਿੱਦਕ ਅਤੇ ਦ੍ਰਿੜ੍ਹਤਾ ਅੱਗੇ ਬਰਤਾਨਵੀ ਫ਼ੌਜ ਲਾ-ਜਵਾਬ ਰਹੀ। ਉਸ ਜੰਗ ਵਿਚ ਬਹੁਤ ਸਾਰੇ ਸਿੱਖ ਫ਼ੌਜੀਆਂ ਦੀਆਂ ਦਸਤਾਰਾਂ ਦੇ ਲੜਾਂ (ਪੇਚਾਂ) ਵਿੱਚੋਂ ਫ਼ਸੀਆਂ ਹੋਈਆਂ ਗੋਲੀਆਂ ਨਿਕਲੀਆਂ ਸਨ, ਜੋ ਉਨ੍ਹਾਂ ਦੇ ਸਿਰ ਤਕ ਨਹੀਂ ਪੁੱਜ ਸਕੀਆਂ ਸਨ। ਇਹੀ ਦਲੀਲ ਦੂਜੀ ਸੰਸਾਰ ਜੰਗ ਦੌਰਾਨ ਵੀ ਲੋਹ-ਟੋਪ ਪਾਉਣ ਤੋਂ ਇਨਕਾਰ ਕਰਦਿਆਂ ਸਿੱਖ ਫ਼ੌਜੀਆਂ ਅਤੇ ਉਨ੍ਹਾਂ ਦੀ ਹਮਾਇਤ 'ਚ ਆਏ ਸਿੱਖ ਵਿਦਵਾਨਾਂ ਨੇ ਵੀ ਦਿੱਤੀ ਸੀ ਕਿ ਸਿੱਖ ਫ਼ੌਜੀਆਂ ਦੇ ਸਿਰ ਦੀ ਰੱਖਿਆ ਲਈ ਦਸਤਾਰਾਂ ਕਾਫ਼ੀ ਹਨ। ਭਾਈ ਰਣਧੀਰ ਸਿੰਘ ਨੇ ਆਪਣੀ ਪ੍ਰਭਾਵਸ਼ਾਲੀ ਲਿਖਤ ਵਿਚ ਸਿੱਖ ਧਰਮ ਦੀ ਬੀਰ-ਰਸ ਰੂਹਾਨੀਅਤ ਦੇ ਜਜ਼ਬੇ ਨਾਲ ਲਿਖਿਆ ਕਿ, 'ਖ਼ਾਲਸੇ ਨੂੰ ਹਰ ਮੈਦਾਨ ਜੂਝਦੇ ਹੋਏ ਕੇਵਲ ਅਕਾਲ ਪੁਰਖ ਸਰਬਲੋਹ, ਸਰਬਕਾਲ ਜੀ ਦੀ ਸਦਾ ਰੱਛਿਆ ਮਈ ਟੇਕ ਹੈ ਅਤੇ ਇਸ ਟੇਕ ਨੂੰ ਧਾਰਨ ਕਰਨ ਵਿਚ ਹੀ ਖ਼ਾਲਸੇ ਦੀ ਫ਼ਤਿਹ ਹੈ। ਮੌਤ ਤੋਂ ਡਰ ਕੇ ਖ਼ਾਲਸਈ ਸਜ-ਧਜ ਵਾਲੇ ਦਸਤਾਰ ਦੁਮਾਲੜੇ ਸੁਸ਼ੋਭਿਤ ਸੀਸ ਨੂੰ ਟੋਪਾਂ ਤੇ ਹੈਲਮਟ ਦੇ ਹੇਠ ਲੁਕਾ ਕੇ ਜੰਗ ਵਿਚ ਲੜਣ ਵਾਲਿਆਂ ਦੀ ਕਦੇ ਬਹਾਦਰੀ ਨਹੀਂ ਹੋ ਸਕਦੀ। ਉਨ੍ਹਾਂ ਨੇ ਜੰਗ ਵਿਚ ਯੋਧੇ ਹੋ ਕੇ ਕੀ ਜੂਝਣਾ ਹੈ, ਜਿਨ੍ਹਾਂ ਦੇ ਸਿਰ 'ਤੇ ਸਦਾ ਮਰਨ ਦਾ ਡਰ ਭੂਤ ਹੋ ਕੇ ਸਵਾਰ ਹੋਵੇ।'

ਉਂਜ ਵੀ ਸਿੱਖ ਧਰਮ ਦਾ ਮਾਰਗ ਹੀ '*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*' ਦੀ ਅਵਸਥਾ ਤੋਂ ਸ਼ੁਰੂ ਹੁੰਦਾ ਹੈ। ਸਿੱਖ ਧਰਮ ਦੀ ਗੁਰਬਾਣੀ ਪਰੰਪਰਾ ਜਦੋਂ ਯੁੱਧ ਵਿਚ ਨਿੱਤਰਣ ਲਈ ਸੱਚੇ ਜੁਝਾਰੂ ਸਿਪਾਹੀ ਨੂੰ, '*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥੧॥*' ਦਾ ਰੂਹਾਨੀਅਤ ਵਿਚ ਭਿੱਜਿਆ ਹੋਇਆ ਬੁਲੰਦ ਜਜ਼ਬਾ ਬਖ਼ਸ਼ਦੀ ਹੋਵੇ ਤਾਂ ਫਿਰ ਮੈਦਾਨ-ਏ-ਜੰਗ ਦੇ ਅੰਦਰ ਸਿੱਖ ਜਾਂਬਾਜ਼ ਸਿਪਾਹੀਆਂ ਵਾਸਤੇ ਆਪਣੀ ਜਾਨ ਦੀ ਰੱਖਿਆ ਲਈ ਦਸਤਾਰਾਂ

ਲਾਹ ਕੇ ਜਾਂ ਦਸਤਾਰਾਂ ਦੇ ਉਪਰੋਂ ਦੀ ਲੋਹ-ਟੋਪ ਪਾਉਣ ਬਾਰੇ ਤਸੱਵਰ ਕਰਨਾ ਵੀ ਆਪਣਾ ਧਰਮ ਗਵਾ ਕੇ ਖ਼ਾਲਸਈ ਜੰਗਜੂ ਜਜ਼ਬੇ ਨੂੰ ਅਤੇ ਖ਼ਾਲਸਈ ਸੂਰਮਗਤੀ ਨੂੰ ਨਿਘਰਦੀ ਕਲਾ ਵਿਚ ਲੈ ਜਾਣ ਵਾਂਗ ਹੈ।

ਬੁਨਿਆਦੀ ਰੂਪ ਦੇ ਵਿਚ ਸਿੱਖ ਪਰੰਪਰਾ ਅੰਦਰ ਸਿੱਖ ਦੀ ਰਹਿਤ ਸੰਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਜ਼ੂਰੀ ਗੁਰਸਿੱਖਾਂ ਵਲੋਂ ਸਤਿਗੁਰਾਂ ਦੀ ਆਗਿਆ ਨਾਲ ਲਿਖੇ ਗਏ ਰਹਿਤਨਾਮਿਆਂ ਵਿਚ 'ਟੋਪੀ' ਪਹਿਨਣ ਨੂੰ ਵੱਡਾ ਘ੍ਰਿਣਿਤ ਕਰਮ ਮੰਨਦਿਆਂ ਇਉਂ ਕਿਹਾ ਗਿਆ ਹੈ:

*'ਹੋਇ ਸਿਖ ਸਿਰ ਟੋਪੀ ਧਰੈ। ਸਾਤ ਜਨਮ ਕੁਸ਼ਟੀ ਹੁਇ ਮਰੈ।'*

*(ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ)*

ਗੁਰੂ-ਸਾਹਿਬਾਨ ਦੁਆਰਾ ਸਿੱਖਾਂ ਨੂੰ ਦਸਤਾਰ ਸਜਾਉਣ ਸੰਬੰਧੀ ਵੀ ਬਹੁਤ ਪਵਿੱਤਰ ਤੇ ਸਤਿਕਾਰਤ ਮਰਯਾਦਾ ਦਿੱਤੀ ਗਈ ਹੈ। ਦਸਤਾਰ ਨੂੰ ਵੀ ਇਕ-ਇਕ ਲੜ ਕਰਕੇ ਹੀ ਬੰਨ੍ਹਣਾ ਹੈ ਅਤੇ ਇਸੇ ਤਰ੍ਹਾਂ ਹੀ ਇਕੱਲੇ-ਇਕੱਲੇ ਲੜ ਨਾਲ ਉਤਾਰਨਾ ਹੈ। ਦਸਤਾਰ ਨੂੰ ਟੋਪੀ ਵਾਂਗ ਸਿਰ ਉੱਪਰ ਸਜਾਉਣਾ ਤੇ ਉਤਾਰਨਾ ਮਨਾਹੀਯੋਗ ਹੈ। ਰਹਿਤਨਾਮਿਆਂ ਅਤੇ ਹੋਰ ਗ੍ਰੰਥਾਂ ਵਿਚ ਹਵਾਲਿਆਂ ਸਹਿਤ ਲਿਖਿਆ ਹੈ:

*'ਕੰਘਾ ਦੋਨਉ ਵਕਤ ਕਰ, ਪਾਗ ਚੁਨਹਿ ਕਰ ਬਾਂਧਈ।'*

*(ਤਨਖਾਹਨਾਮਾ ਭਾਈ ਨੰਦ ਲਾਲ ਜੀ)*

ਭਾਈ ਦਯਾ ਸਿੰਘ ਜੀ ਨੇ ਰਹਿਤਨਾਮੇ ਵਿਚ ਲਿਖਿਆ ਹੈ:

*'ਜੂੜਾ ਸੀਸ ਕੇ ਮੱਧ ਭਾਗ ਮੈਂ ਰਾਖੇ, ਔਰ ਪਾਗ ਬੜੀ ਬਾਂਧੇ।'*

ਜਿੱਥੋਂ ਤਕ ਗੱਲ ਹੈ ਅੱਜ ਵੀ ਕੁਝ ਵਿਦਵਾਨ ਜੋ ਇਹ ਦਲੀਲ ਦੇ ਰਹੇ ਹਨ ਕਿ ਪੁਰਾਣੇ ਸਮਿਆਂ ਦੇ ਅੰਦਰ ਵੀ ਸਿੱਖ ਜੰਗੀ ਹਾਲਾਤਾਂ ਵਿਚ ਲੋਹ-ਟੋਪ ਪਾਉਂਦੇ ਸਨ, ਤਾਂ ਇਸ ਸਬੰਧੀ ਕੋਈ ਵੀ ਪੁਖਤਾ ਇਤਿਹਾਸਿਕ ਪ੍ਰਮਾਣ ਸਾਹਮਣੇ ਨਹੀਂ ਆਉਂਦਾ। ਬਾਬਾ ਦੀਪ ਸਿੰਘ ਜੀ ਵੱਲੋਂ ਦਸਤਾਰੇ ਦੇ ਉੱਪਰ ਸਜਾਏ ਜਾਂਦੇ ਸਰਬਲੋਹ ਦੇ ਚੱਕਰ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸੁਸ਼ੋਭਿਤ ਹਨ। ਬਾਬਾ ਬੰਦਾ ਸਿੰਘ ਬਹਾਦਰ ਜਾਂ ਉਨ੍ਹਾਂ ਤੋਂ ਬਾਅਦ ਵਾਲੇ ਸਿੱਖ ਜਰਨੈਲ ਦੁਮਾਲਿਆਂ ਦੇ ਉੱਪਰ ਸਰਬਲੋਹੀ ਚੱਕਰ ਜਾਂ ਦੁਮਾਲਿਆਂ ਦੇ ਵਿਚ ਹੀ ਸਰਬਲੋਹ ਦੇ ਸ਼ਸਤਰ ਜ਼ਰੂਰ ਰੱਖਦੇ ਰਹੇ ਹੋਣਗੇ, ਜੋ ਦੁਮਾਲਿਆਂ ਜਾਂ ਦਸਤਾਰਾਂ ਦੇ ਵਿਚ ਹੀ ਸ਼ਾਮਿਲ ਹੁੰਦੇ ਹਨ ਪਰ ਇਹ ਕਿਆਸ ਕਰਨਾ ਕਿ ਪੁਰਾਤਨ ਸ਼ਹੀਦ ਸਿੰਘ ਜਾਂ ਸਿੰਘ ਜਰਨੈਲ ਲੋਹ-ਟੋਪ ਪਾਉਂਦੇ ਹੋਣਗੇ, ਇਹ ਬਿਲਕੁਲ ਮਨਮਤਿ ਹੈ।

ਦੂਜੇ ਪਾਸੇ ਚਮਕੌਰ ਦੀ ਜੰਗ 'ਚ ਅਹਿਮ ਉਦਾਹਰਨ ਮਿਲਦੀ ਹੈ ਕਿ ਸੰਜੋਅ ਨਾਲ ਤਨ ਢੱਕੇ ਇਕ ਮੁਗ਼ਲ ਸਰਦਾਰ ਦੇ ਸੀਨੇ ਵਿਚ ਸ਼ਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਨੇ ਏਨੇ ਰੂਹਾਨੀ ਬਲ ਤੇ ਆਤਮਿਕ ਵਿਸ਼ਵਾਸ ਦੇ ਨਾਲ ਨੇਜ਼ਾ ਮਾਰਿਆ ਕਿ

ਉਹ ਲੋਹੇ ਦੇ ਸੰਗਲਾਂ ਵਾਲੀ ਸੰਜੋਅ ਨੂੰ ਕੱਟ ਕੇ ਪਠਾਨ ਸਿਪਾਹਸਲਾਰ ਦੇ ਸੀਨੇ ਦੇ ਆਰ-ਪਾਰ ਹੋ ਗਿਆ ਸੀ। ਇਸੇ ਤਰ੍ਹਾਂ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਚਮਕੌਰ ਦੀ ਜੰਗ ਵਿਚ ਹੀ ਲੋਹੇ ਦੀ ਜ਼ਰਾਬਕਤ (ਸਿਰ ਤੋਂ ਲੈ ਕੇ ਪੈਰਾਂ ਤਕ ਸੁਰੱਖਿਆ ਪ੍ਰਦਾਨ ਕਰਨ ਲਈ ਲੋਹੇ ਦਾ ਕਵਚ) ਦੇ ਨਾਲ ਸਿਰ ਤੋਂ ਪੈਰਾਂ ਤਾਈਂ ਲਪੇਟੇ ਇਕ ਮੁਗਲ ਜਰਨੈਲ ਨੂੰ ਆਪਣੀ ਸ਼ਮਸ਼ੀਰ ਦੇ ਨਾਲ ਮੁਕਤੀ ਬਖ਼ਸ਼ੀ ਸੀ।

ਸਿੱਖ ਮਿਸਲਾਂ ਜਾਂ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵੇਲੇ ਜੰਗਾਂ-ਯੁੱਧਾਂ ਦੌਰਾਨ ਸਿੱਖਾਂ ਦੁਆਰਾ ਲੋਹ-ਟੋਪ ਪਾਉਣਾ ਤਾਂ ਦੂਰ ਸਗੋਂ ਇਤਿਹਾਸ 'ਚ ਜ਼ਿਕਰ ਮਿਲਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਨੇ ਸਾਰੀ ਉਮਰ ਆਪਣੇ ਸਿਰ 'ਤੇ ਇਸ ਕਰਕੇ ਬਾਦਸ਼ਾਹੀ ਤਾਜ ਤਕ ਨਹੀਂ ਪਹਿਨਿਆ ਸੀ ਕਿ ਉਸ ਦੇ ਨਾਲ ਗੁਰੂ ਸਾਹਿਬਾਨ ਵੱਲੋਂ ਬਖ਼ਸ਼ੀ ਹੋਈ ਦਸਤਾਰ ਦੀ ਪਾਤਸ਼ਾਹੀ ਸ਼ਾਨ ਨੂੰ ਠੇਸ ਪੁੱਜਦੀ ਹੈ। ਭਾਰਤ ਦੀ ਜੰਗ-ਏ-ਆਜ਼ਾਦੀ ਦੌਰਾਨ ਜਦੋਂ ਭਾਈ ਰਣਧੀਰ ਸਿੰਘ ਨੂੰ ਅੰਗਰੇਜ਼ ਹਕੂਮਤ ਦੇ ਖ਼ਿਲਾਫ਼ ਵਿਦਰੋਹ ਦੇ ਦੋਸ਼ 'ਚ ਉਮਰ ਕੈਦ ਹੋਈ ਤਾਂ ਮੁਲਤਾਨ ਜੇਲ੍ਹ 'ਚ ਉਨ੍ਹਾਂ ਨੂੰ ਕੈਦੀਆਂ ਵਾਲੀ ਵਰਦੀ ਸਮੇਤ ਟੋਪੀ ਪਹਿਨਣ ਲਈ ਕਿਹਾ ਗਿਆ। ਉਨ੍ਹਾਂ ਨੂੰ ਕਿਹਾ ਗਿਆ ਕਿ ਬਿਪਤਾ ਕਾਲ ਵੇਲੇ ਜਿਸ ਤਰ੍ਹਾਂ ਵੀ ਧਰਮ ਨਿਭਦਾ ਹੋਵੇ, ਨਿਭਾ ਲੈਣਾ ਚਾਹੀਦਾ ਹੈ। ਪਰ ਭਾਈ ਰਣਧੀਰ ਸਿੰਘ ਦਾ ਦ੍ਰਿੜ੍ਹ ਨਿਸ਼ਚਾ ਸੀ ਕਿ ਸਿੱਖ ਦੇ ਧਰਮ ਤੇ ਸਿੱਦਕ ਦੀ ਪਰਖ ਹੀ ਬਿਪਤਾ ਵੇਲੇ ਹੁੰਦੀ ਹੈ। ਭਾਈ ਸਾਹਿਬ ਨੇ ੪੦ ਦਿਨ ਦੀ ਕੜਾਕੇ ਦੀ ਭੁੱਖ ਹੜਤਾਲ (ਪਾਣੀ ਤਕ ਮੂੰਹ ਨੂੰ ਨਹੀਂ ਲਾਇਆ) ਰੱਖ ਕੇ ਆਪਣੇ ਸਿੱਦਕ ਅਤੇ ਸਿਰੜ ਦੇ ਅੱਗੇ ਜੇਲ੍ਹ ਪ੍ਰਸ਼ਾਸਨ ਨੂੰ ਝੁਕਣ ਲਈ ਮਜਬੂਰ ਕਰ ਦਿੱਤਾ ਅਤੇ ਆਖ਼ਰਕਾਰ ਸਿੱਖ ਕੈਦੀਆਂ ਨੂੰ ਟੋਪੀ ਦੀ ਥਾਂ ਦਸਤਾਰ ਸਮੇਤ ਪੰਜ ਕਕਾਰ ਪਹਿਨਣ ਦੀ ਖੁੱਲ੍ਹ ਦੇ ਦਿੱਤੀ ਗਈ।

ਅਜ਼ਾਦ ਭਾਰਤ ਅੰਦਰ ਫ਼ੌਜ ਦੀਆਂ ਸਿੱਖ ਰੈਜੀਮੈਂਟਾਂ ਨੇ ੧੯੪੮, ੧੯੬੨, ੧੯੬੫, ੧੯੭੧ ਅਤੇ ੧੯੯੯ ਈ. ਦੀ ਕਾਰਗਿਲ ਜੰਗ ਦੌਰਾਨ ਸਿੱਖੀ ਜਜ਼ਬੇ ਅਤੇ ਰੂਹਾਨੀ ਭਰੋਸੇ ਦੇ ਨਾਲ ਬਗੈਰ ਲੋਹ-ਟੋਪ ਤੋਂ ਅਹਿਮ ਭੂਮਿਕਾ ਨਿਭਾਈ।

ਸੰਨ ੧੯੬੫ ਈ. ਦੀ ਭਾਰਤ-ਪਾਕਿ ਜੰਗ ਦੌਰਾਨ ਜਦੋਂ ਪਾਕਿਸਤਾਨ ਦੁਨੀਆ ਵਿਚ ਅਜਿੱਤ ਸਮਝੇ ਜਾਂਦੇ ਪੈਟਨ ਟੈਂਕਾਂ ਦੇ ਨਾਲ ਲੈੱਸ ਹੋ ਕੇ ਭਾਰੂ ਪੈਂਦਾ ਹੋਇਆ ਸਰਹੱਦ ਤੋਂ ਪੰਜ ਕਿਲੋਮੀਟਰ ਭਾਰਤੀ ਖੇਤਰ ਅੰਦਰ ਦਾਖ਼ਲ ਹੋ ਗਿਆ ਸੀ ਤਾਂ ਇਕ ਵਾਰ ਤਾਂ ਭਾਰਤੀ ਫੌਜ ਦੇ ਆਲ੍ਹਾ-ਕਮਾਨਾਂ ਨੇ ਸਵੀਕਾਰ ਕਰ ਲਿਆ ਸੀ ਕਿ ਹੁਣ ਪੰਜਾਬ ਦਾ ਸਰਹੱਦੀ ਜ਼ਿਲ੍ਹਾ ਅੰਮ੍ਰਿਤਸਰ ਤੇ ਕੁਝ ਹੋਰ ਸਰਹੱਦੀ ਇਲਾਕੇ ਤਾਂ ਪਾਕਿਸਤਾਨ ਦੇ ਕਬਜ਼ੇ ਹੇਠ ਜਾਣਗੇ ਹੀ ਪਰ ਹੁਣ ਆਪਣੀ ਫੌਜ ਨੂੰ ਸਰਹੱਦ ਤੋਂ ਪਿਛਾਂਹ ਹਟਾ ਕੇ ਬਿਆਸ ਦਰਿਆ ਤਕ ਲੈ ਆਂਦਾ ਜਾਵੇ ਤਾਂ ਜੋ ਪਾਕਿਸਤਾਨੀ ਫੌਜ ਦਰਿਆ ਬਿਆਸ ਤੋਂ ਅੱਗੇ ਨਾ ਵੱਧ ਸਕੇ ਪਰ ਉਸ ਵੇਲੇ ਪੱਛਮੀ ਕਮਾਂਡ ਦੇ ਫੌਜ ਮੁਖੀ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ

ਨੇ ਕੋਈ ਲੋਹ-ਟੋਪ ਨਹੀਂ ਪਹਿਨਿਆ ਹੋਇਆ ਸੀ, ਜਿਨ੍ਹਾਂ ਨੇ ਆਪਣੇ ਆਲ੍ਹਾ ਅਫਸਰਾਂ ਦੇ ਹੁਕਮ ਨੂੰ ਪਾਸੇ ਰੱਖ ਕੇ ਵਾਹਗਾ ਅਤੇ ਖੇਮਕਰਨ ਸਰਹੱਦੀ ਮੋਰਚਿਆਂ 'ਤੇ ਹੀ ਲੜ ਕੇ ਨਾ-ਸਿਰਫ ਪਾਕਿਸਤਾਨ ਨੂੰ ਲੋਹੇ ਦੇ ਚਣੇ ਚਬਾਉਂਦਿਆਂ ਪੁੱਠੇ ਪੈਰੀਂ ਮੁੜਣ ਲਈ ਮਜਬੂਰ ਕਰ ਦਿੱਤਾ ਬਲਕਿ ਉਨ੍ਹਾਂ ਪੰਜਾਬ ਦੀ ਦੁਬਾਰਾ ਵੰਡ ਹੋਣੋਂ ਵੀ ਰੋਕ ਲਈ। ਜਦੋਂਕਿ ਦੂਜੇ ਪਾਸੇ ਉਸ ਵੇਲੇ ਪਾਕਿਸਤਾਨੀ ਫੌਜ ਜੋ ਭਾਰਤ ਦੇ ਸਰਹੱਦੀ ਸੈਕਟਰ ਖੇਮਕਰਨ ਤੋਂ ਪੰਜ ਕਿਲੋਮੀਟਰ ਅੱਗੇ ਵੱਧ ਆਈ ਸੀ, ਇਸ ਤੋਂ ਪਹਿਲਾਂ ਉਸ ਵੇਲੇ ਸਰਹੱਦ 'ਤੇ ਤਾਇਨਾਤ ਭਾਰਤੀ ਫੌਜ ਦੀ ਇਕ ਲੋਹ-ਟੋਪ ਧਾਰੀਆਂ ਦੀ ਇਕ ਯੂਨਿਟ ਨੇ ਪਿੱਛੇ ਹਟ ਕੇ ਆਪਣੀ ਜਾਨ ਬਚਾਉਣ ਵਿਚ ਭਲਾਈ ਸਮਝੀ ਸੀ। ਸਾਡੀ ਭਾਵਨਾ ਇੱਥੇ ਕਿਸੇ ਗ਼ੈਰ-ਸਿੱਖ ਭਾਈਚਾਰੇ ਦੀ ਬਹਾਦਰੀ ਜਾਂ ਅਣਖ ਨੂੰ ਛੁਟਿਆਉਣਾ ਨਹੀਂ ਬਲਕਿ ਇਹ ਦਰਸਾਉਣਾ ਹੈ ਕਿ ਜੰਗ ਵਿਚ ਲੜਨ ਲਈ ਜਜ਼ਬੇ ਅਤੇ ਦਲੇਰੀ ਦਾ ਹੋਣਾ ਮੁੱਖ ਲੋੜ ਹੈ ਨਾ ਕਿ ਲੋਹ ਟੋਪ ਦਾ ਪਹਿਨਣਾ। ਦਸਤਾਰਧਾਰੀ ਸਿੱਖ ਫੌਜ ਕਿਸੇ ਵੀ ਰੂਪ ਵਿਚ ਲੋਹ-ਟੋਪਧਾਰੀ ਫੌਜਾਂ ਨਾਲੋਂ ਬਹਾਦਰੀ ਜਾਂ ਜੰਗ ਦੇ ਮੈਦਾਨ ਵਿਚ ਜੂਝਣ ਦੇ ਜਜ਼ਬੇ ਵਿਚ ਪਿੱਛੇ ਨਹੀਂ ਹੋ ਸਕਦੀ।

ਇਸੇ ਤਰ੍ਹਾਂ ੧੯੭੧ ਈ. ਦੀ ਭਾਰਤ-ਪਾਕਿ ਜੰਗ ਦੌਰਾਨ ਪਠਾਨ ਜਰਨੈਲ ਅਮੀਰ ਅਬਦੁੱਲਾ ਖ਼ਾਨ ਨਿਆਜ਼ੀ ਦੀ ਅਗਵਾਈ ਹੇਠ ੯੩ ਹਜ਼ਾਰ ਪਾਕਿਸਤਾਨੀ ਫੌਜਾਂ ਤੋਂ ਹਥਿਆਰ ਸੁਟਵਾਉਣ ਵਾਲੇ ਭਾਰਤੀ ਫ਼ੌਜ ਦੇ ਜਨਰਲ ਜਗਜੀਤ ਸਿੰਘ ਅਰੋੜਾ, ਦੂਜੀ ਸੰਸਾਰ ਜੰਗ, ੧੯੪੭ ਈ. ਦੇ ਪਾਕਿਸਤਾਨੀ ਹਮਲੇ, ੧੯੬੨ ਈ. ਦੀ ਭਾਰਤ-ਚੀਨ ਜੰਗ, ੧੯੬੫ ਅਤੇ ੧੯੭੧ ਈ. ਦੇ ਭਾਰਤ-ਪਾਕਿਸਤਾਨ ਯੁੱਧ ਅਤੇ ਬੰਗਲਾਦੇਸ਼ ਦੀ ਅਜ਼ਾਦੀ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਜਨਰਲ ਸੁਬੇਗ ਸਿੰਘ ਨੇ ਵੀ ਏਨੇ ਜ਼ੋਖ਼ਮ ਭਰੀਆਂ ਫੌਜੀ ਕਾਰਵਾਈਆਂ ਦੌਰਾਨ ਵੀ ਕਦੇ ਲੋਹ-ਟੋਪ ਨਹੀਂ ਪਾਇਆ ਸੀ। ਉਨ੍ਹਾਂ ਨੇ ਏਨੇ ਸਾਹਸ ਅਤੇ ਬਹਾਦਰੀ ਭਰੇ ਪ੍ਰਦਰਸ਼ਨ ਸਿਰਫ਼ ਦਸਤਾਰ ਤੋਂ ਮਿਲਦੇ ਰੂਹਾਨੀ ਜਜ਼ਬੇ ਕਾਰਨ ਹੀ ਕੀਤੇ ਸਨ।

ਕਾਰਗਿਲ ਜੰਗ ਦੇ ਜੇਤੂ ਸੇਵਾ-ਮੁਕਤ ਬ੍ਰਿਗੇਡੀਅਰ ਮਹਿੰਦਰ ਪ੍ਰਤਾਪ ਸਿੰਘ ਬਾਜਵਾ ਦਾ ਮੰਨਣਾ ਹੈ ਕਿ ਜੰਗ ਦੇ ਮੈਦਾਨ ਵਿਚ ਸਿੱਖ ਫ਼ੌਜੀਆਂ ਨੂੰ ਉਨ੍ਹਾਂ ਦੇ ਅੰਦਰਲਾ ਸਿੱਖੀ ਜਜ਼ਬਾ ਅਤੇ ਦਸਤਾਰ ਦਾ ਸ੍ਵੈਮਾਣ ਹੀ ਦੂਜੇ ਫ਼ੌਜੀਆਂ ਨਾਲੋਂ ਨਿਆਰਾਪਨ ਦਿੰਦਾ ਹੈ ਪਰ ਜਦੋਂ ਸਿੱਖ ਫ਼ੌਜੀਆਂ ਨੂੰ ਵੀ ਲੋਹ-ਟੋਪ ਪਹਿਨਾ ਦਿੱਤਾ ਗਿਆ ਤਾਂ ਇਸ ਦੇ ਨਾਲ ਜੰਗ ਦੇ ਮੈਦਾਨ ਵਿਚ ਲੜਣ ਦਾ ਵਿਲੱਖਣ ਤੇ ਅਦਭੁਤ ਵਿਰਾਸਤੀ ਜਜ਼ਬਾ ਸਿੱਖ ਫ਼ੌਜੀਆਂ ਦੇ ਅੰਦਰ ਨਹੀਂ ਰਹੇਗਾ। ਉਹ ਦੱਸਦੇ ਹਨ ਕਿ ਉਨ੍ਹਾਂ ੧੯੯੯ ਈ. ਵਿਚ ੮-ਸਿੱਖ ਰੈਜੀਮੈਂਟ ਦੇ ਕੇਵਲ ੫੦ ਸਿੱਖ ਜਵਾਨਾਂ ਦੇ ਨਾਲ ਹੀ 'ਟਾਈਗਰ ਹਿੱਲ' ਉੱਪਰ ਜਿੱਤ ਪ੍ਰਾਪਤ ਕਰ ਲਈ ਸੀ, ਜਿਸ ਤੋਂ ਬਾਅਦ ਪਾਕਿਸਤਾਨੀ ਫ਼ੌਜ ਦੇ ਇਕ ਜਰਨੈਲ ਦਾ ਬਿਆਨ ਆਇਆ ਸੀ ਕਿ, ਜਿਸ ਵੇਲੇ ਅਸੀਂ ਟਾਈਗਰ ਹਿੱਲ 'ਤੇ ਪੱਗਾਂ ਵਾਲੇ

ਸਿੱਖ ਫ਼ੌਜੀਆਂ ਨੂੰ ਜੈਕਾਰੇ ਲਾਉਂਦੇ ਵੇਖਿਆ ਤਾਂ ਸਾਡਾ ਹੌਂਸਲਾ ਉਸੇ ਵੇਲੇ ਹੀ ਪਸਤ ਹੋ ਗਿਆ ਸੀ।

੧ ਅਗਸਤ, ੨੦੧੦ ਨੂੰ 'ਦ ਟ੍ਰਿਬਿਊਨ' ਅਖ਼ਬਾਰ ਵਿਚ ਸੇਵਾ-ਮੁਕਤ ਮੇਜਰ ਜਨਰਲ ਕੁਲਵੰਤ ਸਿੰਘ ਦਾ ਇਕ ਲੇਖ ਛਪਿਆ ਸੀ, 'Symbol of Faith' (ਵਿਸ਼ਵਾਸ ਦਾ ਪ੍ਰਤੀਕ), ਜਿਸ ਦੇ ਵਿਚ ਉਨ੍ਹਾਂ ਭਾਰਤ ਦੇ ਫੌਜੀ ਇਤਿਹਾਸ ਅੰਦਰ ਸਿੱਖਾਂ ਦੁਆਰਾ ਦਸਤਾਰ ਤੋਂ ਮਿਲਦੀ ਰੂਹਾਨੀ ਤੇ ਭਾਵਨਾਤਮਿਕ ਸ਼ਕਤੀ ਦੇ ਨਾਲ ਕੀਤੇ ਬਹਾਦਰੀ ਦੇ ਮਹਾਨ ਪ੍ਰਦਰਸ਼ਨਾਂ ਦਾ ਜ਼ਿਕਰ ਕਰਨ ਦੇ ਨਾਲ-ਨਾਲ ਪਹਿਲੇ ਵਿਸ਼ਵ ਯੁੱਧ ਤੋਂ ਲੈ ਕੇ ਸਮੇਂ-ਸਮੇਂ ਸਿੱਖ ਫੌਜੀਆਂ ਵੱਲੋਂ ਦਸਤਾਰ ਦੀ ਸ਼ਾਨ ਨੂੰ ਬਹਾਲ ਰੱਖਣ ਲਈ ਲੋਹ-ਟੋਪ ਪਾਉਣ ਦੇ ਵਿਰੁੱਧ ਵੱਡੇ-ਵੱਡੇ ਖ਼ਤਰਿਆਂ ਦੀ ਪ੍ਰਵਾਹ ਨਾ ਕਰਨ ਦੀ ਰੌਂਗਟੇ ਖੜ੍ਹੇ ਕਰਦੀ ਅਦਭੁੱਤ ਗਾਥਾ ਬਿਆਨੀ ਹੈ। ਉਨ੍ਹਾਂ ਨੇ ਹੈਲਮੇਟ ਪਹਿਨਣ ਤੋਂ ਇਨਕਾਰ ਕਰਨ ਜਾਂ ਇੱਥੋਂ ਤਕ ਕਿ ਇਸ ਨੂੰ ਚੁੱਕਣ ਤੋਂ ਵੀ ਨਾਂਹ ਕਰਨ ਦੇ ਮਹੱਤਵਪੂਰਨ ਮਾਮਲਿਆਂ ਵਿੱਚੋਂ ਇਕ 25th MT Coy of RIASC (ਅਜੋਕੇ ASC - ਆਰਮੀ ਸਪਲਾਈ ਕੋਰ) ਦੇ ਸਿੱਖਾਂ ਨਾਲ ਸੰਬੰਧਿਤ ਘਟਨਾ ਦਾ ਜ਼ਿਕਰ ਕੀਤਾ ਹੈ, ਜੋ ਕਿ ਚੌਥੀ ਭਾਰਤੀ ਡਿਵੀਜ਼ਨ ਦਾ ਹਿੱਸਾ ਹੈ। ਸਿੱਖ ਫੌਜੀਆਂ ਨੂੰ ਲੋਹ-ਟੋਪ ਪਾਉਣ ਲਈ ਮਨਾਉਣ ਵਾਸਤੇ ਹਰ ਹੀਲਾ ਅਸਫਲ ਹੋਣ 'ਤੇ ਹੁਕਮ-ਅਦੂਲੀ ਦੀ ਸੂਰਤ ਵਿਚ ਸਜ਼ਾ-ਏ-ਮੌਤ ਤਕ ਦਾ ਡਰਾਵਾ ਦੇ ਦਿੱਤਾ ਗਿਆ ਸੀ ਪਰ ਸਾਰੇ ਸਿੱਖ ਫੌਜੀਆਂ ਦਾ ਇੱਕੋ ਨਾਅਰਾ ਸੀ, ਮੌਤ ਮਨਜ਼ੂਰ ਹੈ ਪਰ ਹੈਲਮਟ ਨਹੀਂ। ਅਖ਼ੀਰ ਵਿਚ ਬਰਤਾਨਵੀ ਫੌਜੀ ਅਧਿਕਾਰੀਆਂ ਨੂੰ ਸਿੱਖ ਫੌਜੀ ਦਸਤਾਰ ਦੀ ਮਹਾਨਤਾ ਅਤੇ ਪਰੰਪਰਾ ਬਾਰੇ ਦੱਸ ਕੇ ਸੰਤੁਸ਼ਟ ਕਰਨ ਵਿਚ ਕਾਮਯਾਬ ਰਹੇ ਕਿ ਸਿੱਖ ਦੇ ਸਿਰ ਦੀ ਹਿਫਾਜ਼ਤ ਲਈ ਦਸਤਾਰ ਜੇਕਰ ਲੋਹ-ਟੋਪ ਤੋਂ ਬਿਹਤਰ ਨਹੀਂ ਤਾਂ ਘੱਟੋ-ਘੱਟ ਉਸ ਦੇ ਜਿੰਨੀ ਸੁਰੱਖਿਅਤ ਜ਼ਰੂਰ ਹੈ।

ਅਜ਼ਾਦ ਭਾਰਤ ਅੰਦਰ ਭਾਰਤੀ ਫ਼ੌਜ ਦੀਆਂ ਸਿੱਖ ਰੈਜੀਮੈਂਟਾਂ ਵਿਚ ਹੁਣ ਤਕ ਸਿੱਖ ਰਹਿਤ ਦਾ ਨਾ-ਸਿਰਫ਼ ਖ਼ਿਆਲ ਹੀ ਰੱਖਿਆ ਜਾਂਦਾ ਰਿਹਾ ਹੈ ਸਗੋਂ ਸਿੱਖ ਫ਼ੌਜੀਆਂ ਨੂੰ ਉਸ ਦੀ ਸਖ਼ਤੀ ਨਾਲ ਪਾਲਣਾ ਵੀ ਕਰਵਾਈ ਜਾਂਦੀ ਰਹੀ ਹੈ। ਕਸ਼ਮੀਰ ਦੀ ਬਗ਼ਾਵਤ ਦੌਰਾਨ ਜਦੋਂ ਫ਼ੌਜ ਅਤੇ ਕਸ਼ਮੀਰੀ ਲੜਾਕਿਆਂ ਦੇ ਆਹਮੋ-ਸਾਹਮਣੇ ਮੁਕਾਬਲੇ ਹੋਣ ਲੱਗੇ ਤਾਂ ੧੯੯੦ ਈ. ਦੌਰਾਨ ਸਿੱਖ ਫ਼ੌਜੀਆਂ ਨੂੰ ਦਸਤਾਰਾਂ ਤੋਂ ਹੇਠਾਂ ਪਹਿਨਣ ਲਈ ਬੁਲੇਟ-ਪਰੂਫ਼ ਪਟਕੇ ਜ਼ਰੂਰ ਪਹਿਨਾਏ ਜਾਣ ਲੱਗੇ ਪਰ ਉਨ੍ਹਾਂ ਦੇ ਨਾਲ ਦਸਤਾਰ ਦੀ ਸ਼ਾਨ ਅਤੇ ਮਰਯਾਦਾ ਵਿਚ ਕੋਈ ਫ਼ਰਕ ਨਹੀਂ ਪੈਂਦਾ। ਹੁਣ ਵੀ ਭਾਰਤੀ ਫੌਜ ਵਿਚਲੇ ਸਿੱਖਾਂ ਨੂੰ ਦਿੱਤੇ ਜਾਣ ਲਈ ਜਿਹੜੇ ਲੋਹ-ਟੋਪ ਰੱਖਿਆ ਮੰਤਰਾਲੇ ਵਲੋਂ ਤਿਆਰ ਕਰਵਾਏ ਜਾ ਰਹੇ ਹਨ, ਭਾਵੇਂ ਕਿ ਦਾਅਵਾ ਕੀਤਾ ਜਾ ਰਿਹਾ ਹੈ ਕਿ ਉਹ ਸਿੱਖ ਫੌਜੀ ਜਵਾਨਾਂ ਦੇ ਸਿਰ ਦੇ ਆਕਾਰ ਨੂੰ ਧਿਆਨ ਵਿਚ ਰੱਖ ਕੇ ਤਿਆਰ ਕੀਤੇ ਜਾ ਰਹੇ ਹਨ ਤਾਂ ਜੋ ਇਹ ਲੋਹ-ਟੋਪ, ਜੋ ਕਿ ਪੰਜ ਮੀਟਰ ਦੀ

ਦੂਰੀ ਤੋਂ ਵੀ ਗੋਲੀ ਦੀ ਮਾਰ ਤੋਂ ਬਚਾਉਣ ਦੇ ਸਮਰੱਥ ਹੋਣਗੇ, ਪਹਿਨਣ ਵਿਚ ਸਿੱਖ ਫੌਜੀਆਂ ਨੂੰ ਦਿੱਕਤ ਨਾ ਆਵੇ। ਪਰ ਯਕੀਨੀ ਤੌਰ 'ਤੇ ਸਿੱਖ ਫੌਜੀ ਜਵਾਨਾਂ ਦੇ ਪੂਰੇ ਸਿਰ ਨੂੰ ਕਵਰ ਕਰਨ ਵਾਲੇ ਇਹ ਲੋਹ-ਟੋਪ ਉਪਰ ਦਿੱਤੇ ਗਏ ਇਤਿਹਾਸਿਕ, ਸਿਧਾਂਤਕ ਤੇ ਮਰਿਆਦਕ ਪਹਿਲੂਆਂ ਦੀ ਰੋਸ਼ਨੀ ਵਿਚ ਉਨ੍ਹਾਂ ਦੀ ਆਸਥਾ ਅਤੇ ਜਜ਼ਬੇ ਨੂੰ ਠੇਸ ਜ਼ਰੂਰ ਪਹੁੰਚਾਉਣਗੇ। ਭਾਰਤ ਸਰਕਾਰ ਨੂੰ ਇਸ 'ਤੇ ਮੁੜ ਗੌਰ ਕਰਨਾ ਚਾਹੀਦਾ ਹੈ ਅਤੇ ਇਸ ਦੀ ਬਜਾਇ ਸਿੱਖ ਫੌਜੀਆਂ ਨੂੰ ਨਵੀਨ ਖੋਜ ਨਾਲ ਬੁਲੇਟ ਪਰੂਫ ਕੱਪੜੇ ਵਿਚ ਵਰਤੇ ਜਾਂਦੇ ਸਾਮਾਨ ਨਾਲ ਤਿਆਰ ਕੀਤਾ ਗਿਆ ਦਸਤਾਰ ਦਾ ਕੱਪੜਾ ਦੇਣ ਬਾਰੇ ਵਿਚਾਰਿਆ ਜਾ ਸਕਦਾ ਹੈ। ਪਿਛਲੇ ਦਿਨੀਂ ਕੈਨੇਡਾ ਵਿਚ ਸਿੱਖ ਖੋਜਕਾਰਾਂ ਨੇ ਹਾਰਲੀ ਡੇਵਿਡਸਨ ਤੇ ਹੋਰਨਾਂ ਨਾਲ ਮਿਲ ਕੇ ਲੋਹ-ਟੋਪ ਦਾ ਜਵਾਬ 'Tough Turban' ਜਾਂ 'ਟਫ ਟਰਬਨ' ਈਜਾਦ ਕਰਕੇ ਦਿੱਤਾ ਹੈ। ਇਸੇ ਤਕਨੀਕ ਨੂੰ ਭਾਰਤੀ ਫੌਜ ਜਾਂ ਕੰਪਨੀਆਂ ਅੱਗੇ ਬਿਹਤਰ ਕਰਕੇ ਲੋੜੀਂਦੇ ਬਦਲ ਵਜੋਂ ਦਸਤਾਰ ਦੇ ਕੱਪੜੇ ਦੇ ਰੂਪ ਵਿਚ ਤਿਆਰ ਕਰ ਸਕਦੀਆਂ ਹਨ। ਕਿਉਂਕਿ ਬੁਨਿਆਦੀ ਰੂਪ ਵਿਚ ਸਿੱਖ ਫ਼ੌਜੀਆਂ ਨੂੰ ਲੋਹ-ਟੋਪ ਪਹਿਨਾਉਣ ਦਾ ਮਸਲਾ ਉਨ੍ਹਾਂ ਦੇ ਧਰਮ, ਮਾਣਮੱਤੇ ਇਤਿਹਾਸ, ਪਛਾਣ ਅਤੇ ਸਿੱਖੀ ਗੌਰਵ ਦੇ ਨਾਲ-ਨਾਲ ਦੇਸ਼ ਸੇਵਾ 'ਚ ਸਮਾਨਤਾ ਦੇ ਮੌਕਿਆਂ 'ਤੇ ਵੀ ਸਵਾਲ ਖੜ੍ਹੇ ਕਰੇਗਾ, ਕਿਉਂਕਿ ਜੇਕਰ ਕੋਈ ਸਿੱਖੀ ਰਹਿਤ ਵਿਚ ਪ੍ਰਪੱਕ ਸਿੱਖ ਜਵਾਨ ਫ਼ੌਜ ਰਾਹੀਂ ਦੇਸ਼ ਦੀ ਸੇਵਾ ਕਰਨਾ ਚਾਹੇਗਾ ਤਾਂ ਲਿਹਾਜ਼ਾ ਉਸ ਤੇ ਅੱਗੇ ਦੇਸ਼ ਸੇਵਾ ਜਾਂ ਧਰਮ, ਦੋਵਾਂ ਵਿੱਚੋਂ ਇਕ ਨੂੰ ਚੁਣਨ ਦਾ ਸੰਕਟ ਵੀ ਜ਼ਰੂਰ ਖੜ੍ਹਾ ਹੋਵੇਗਾ। ਇਕ ਸਿੱਖ ਦੇ ਸਾਹਮਣੇ ਧਰਮ ਤੋਂ ਉੱਪਰ ਕੁਝ ਵੀ ਨਹੀਂ ਹੁੰਦਾ। ਸੰਸਾਰ ਵਿਚ ਸਿੱਖਾਂ ਨੇ ਜਿਸ-ਜਿਸ ਦੇਸ਼ ਅੰਦਰ ਰਹਿ ਕੇ ਉਸ ਦੀ ਆਨ,ਬਾਨ, ਸ਼ਾਨ ਲਈ ਮਾਣਮੱਤਾ ਯੋਗਦਾਨ ਪਾਇਆ ਹੈ, ਉਹ ਕੇਵਲ ਤੇ ਕੇਵਲ ਆਪਣੇ ਧਰਮ ਤੋਂ ਮਿਲੀ ਦੈਵੀ ਪ੍ਰੇਰਨਾ ਸਦਕਾ ਹੀ ਪਾਇਆ ਹੈ। ਹਰੇਕ ਸੇਵਾ, ਭਾਵੇਂ ਉਹ ਸਿਵਲ ਖੇਤਰ ਦੀ ਹੋਵੇ ਤੇ ਭਾਵੇਂ ਫੌਜੀ, ਸਿੱਖ ਉਸ ਵਿਚ ਸ਼ਾਮਲ ਹੋਣ ਲੱਗਿਆਂ ਇਮਾਨਦਾਰੀ ਤੇ ਵਫਾਦਾਰੀ ਲਈ ਆਪਣੇ ਧਰਮ ਦੀ ਸਹੁੰ ਹੀ ਚੁੱਕਦੇ ਹਨ ਪਰ ਜੇਕਰ ਧਰਮ ਹੀ ਨਾ ਰਿਹਾ ਤਾਂ ਫਿਰ ਸਿੱਖ ਫੌਜੀ ਆਪਣੀ ਇਮਾਨਦਾਰੀ ਤੇ ਵਫਾਦਾਰੀ ਨੂੰ ਆਪਣੇ ਅਕੀਦੇ ਦੇ ਕਿਸ ਧੁਰਵੇ ਦੇ ਨਾਲ ਬੰਨ੍ਹਣਗੇ? ■

*ਜਨਵਰੀ ੨੦੨੩ ਦਾ ਬਾਕੀ:*

# 'ੲ', 'ਸ', 'ਹ' ਅੱਖਰ ਰਾਹੀਂ ਗੁਰ-ਉਪਦੇਸ਼

*-ਡਾ. ਇੰਦਰਜੀਤ ਸਿੰਘ ਗੋਗੋਆਣੀ**

'ੲ' (ਈੜੀ) ਗੁਰਮੁਖੀ ਵਰਨਮਾਲਾ ਦਾ ਤੀਜਾ ਅੱਖਰ ਹੈ ਅਤੇ ਸਵਰ ਹੈ। ਇਸ ਦਾ ਉਚਾਰਨ ਸਥਾਨ ਤਾਲੂ ਹੈ। ਮੁਹਾਰਨੀ ਵਿਚ ਇਸ ਦਾ ਸਥਾਨ ਤੀਜਾ-ਚੌਥਾ (ਇ. ਈ) ਤੇ ਸੱਤਵਾਂ (ਏ) ਹੈ। ਈੜੀ ਨੂੰ ਕੇਵਲ (ਸਿਹਾਰੀ, ਬਿਹਾਰੀ ਤੇ ਲਾਂ) ਤਿੰਨ ਲਗਾਂ ਹੀ ਲੱਗਦੀਆਂ ਹਨ। 'ਪੰਜਾਬ ਕੋਸ਼' ਅਨੁਸਾਰ ਚੌਥੀ ਸਦੀ ਤੋਂ ਬਦਲਦਾ ਹੋਇਆ ਇਸ ਦਾ ਵਰਤਮਾਨ ਵਾਲਾ ਸਰੂਪ ਸੋਲ੍ਹਵੀਂ ਸਦੀ ਵਿਚ ਸੰਪੂਰਨ ਹੋਇਆ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਰਚਿਤ 'ਪਟੀ' ਬਾਣੀ ਵਿਚ ਈੜੀ ਅੱਖਰ ਦੂਜੇ ਸਥਾਨ 'ਤੇ ਹੈ। ਸਤਿਗੁਰਾਂ ਨੇ ਇਸ ਨੂੰ ਈਵੜੀ ਲਿਖਿਆ ਹੈ। ਈਵੜੀ ਅੱਖਰ ਰਾਹੀਂ ਇਉਂ ਉਪਦੇਸ਼ ਹੈ:

*ਈਵੜੀ ਆਦਿ ਪੁਰਖੁ ਹੈ ਦਾਤਾ ਆਪੇ ਸਚਾ ਸੋਈ॥*
*ਏਨਾ ਅਖਰਾ ਮਹਿ ਜੋ ਗੁਰਮੁਖਿ ਬੂਝੈ ਤਿਸੁ ਸਿਰਿ ਲੇਖੁ ਨ ਹੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੨)*

ਭਾਵ ਹੇ ਭਾਈ! ਸਾਰੀ ਰਚਨਾ ਦਾ ਮੂਲ-ਵਿਆਪਕ ਪ੍ਰਭੂ (ਪੁਰਖੁ) ਹੈ, ਜੋ ਸਭਨਾ ਦਾ ਰਿਜ਼ਕ ਦਾਤਾ ਹੈ ਤੇ ਸਦਾ ਕਾਇਮ ਰਹਿਣ ਵਾਲਾ ਹੈ। ਇਨ੍ਹਾਂ ਅੱਖਰਾਂ ਰਾਹੀਂ ਜੋ ਗੁਰਮੁਖ ਹੋ ਕੇ ਗੁਰੂ ਤੋਂ ਸੋਝੀ ਪ੍ਰਾਪਤ ਕਰ ਕੇ ਸੱਚੇ ਪ੍ਰਭੂ ਨੂੰ ਸਮਝ ਲੈਂਦਾ ਹੈ ਤਾਂ ਉਸ ਦੇ ਸਿਰ ਵਿਕਾਰਾਂ ਜਾਂ ਕਰਮਾਂ ਦਾ ਲੇਖਾ ਨਹੀਂ ਰਹਿ ਜਾਂਦਾ।

'ਫ਼ਰੀਦਕੋਟੀਆ ਟੀਕਾ' ਅਨੁਸਾਰ ਇਹ ਸੰਬੋਧਨ ਪਾਂਧਾ ਜੀ ਨੂੰ ਹੈ ਕਿ— "ਹੇ ਪੰਡਿਤ ਜੀ! ਈੜੀ ਇਹ ਕਹਤੀ ਹੈ ਜੋ ਆਦਿ ਪੁਰਖ ਦਾਤਾ ਹੈ ਸੋਈ ਸੱਚਾ ਹੈ ਔਰ ਪਰਪੰਚ ਮਿਥਿਆ ਹੈ। ਸੋ ਇਨ ਅਖਰੋਂ ਹੀ ਕੇ ਅਰਥੋਂ ਮੇਂ ਜੋ ਗੁਰਮੁਖ ਸਮਝਤਾ ਹੈ, ਤਿਸਕੇ ਸਿਰ ਫਿਰ ਜਨਮ ਮਰਨ ਕਾ ਲੇਖ ਨਹੀਂ ਹੋਤਾ।"

ਪਟੀ ਬਾਣੀ ਵਿਚ 'ਰਹਾਉ' ਦੀਆਂ ਪੰਕਤੀਆਂ ਜੋ ਪੈਂਤੀ ਪਦਿਆਂ ਦੀ ਇਸ ਬਾਣੀ ਦਾ ਕੇਂਦਰੀ ਭਾਵ ਹਨ, ਉਹ ਈਵੜੀ ਤੋਂ ਪਹਿਲਾਂ ਇਸ ਪ੍ਰਕਾਰ ਹਨ:

*ਮਨ ਕਾਹੇ ਭੂਲੇ ਮੂੜ ਮਨਾ॥*
*ਜਬ ਲੇਖਾ ਦੇਵਹਿ ਬੀਰਾ ਤਉ ਪੜਿਆ॥ ਰਹਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੨)*

ਭਾਵ ਹੇ ਮਨ! ਹੇ ਮੂਰਖ (ਮੂੜ) ਮਨਾ, ਤੂੰ ਕਿਸ ਭੁਲਾਵੇ ਵਿਚ ਭੁੱਲਿਆ ਹੋਇਆ ਹੈਂ। ਜਦ ਤੂੰ ਆਪਣੇ ਕਰਮਾਂ ਦਾ ਲੇਖਾ ਜਾਂ ਹਿਸਾਬ ਦੇਵੇਂਗਾ ਤਾਂ ਹੇ ਵੀਰ (ਬੀਰਾ) ਤਦ

**ਪ੍ਰਿੰਸੀਪਲ, ਖਾਲਸਾ ਕਾਲਜ ਸੀ. ਸੈ. ਸਕੂਲ, ਜੀ. ਟੀ. ਰੋਡ, ਸ੍ਰੀ ਅੰਮ੍ਰਿਤਸਰ- ੧੪੩੦੦੨; ਮੋ. +੯੧੯੮੧੫੯੮੫੫੫੯*

ਹੀ ਤੂੰ ਪੜ੍ਹਿਆ ਹੋਇਆ ਸਮਝਿਆ ਜਾਵੇਂਗਾ। ਇਨ੍ਹਾਂ ਪੰਕਤੀਆਂ ਦਾ ਕੇਂਦਰੀ ਭਾਵ ਦੱਸਦਿਆਂ ਪ੍ਰੋ. ਸਾਹਿਬ ਸਿੰਘ ਨੇ ਲਿਖਿਆ ਹੈ— "ਪੜ੍ਹ ਕੇ ਵਿਦਵਾਨ ਹੋ ਜਾਣਾ ਜ਼ਿੰਦਗੀ ਦਾ ਅਸਲੀ ਮਨੋਰਥ ਨਹੀਂ ਹੈ, ਉਹੀ ਮਨੁੱਖ ਕਾਮਯਾਬ ਜੀਵਨ ਵਾਲਾ ਕਿਹਾ ਜਾ ਸਕਦਾ ਹੈ ਜਿਸ ਦੇ ਅਮਲ ਚੰਗੇ ਹਨ।" ਇੱਕ ਹੋਰ ਵਿਦਵਾਨ ਅਨੁਸਾਰ— "ਇੱਥੇ ਸਿੱਖਿਆ ਦਾ ਮੰਤਵ ਅੰਤਰੀਵ ਪਰਿਵਰਤਨ ਲਿਆਉਣਾ ਹੈ ਤਾਂ ਕਿ ਮਨੁੱਖ ਆਪਣੇ ਗਿਆਨ ਦੁਆਰਾ ਅਮਲੀ ਜੀਵਨ ਵਿਚ ਠੀਕ ਸੇਧ ਦੇ ਸਕੇ ਅਤੇ ਅਜਿਹੀ ਸਿੱਖਿਆ ਦਾ ਕੋਈ ਲਾਭ ਨਹੀਂ, ਜਿਸ ਨਾਲ ਕਰਮਾਂ ਦੇ ਬੰਧਨ ਤੋਂ ਮੁਕਤੀ ਨਾ ਹੋ ਸਕੇ।"

ਹੁਣ ਗੁਰਮੁਖ ਨੇ ਭਾਵੇਂ ਬੁੱਝਣਾ ਹੈ ਤੇ ਭਾਵੇਂ ਲੇਖਾ ਦੇਣਾ ਹੈ, ਇਹ ਉਸ ਦੇ ਜੀਵਨ ਕਰਮ ਅਨੁਸਾਰ ਹੋਵੇਗਾ। ਗੁਰਬਾਣੀ ਵਿਚ ਕਰਮ ਸ਼ਬਦ ਬਹੁ-ਅਰਥੀ ਹੈ ਤੇ ਇਸ ਦੇ ਪ੍ਰਕਰਣ ਅਨੁਸਾਰ ਹੀ ਅਰਥ ਸਪੱਸ਼ਟ ਹੁੰਦੇ ਹਨ। 'ਸ੍ਰੀ ਗੁਰੂ ਗ੍ਰੰਥ ਕੋਸ਼' ਅਨੁਸਾਰ ਕਰਮ-ਸੰਸਕ੍ਰਿਤ: ਕਰਮਮ; (੧) ਜੋ ਕੀਤਾ ਜਾਵੇ, ਕੰਮ, ਕਾਰਜ (੨) ਕਿਸਮਤ ਜਾਂ ਭਾਗ (੩) ਬਖਸ਼ਿਸ਼ (ਅਰਬੀ)।

'ਮਹਾਨ ਕੋਸ਼' ਅਨੁਸਾਰ ਵਿਦਵਾਨਾਂ ਨੇ ਕਰਮ ਦੇ ਤਿੰਨ ਭੇਦ ਥਾਪੇ ਹਨ- (ੳ) ਕ੍ਰਿਯਮਾਣ-ਜੋ ਕਰਮ ਹੁਣ ਕੀਤੇ ਜਾ ਰਹੇ ਹਨ, (ਅ) ਪ੍ਰਾਰਬਧ-ਜਿਨ੍ਹਾਂ ਕਰਮਾਂ ਕਰਕੇ ਇਹ ਵਰਤਮਾਨ ਦੇਹ ਪ੍ਰਾਪਤ ਹੋਈ ਹੈ,(ੲ) ਸੰਚਿਤ-ਉਹ ਕਰਮ ਜੋ ਜਨਮਾਂ ਦੇ ਬਾਕੀ ਚਲੇ ਆਉਂਦੇ ਹਨ ਤੇ ਜਿਨ੍ਹਾਂ ਦਾ ਭੋਗ ਅਜੇ ਨਹੀਂ ਭੋਗਿਆ।

ਤੱਤਸਾਰ ਕਿ ਈੜੀ (ਈਵੜੀ) ਅੱਖਰ ਰਾਹੀਂ ਇਹ ਉਪਦੇਸ਼ ਹੈ ਕਿ ਇਨਸਾਨ-ਗੁਰੂ ਦੀ ਮੱਤ ਅਨੁਸਾਰ ਗੁਰਮੁਖ ਹੋ ਕੇ ਕਰਮ (ਕਿਰਿਆ) ਕਰੇ ਤਾਂ, ਬਖਸ਼ਿਸ਼ (ਕਰਮ) ਦਾ ਪਾਤਰ ਬਣੇਗਾ ਤੇ ਆਦਿ ਪੁਰਖ ਦਾਤੇ ਦੇ ਸੱਚ ਨੂੰ ਗ੍ਰਹਿਣ ਕੀਤਿਆਂ ਭਾਗ (ਕਰਮ) ਸੰਵਰੇਗਾ। ਇੱਥੇ ਸੰਸਾਰ ਦੀਆਂ ਚਤੁਰਾਈਆਂ ਤੇ ਬੁਰਿਆਈਆਂ ਤੋਂ ਉੱਪਰ ਉਠ ਕੇ ਚੰਗਿਆਈਆਂ ਧਾਰਨ ਕਰਨ ਦੀ ਪ੍ਰੇਰਨਾ ਹੈ। ਇਸ ਵਿਚ ਸੰਸਾਰੀ ਤੇ ਕਰਤਾਰੀ ਵਿੱਦਿਆ ਦਾ ਮਹਾਨ ਸਬਕ ਹੈ।

## 'ਸ' ਅੱਖਰ ਰਾਹੀਂ ਗੁਰ ਉਪਦੇਸ਼

'ਸ' (ਸੱਸਾ) ਗੁਰਮੁਖੀ ਵਰਣਮਾਲਾ ਦਾ ਚੌਥਾ ਅੱਖਰ ਹੈ ਤੇ ਪਹਿਲਾ ਵਿਅੰਜਨ ਹੈ। ਗੁਰਮੁਖੀ ਲਿਪੀ ਦੇ ਤਿੰਨ ਸ੍ਵਰ (Vowels) ਅੱਖਰ ੳ, ਅ, ੲ, ਹਨ ਅਤੇ ਅੱਗੋਂ ਇਹ ਦਸ ਸ੍ਵਰ ਧੁਨੀਆਂ ਦੇ ਰੂਪ ਵਿਚ ਆਉਂਦੇ ਹਨ। ਪੈਂਤੀ ਅੱਖਰਾਂ ਵਿੱਚੋਂ ਬਾਕੀ ਸ ਤੋਂ ੜ ਤਕ ੩੨ ਵਿਅੰਜਨ (Consonants) ਹਨ। ਵਿਅੰਜਨ ਤੋਂ ਭਾਵ ਵਰਣਮਾਲਾ ਦੇ ਉਹ ਅੱਖਰ ਜੋ ਸ੍ਵਰ ਦੀ ਸਹਾਇਤਾ ਤੋਂ ਬਿਨਾਂ ਬੋਲੇ ਨਹੀਂ ਜਾ ਸਕਦੇ। ਸੱਸਾ ਦਾ ਉਚਾਰਨ ਸਥਾਨ ਦੰਦਾਂ ਤੋਂ ਹੈ ਤੇ ਇਸ ਨੂੰ ਦੰਤਵੀ ਸ਼੍ਰੇਣੀ ਦੇ ਅੱਖਰਾਂ ਵਿਚ ਗਿਣਿਆ ਜਾਂਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਰਚਿਤ 'ਪਟੀ' ਬਾਣੀ ਵਿਚ ਸੱਸਾ ਦਾ ਸਥਾਨ

ਪਹਿਲਾ ਹੈ ਤੇ ਇਸ ਅੱਖਰ ਰਾਹੀਂ ਇਉਂ ਉਪਦੇਸ਼ ਬਖਸ਼ਿਆ ਹੈ:

*ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬੁ ਏਕੁ ਭਇਆ॥*
*ਸੇਵਤ ਰਹੇ ਚਿਤੁ ਜਿਨ੍ ਕਾ ਲਾਗਾ ਆਇਆ ਤਿਨ੍ ਕਾ ਸਫਲੁ ਭਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੨)*

ਭਾਵ ਕਿ ਉਹ ਇੱਕ ਪ੍ਰਭੂ ਹੀ ਸਾਰੇ ਜੀਵਾਂ ਦਾ ਮਾਲਕ (ਸਾਹਿਬੁ) ਹੈ, ਜਿਸ ਨੇ ਜੱਗ ਦੀ ਰਚਨਾ ਕੀਤੀ ਹੈ। ਜੋ ਉਸ ਪ੍ਰਭੂ ਨੂੰ ਸਿਮਰਦੇ (ਸੇਵਦੇ) ਰਹੇ ਤੇ ਜਿਨ੍ਹਾਂ ਦਾ ਚਿੱਤ ਉਸ ਵਿਚ ਲੱਗ ਗਿਆ, ਉਨ੍ਹਾਂ ਦਾ ਹੀ ਇਸ ਸੰਸਾਰ ਵਿਚ ਆਉਣਾ ਸਫਲ ਹੋਇਆ ਹੈ।

ਇਸੇ ਤਰ੍ਹਾਂ 'ਰਾਮਕਲੀ ਮਹਲਾ ੧ ਦਖਣੀ ਓਅੰਕਾਰ' ਬਾਣੀ ਵਿਚ ਵੀ ਸੱਸਾ ਅੱਖਰ ਰਾਹੀਂ ਇਉਂ ਉਪਦੇਸ਼ ਹੈ:

*ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ॥*
*ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣਿ ਲੈ ਮਾਣਕ ਮੋਤੀ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੯੩੦)*

ਭਾਵ ਕਿ ਸਸੈ ਅੱਖਰ ਰਾਹੀਂ ਸਮਝੋ ਕਿ ਉਸ ਪ੍ਰਭੂ ਨੇ ਸਾਰਾ ਜੱਗ ਸਹਿਜੇ ਹੀ ਪੈਦਾ ਕੀਤਾ ਹੈ ਅਤੇ ਤੀਨਿ ਭਵਨ (ਆਕਾਸ਼, ਪਾਤਾਲ ਤੇ ਮਾਤ ਲੋਕ) ਵਿਚ ਇੱਕੋ ਜੋਤ ਹੈ। ਜੋ ਮਨੁੱਖ ਗੁਰਮੁਖ ਹੋ ਕੇ ਗੁਰੂ ਦੇ ਦੱਸੇ ਮਾਰਗ 'ਤੇ ਤੁਰਦਾ, ਉਹ ਨਾਮ ਰੂਪੀ ਕੀਮਤੀ ਧਨ ਇਕੱਠਾ ਕਰ ਲੈਂਦਾ ਹੈ।

'ਬਾਵਨ ਅਖਰੀ ਕਬੀਰ ਜੀਉ ਕੀ' ਬਾਣੀ ਵਿਚ ਵੀ ਸੱਸਾ ਅੱਖਰ ਰਾਹੀਂ ਇਉਂ ਵਰਣਨ ਹੈ:

*ਸਸਾ ਸੋ ਨੀਕਾ ਕਰਿ ਸੋਧਹੁ॥ ਘਟ ਪਰਚਾ ਕੀ ਬਾਤ ਨਿਰੋਧਹੁ॥*
*ਘਟ ਪਰਚੈ ਜਉ ਉਪਜੈ ਭਾਉ॥ ਪੂਰਿ ਰਹਿਆ ਤਹ ਤ੍ਰਿਭਵਣ ਰਾਉ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੨)*

ਭਾਵ-ਉਸ ਪ੍ਰਭੂ ਨੂੰ (ਸੋ) ਚੰਗੀ ਤਰ੍ਹਾਂ (ਨੀਕਾ ਕਰਿ) ਯਾਦ ਕਰੋ (ਸੋਧਹੁ) ਤੇ ਆਪਣੇ ਮਨ (ਘਟ) ਨੂੰ, ਪ੍ਰਭੂ ਸਾਂਝ (ਪਰਚਾ) ਦੀਆਂ ਬਾਤਾਂ ਵਿਚ ਟਿਕਾਓ (ਨਿਰੋਧਹੁ) ਤੇ ਫਿਰ ਮਨ ਪਰਚਿਆਂ ਜਦੋਂ ਪ੍ਰੇਮ (ਭਾਉ) ਉਪਜਦਾ ਹੈ ਤਾਂ ਪ੍ਰਭੂ ਤਿੰਨਾਂ ਭਵਨਾ ਵਿਚ ਵਿਆਪਕ ਦਿੱਸਦਾ ਹੈ।

ਸੱਸਾ ਅੱਖਰ ਰਾਹੀਂ ਸ੍ਰੀ ਗੁਰੂ ਅਮਰਦਾਸ ਜੀ 'ਰਾਗ ਆਸਾ ਮਹਲਾ ੩ ਪਟੀ' ਬਾਣੀ ਵਿਚ ਸਮਕਾਲੀ ਪ੍ਰੋਹਿਤ ਜਮਾਤ ਨੂੰ ਇਉਂ ਉਪਦੇਸ਼ ਦ੍ਰਿੜ੍ਹਾਉਂਦੇ ਹਨ:

*ਸਸੈ ਸੰਜਮੁ ਗਇਓ ਮੂੜੇ ਏਕੁ ਦਾਨੁ ਤੁਧੁ ਕੁਥਾਇ ਲਇਆ॥*
*ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੫)*

ਭਾਵ-ਹੇ ਪ੍ਰੋਹਿਤ! ਤੇਰਾ ਆਪਣਾ ਸੰਜਮ ਨਹੀਂ ਰਿਹਾ ਤੇ ਤੂੰ ਲਾਲਚ ਵਿਚ

ਕੁਥਾਇ ਦਾਨ ਲੈ ਲਿਆ ਹੈ। ਆਪਣੇ ਜਜਮਾਨ (ਮਾਲਕ ਜਾਂ ਪ੍ਰੋਹਿਤ ਪਾਸੋਂ ਜੱਗ ਕਰਵਾਉਣ ਵਾਲੇ) ਦੀ ਸਪੁੱਤਰੀ ਦਾ ਵਿਆਹ ਕਰਵਾ ਕੇ ਦਾਨ ਲੈਣਾ ਕੁਥਾਂ ਇਸ ਲਈ ਹੈ, ਕਿਉਂਕਿ ਜਜਮਾਨ ਦੀ ਧੀ ਤੇਰੀ ਆਪਣੀ ਧੀ ਵਾਂਗ ਹੈ ਤੇ ਅਜਿਹਾ ਧਾਨ ਖਾ ਕੇ ਤੇਰਾ ਆਤਮਿਕ ਜੀਵਨ ਨਹੀਂ ਰਿਹਾ।

ਪੰਚਮ ਪਾਤਸ਼ਾਹ ਰਚਿਤ ਬਾਣੀ 'ਗਉੜੀ ਬਾਵਨ ਅਖਰੀ ਮਹਲਾ ੫' ਵਿਚ ਸੱਸਾ ਅੱਖਰ ਰਾਹੀਂ ਪਵੜੀ (ਪਉੜੀ) ਦੀਆਂ ਪਹਿਲੀਆਂ ਚਾਰ ਪੰਕਤੀਆਂ ਵਿਚ ਇਉਂ ਉਪਦੇਸ਼ ਹੈ:

*ਸਸਾ ਸਤਿ ਸਤਿ ਸਤਿ ਸੋਊ॥*
*ਸਤਿ ਪੁਰਖ ਤੇ ਭਿੰਨ ਨ ਕੋਊ॥*
*ਸੋਊ ਸਰਨਿ ਪਰੈ ਜਿਹ ਪਾਯੰ॥*
*ਸਿਮਰਿ ਸਿਮਰਿ ਗੁਨ ਗਾਇ ਸੁਨਾਯੰ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੨੫੦)*

ਭਾਵ-ਉਹ ਪ੍ਰਭੂ ਸਦੀਵ ਥਿਰ ਰਹਿਣ ਵਾਲਾ ਹੈ ਤੇ ਉਸ ਤੋਂ ਵੱਖਰੀ ਹਸਤੀ ਵਾਲਾ ਹੋਰ ਕੋਈ ਨਹੀਂ ਹੈ। ਉਹੀ ਮਨੁੱਖ ਪ੍ਰਭੂ ਸ਼ਰਨੀਂ ਪੈਂਦਾ ਹੈ, ਜਿਸ ਨੂੰ ਉਹ ਸ਼ਰਨੀਂ ਪਾਉਂਦਾ ਹੈ। ਉਹੀ ਬਖਸ਼ਿਸ਼ ਦਾ ਪਾਤਰ ਫਿਰ ਸਿਮਰਨ ਕਰ ਕੇ ਹੋਰਾਂ ਨੂੰ ਵੀ ਪ੍ਰਭੂ ਗੁਣ ਸੁਣਾਉਂਦਾ ਹੈ।

ਤੱਤਸਾਰ ਕਿ ਉਪਰੋਕਤ ਬਾਣੀਆਂ ਵਿਚ ਸੱਸਾ ਅੱਖਰ ਰਾਹੀਂ ਪ੍ਰਭੂ ਦੀ ਸਦੀਵ ਕਾਲ ਹੋਂਦ, ਸਭ ਥਾਂ ਵਿਆਪਕਤਾ, ਨਾਮ ਦੀ ਮਹਿਮਾ, ਪ੍ਰਭੂ ਕਿਰਪਾ, ਜੀਵਨ ਲਗਨ, ਸੰਜਮ ਧਾਰਨ ਕਰਨ ਅਤੇ ਨਿਰਭਉ ਨਿਰਵੈਰੁ ਦੇ ਸਿਮਰਨ ਦਾ ਉਪਦੇਸ਼ ਹੈ।

## 'ਹ' ਅੱਖਰ ਰਾਹੀਂ ਗੁਰ ਉਪਦੇਸ਼

'ਹ' (ਹਾਹਾ) ਗੁਰਮੁਖੀ ਵਰਣਮਾਲਾ ਜਾਂ ਪੈਂਤੀ ਦਾ ਪੰਜਵਾਂ ਅੱਖਰ ਤੇ ਦੂਸਰਾ ਵਿਅੰਜਨ ਹੈ। ਇਸ ਦਾ ਉਚਾਰਨ ਸਥਾਨ ਕੰਠ ਹੈ।

'ਰਾਗ ਆਸਾ ਮਹਲਾ ੧ ਪਟੀ' ਬਾਣੀ ਵਿਚ ਹਾਹਾ ਅੱਖਰ ਚੌਤੀਵੇਂ ਸਥਾਨ 'ਤੇ ਹੈ ਅਤੇ 'ਹ' ਅੱਖਰ ਰਾਹੀਂ ਸਤਿਗੁਰਾਂ ਨੇ ਇਉਂ ਉਪਦੇਸ਼ ਬਖਸ਼ਿਆ ਹੈ:

*ਹਾਹੈ ਹੋਰੁ ਨ ਕੋਈ ਦਾਤਾ ਜੀਅ ਉਪਾਇ ਜਿਨਿ ਰਿਜਕੁ ਦੀਆ॥*
*ਹਰਿ ਨਾਮੁ ਧਿਆਵਹੁ ਹਰਿ ਨਾਮ ਸਮਾਵਹੁ*
*ਅਨਦਿਨੁ ਲਾਹਾ ਹਰਿ ਨਾਮੁ ਲੀਆ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੪)*

ਭਾਵ 'ਹ' ਅੱਖਰ ਰਾਹੀਂ ਇਹ ਜਾਣੋਂ ਕਿ ਜਿਸ ਪ੍ਰਭੂ ਨੇ ਜੀਅ ਪੈਦਾ ਕਰਕੇ ਸਭਨਾ ਨੂੰ ਰਿਜ਼ਕ ਦਿੱਤਾ ਹੈ, ਉਸ ਤੋਂ ਬਗੈਰ ਕੋਈ ਹੋਰ ਦਾਤਾਂ ਦੇਣ ਵਾਲਾ ਦਾਤਾ ਨਹੀਂ ਹੈ। ਇਸ ਲਈ ਉਸ ਦਾਤੇ (ਹਰਿ) ਦਾ ਨਾਮ ਧਿਆਉਂਦੇ ਰਹੋ ਤੇ ਉਸ ਦੇ ਨਾਮ ਵਿਚ ਸਦਾ ਸੁਰਤ ਟਿਕਾ ਕੇ ਰੱਖੋ ਤੇ ਪੜ੍ਹਿਆ ਉਹੀ ਜਾਣੋ, ਜਿਸ ਨੇ ਹਰ ਰੋਜ਼ (ਅਨਦਿਨੁ) ਪ੍ਰਭੂ ਸਿਮਰਨ (ਹਰਿ ਨਾਮੁ) ਦਾ ਲਾਭ (ਲਾਹਾ) ਖੱਟਿਆ ਹੈ।

'ਹਾਹਾ' ਅੱਖਰ ਰਾਹੀਂ ਹੀ 'ਰਾਗ ਆਸਾ ਮਹਲਾ ੩ ਪਟੀ' ਬਾਣੀ ਵਿਚ ਸ੍ਰੀ ਗੁਰੂ ਅਮਰਦਾਸ ਜੀ ਫਰਮਾਉਂਦੇ ਹਨ:

*ਹਾਹੈ ਹਰਿ ਕਥਾ ਬੂਝੁ ਤੂੰ ਮੂੜੇ ਤਾ ਸਦਾ ਸੁਖੁ ਹੋਈ॥*
*ਮਨਮੁਖਿ ਪੜਹਿ ਤੇਤਾ ਦੁਖੁ ਲਾਗੈ ਵਿਣੁ ਸਤਿਗੁਰ ਮੁਕਤਿ ਨ ਹੋਈ॥*

*(ਸ੍ਰੀ ਗੁਰੂ ਗ੍ਰੰਥ ਸਾਹਿਬ, ੪੩੫)*

ਭਾਵ ਹੇ ਮੂਰਖ (ਮੂੜੇ) ! ਹਾਹਾ ਅੱਖਰ ਰਾਹੀਂ ਪ੍ਰਭੂ ਦੀ ਸਿਫ਼ਤਿ ਸਾਲਾਹ (ਕਥਾ) ਸਮਝ (ਬੂਝ) ਲਵੇਂ ਤਾਂ ਤੈਨੂੰ ਸਦੀਵ ਸੁੱਖ ਪ੍ਰਾਪਤ ਹੋਵੇਗਾ। ਪ੍ਰਭੂ ਦੀਆਂ ਦਾਤਾਂ ਨੂੰ ਵਿਸਾਰ ਕੇ ਆਪਣੀ ਮੱਤ ਅਨੁਸਾਰ ਤੂੰ ਜੋ ਹੋਰ ਹੋਰ ਪੜ੍ਹਦਾ ਹੈਂ ਤਾਂ ਇਸ ਤਰ੍ਹਾਂ ਉਤਨਾ (ਤੇਤਾ) ਹੀ ਵਧੀਕ ਅਸ਼ਾਂਤ ਦੇ ਦੁਖੀ ਹੁੰਦਾ ਹੈਂ। ਇਸ ਲਈ ਜੀਵਨ ਦਾ ਤੱਤ ਗਿਆਨ ਸਮਝ ਕਿ ਗੁਰੂ ਦੀ ਸ਼ਰਨ ਤੇ ਗੁਰ ਸਿੱਖਿਆ ਧਾਰਨ ਕਰਨ ਤੋਂ ਬਗੈਰ ਖਲਾਸੀ (ਮੁਕਤਿ) ਨਹੀਂ ਹੋਣੀ।

'ਹਾਹਾ ਅੱਖਰ' ਰਾਹੀਂ ਹੀ 'ਬਾਵਨ ਅਖਰੀ ਕਬੀਰ ਜੀਉ ਕੀ' ਬਾਣੀ ਵਿਚ ਇਉਂ ਉਪਦੇਸ਼ ਦ੍ਰਿੜ੍ਹਾਇਆ ਹੈ:

*ਹਾਹਾ ਹੋਤ ਹੋਇ ਨਹੀ ਜਾਨਾ॥*
*ਜਬ ਹੀ ਹੋਇ ਤਬਹਿ ਮਨੁ ਮਾਨਾ॥*
*ਹੈ ਤਉ ਸਹੀ ਲਖੈ ਜਉ ਕੋਈ॥*
*ਤਬ ਓਹੀ ਉਹੁ ਏਹੁ ਨ ਹੋਈ॥* *(ਸ੍ਰੀ ਗੁਰੂ ਗ੍ਰੰਥ ਸਾਹਿਬ, ੩੪੨)*

ਭਾਵ ਕਿ ਹੇ ਭਾਈ! ਹਾਹਾ ਅੱਖਰ ਰਾਹੀਂ ਸਮਝ ਕਿ ਮਨੁੱਖਾ ਜਨਮ ਲੈ ਕੇ (ਹੋਇ) ਤੂੰ ਹੋਂਦ (ਹੋਤ) ਵਾਲੇ ਪ੍ਰਭੂ ਨੂੰ ਨਹੀਂ ਜਾਣਿਆਂ (ਜਾਨਾ) ਹੈ। ਇੱਕ ਗੱਲ ਸਪੱਸ਼ਟ ਹੈ ਕਿ ਜਦੋਂ ਇਨਸਾਨ ਨੂੰ ਪ੍ਰਭੂ ਹੋਂਦ ਦਾ ਨਿਸਚਾ ਹੋ ਜਾਂਦਾ ਹੈ, ਤਦ ਹੀ ਉਸ ਦਾ ਮਨ ਸਭ ਕੁਝ ਮੰਨ ਕੇ ਪ੍ਰਵਾਨ ਕਰ ਲੈਂਦਾ ਹੈ। ਤੱਤ ਗਿਆਨ ਕਿ ਪ੍ਰਭੂ ਹੈ ਤਾਂ ਹਰ ਥਾਂ ਵਿਆਪਕ ਏ, ਪਰ ਜਦੋਂ ਇਨਸਾਨ ਇਸ ਸੱਚ ਨੂੰ ਸਮਝ ਲੈਂਦਾ ਹੈ ਤਾਂ ਆਪਣੀ ਹਉਮੈਂ ਜਾਂ ਵੱਖਰੀ ਹਸਤੀ ਦਾ ਹੰਕਾਰ ਤਿਆਗ ਦਿੰਦਾ ਹੈ। ਫਿਰ ਤੂੰ ਵਿਚ ਮੈਂ ਜਾਂ ਉਹੁ ਵਿਚ ਏਹੁ ਸਮਾਅ ਜਾਂਦਾ ਹੈ ਤੇ ਮੈਂ ਮੇਰੀ ਦੇ ਝਗੜੇ ਖਤਮ ਹੋ ਜਾਂਦੇ ਹਨ।

ਸਮੁੱਚੀ ਵਿਚਾਰ ਦਾ ਤੱਤਸਾਰ ਜੋ 'ਹਾਹਾ' ਅੱਖਰ ਰਾਹੀਂ ਉਪਦੇਸ਼ ਹੈ ਕਿ ਸ੍ਰਿਸ਼ਟੀ ਦਾ ਕਰਤਾ ਇਕ ਪ੍ਰਭੂ ਹੈ ਤੇ ਉਹੀ ਸਭਨਾ ਨੂੰ ਦਾਤਾਂ ਦੇਣ ਵਾਲਾ ਹੈ। ਇਸ ਲਈ ਸਦਾ ਇੱਕ ਦੀ ਓਟ ਰੱਖਣੀ ਹੈ। ਇਸ ਉਪਦੇਸ਼ ਵਿਚ ਨਾਮ ਸਿਮਰਨ ਦੀ ਮਹਿਮਾ ਤੇ ਸ਼ਕਤੀ ਦਾ ਵਰਣਨ ਹੈ। ਵਿਸ਼ੇਸ਼ ਸੁਨੇਹਾ ਕਿ ਜੀਵਨ ਵਿਚ ਗੁਰ ਸਿੱਖਿਆ ਤਿਆਗ ਕੇ ਕੇਵਲ ਮਨ ਦੀ ਮੱਤ ਅਨੁਸਾਰੀ ਵਿੱਦਿਆ ਰੂਹ ਦੀ ਖੁਰਾਕ ਤੋਂ ਵਿਹੂਣੀ ਤੇ ਭਟਕਣਮਈ ਹੁੰਦੀ ਹੈ। ਅਸਲ ਧਰਮੀ ਜੀਵਨ ਹਰ (ਹਰੇਕ) ਵਿੱਚੋਂ ਹਰਿ (ਪ੍ਰਭੂ) ਨੂੰ ਦੇਖਣਾ ਹੈ ਤੇ ਫਿਰ ਅਜਿਹੇ ਜੀਵਨ ਵਾਲਾ ਕਿਸੇ ਨਾਲ ਵੀ ਭੇਦ-ਭਾਵ ਨਹੀਂ ਰੱਖੇਗਾ। ਹਾਹਾ ਅੱਖਰ ਦੇ ਉਪਦੇਸ਼ ਵਿਚ ਸੱਚੇ ਧਰਮੀ ਹੋਣ ਦੀ ਸਿੱਖਿਆ ਹੈ। ■

ਕਵਿਤਾ

# ਸਿੱਖਿਆਦਾਇਕ ਅਨਮੋਲ ਚੂਰਨ

*-ਕਵੀਸ਼ਰ ਸਵਰਨ ਸਿੰਘ ਭੌਰ**

*ਏਕਤਾ ਦਾ ਪੱਤਾ ਲੈ ਕੇ ਹੌਂਸਲੇ ਦੀ ਹਰੜ ਪਾਉ,*
*ਭਰੋਸੇ ਦੇ ਬਹੇੜੇ ਨਾਲ ਕਰੋ ਚੂਰਨ ਤਿਆਰ ਜੀ।*
*ਧੀਰਜ ਦਾ ਔਲਾ ਤੇ ਮਿਠਾਸ ਦੀ ਮਿਲਾ ਕੇ ਸੌਂਫ,*
*ਭਗਤੀ ਦੀ ਕੂੰਡੀ ਦੇ ਰੱਖੋ ਵਿਚਕਾਰ ਜੀ।*
*ਸਬਰ ਦੇ ਵੱਟੇ ਨਾਲ ਪੀਸੋ ਕਸਵੱਟੀ ਲਾ ਕੇ,*
*ਪਿਆਰ ਵਾਲੀ ਛਾਨਣੀ ਨਾ ਛਾਣ ਲਉ ਵਿਚਾਰ ਜੀ।*
*ਤਿਆਗ ਦੀ ਹਾਂਡੀ ਤੇ ਵੈਰਾਗ ਦੇ ਚੁਲ੍ਹੇ ਉੱਤੇ*
*ਗਿਆਨ ਦੀ ਅਗਨੀ ਜਲਾਉ ਹੋ ਕੇ ਹੁਸ਼ਿਆਰ ਜੀ।*
*ਅਧਿਆਤਮਿਕ ਮਜੂਨ ਚੰਗੀ ਤਰ੍ਹਾਂ ਭੁੱਜ ਜਾਵੇ,*
*ਅਭਿਆਸ ਵਾਲੇ ਭਾਂਡੇ ਵਿਚ ਰੱਖ ਲਉ ਸੰਭਾਲ ਜੀ।*
*ਪ੍ਰੇਮ ਵਾਲੇ ਪਾਣੀ ਨਾਲ ਸਵੇਰੇ ਅਤੇ ਸ਼ਾਮ ਵਰਤੋ,*
*ਸਾਰੀਆਂ ਬਿਮਾਰੀਆਂ ਤੇ 'ਭੌਰ' ਨੁਸਖਾ ਕਮਾਲ ਜੀ।*

## ਪ੍ਰਹੇਜ਼ ਬਹੁਤ ਜ਼ਰੂਰੀ ਹੈ

*ਥੋੜਾ ਜਿਹਾ ਪ੍ਰਹੇਜ਼ ਇਹਦਾ ਦੱਸਣਾ ਜ਼ਰੂਰ ਚਾਹਵਾਂ,*
*ਚੁਗਲੀ ਦੀ ਖਟਾਈ ਕਦੇ ਭੁੱਲ ਕੇ ਵੀ ਖਾਇਓ ਨਾ।*
*ਨਿੰਦਾ ਦੀ ਮਠਿਆਈ ਵਿਚ ਜ਼ਹਿਰ ਦੀਆਂ ਗੰਦਲਾਂ ਨੇ,*
*ਇਹਦੇ ਤਾਈਂ ਹੱਥ ਭੁੱਲ ਕੇ ਲਗਾਇਓ ਨਾ।*
*ਹੱਕ ਜੋ ਪਰਾਏ ਵਾਲਾ ਨਮਕ ਕਦੇ ਵਰਤੀਏ ਨਾ,*
*ਨੁਸਖੇ ਦੇ ਵਿਚ ਇਸ ਨੂੰ ਰਲਾਇਓ ਨਾ।*
*ਸਾਰੀਆਂ ਬੀਮਾਰੀਆਂ 'ਤੇ ਚੂਰਨ ਇਹ ਕੰਮ ਆਉਂਦਾ,*
*ਭੌਰ ਕਹੇ ਪ੍ਰਹੇਜ਼ ਇਹਦਾ ਦਿਲ ਤੋਂ ਭੁਲਾਇਓ ਨਾ।*

*ਪਿੰਡ ਸਰਲੀ ਕਲਾਂ; ਤਹਿਸੀਲ ਖਡੂਰ ਸਾਹਿਬ, ਜ਼ਿਲ੍ਹਾ ਤਰਨ ਤਾਰਨ- ੧੪੩੧੧੫ ਮੋ. +੯੧੯੮੭੬੧੧੫੫੯੭

**ਖ਼ਬਰਨਾਮਾ**

## ਪਾਕਿਸਤਾਨ ’ਚ ਮਰਦਮਸ਼ੁਮਾਰੀ ਦੇ ਫਾਰਮ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਨਾ ਪ੍ਰਸ਼ੰਸਾਯੋਗ- ਐਡਵੋਕੇਟ ਧਾਮੀ

ਸ੍ਰੀ ਅੰਮ੍ਰਿਤਸਰ, ੧੪ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪਾਕਿਸਤਾਨ ਅੰਦਰ ਮਰਦਮਸ਼ੁਮਾਰੀ ਦੇ ਫਾਰਮ ਵਿਚ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਦਰਜ ਕਰਨ ਦਾ ਸਵਾਗਤ ਕੀਤਾ ਹੈ। ਉਨ੍ਹਾਂ ਇਸ ਕਾਰਜ ਲਈ ਯਤਨ ਕਰਨ ਵਾਲਿਆਂ ਦੇ ਉੱਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪਾਕਿਸਤਾਨ ਅੰਦਰ ਸਿੱਖਾਂ ਨੂੰ ਵੱਖਰੀ ਕੌਮ ਵਜੋਂ ਲੰਮੇ ਅਰਸੇ ਬਾਅਦ ਮਾਨਤਾ ਮਿਲਣਾ ਪੂਰੀ ਕੌਮ ਲਈ ਖ਼ੁਸ਼ੀ ਦੀ ਗੱਲ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਨਾਲ ਪਾਕਿਸਤਾਨ ਵੱਸਦੇ ਸਿੱਖਾਂ ਦੇ ਮੁੱਢਲੇ ਅਧਿਕਾਰਾਂ ਅਤੇ ਵੱਖ-ਵੱਖ ਥਾਵਾਂ ’ਤੇ ਪ੍ਰਤੀਨਿਧਤਾ ਲਈ ਫਾਇਦਾ ਮਿਲੇਗਾ ਅਤੇ ਦੇਸ਼ ਅੰਦਰ ਸਿੱਖਾਂ ਦੇ ਸਹੀ ਅੰਕੜੇ ਬਾਰੇ ਵੀ ਸਪੱਸ਼ਟਤਾ ਬਣੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਪੂਰੀ ਦੁਨੀਆ ਵਿਚ ਸਿੱਖਾਂ ਨੇ ਆਪਣੀ ਵੱਖਰੀ ਪਛਾਣ ਨਾਲ ਵੱਡੇ ਮੁਕਾਮ ਹਾਸਲ ਕੀਤੇ ਹਨ ਅਤੇ ਸਿੱਖਾਂ ਨੂੰ ਉਨ੍ਹਾਂ ਦੀ ਪਛਾਣ ਸਹਿਤ ਹਰ ਦੇਸ਼ ਨੂੰ ਪ੍ਰਵਾਨ ਕਰਨਾ ਜ਼ਰੂਰੀ ਹੈ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਹਰਿਆਣਾ ਕਮੇਟੀ ਦੇ ਅਹੁਦੇਦਾਰਾਂ ਦੀ ਚੋਣ ਨੂੰ ਕੀਤਾ ਰੱਦ

ਸ੍ਰੀ ਅੰਮ੍ਰਿਤਸਰ, ੨੧ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਣ ਦੇ ਮੰਤਵ ਤਹਿਤ ਸਰਕਾਰੀ ਦਖ਼ਲ ਨਾਲ ਬਣਾਈ ਜਾ ਰਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਹੋਈ ਚੋਣ ਨੂੰ ਰੱਦ ਕਰਦਿਆਂ ਕਿਹਾ ਕਿ ਸਿੱਖ ਕੌਮ ਅਜਿਹੀ ਕਿਸੇ ਵੀ ਸਰਕਾਰੀ ਕਮੇਟੀ ਨੂੰ ਪ੍ਰਵਾਨ ਨਹੀਂ ਕਰੇਗੀ ਅਤੇ ਇਸ ਦਾ ਵਿਰੋਧ ਜਾਰੀ ਰੱਖੇਗੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਸਿੱਖ ਵਿਰੋਧੀ ਵਿਚਾਰਧਾਰਾ ਵਾਲੀਆਂ ਸ਼ਕਤੀਆਂ ਅਤੇ ਸਰਕਾਰਾਂ ਦੇ ਦਖ਼ਲ ਨਾਲ ਜਬਰੀ ਬਣਾਈ ਜਾ ਰਹੀ ਵੱਖਰੀ ਹਰਿਆਣਾ ਗੁਰਦੁਆਰਾ ਕਮੇਟੀ ਸਿੱਖਾਂ ਦੇ ਹਿੱਤ ਵਿਚ ਨਹੀਂ ਹੈ। ਇਹ ਪੰਥਕ ਸੰਸਥਾਵਾਂ ਨੂੰ ਤੋੜਨ ਦੀ ਇਕ ਚਾਲ ਹੈ, ਜਿਸ ਪ੍ਰਤੀ ਸਿੱਖ ਕੌਮ ਵੱਲੋਂ ਪ੍ਰਗਟਾਏ ਖਦਸ਼ੇ ਸਰਕਾਰ ਵੱਲੋਂ ਕੀਤੀ ਗਈ ਇਸ ਦੇ ਅਹੁਦੇਦਾਰਾਂ ਦੀ ਚੋਣ ਨੇ ਸੱਚ ਕਰ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਾਣਕਾਰੀ ਅਨੁਸਾਰ ਹਰਿਆਣਾ ਸਰਕਾਰ ਵੱਲੋਂ ਇਹ ਚੋਣ ਗੁਰੂ-ਘਰ ਦੀ ਥਾਂ ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਕਰਵਾਈ ਗਈ ਹੈ, ਜੋ ਸਿੱਧ

ਕਰਦੀ ਹੈ ਕਿ ਹਰਿਆਣਾ ਕਮੇਟੀ ਦਾ ਪੰਥਕ ਸਰੋਕਾਰਾਂ ਨਾਲ ਕੋਈ ਸੰਬੰਧ ਨਹੀਂ, ਸਗੋਂ ਇਹ ਸਰਕਾਰ ਦੇ ਸਿੱਧੇ ਦਖ਼ਲ ਹੇਠ ਬਣਾਈ ਜਾ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਕੌਮੀ ਕਾਰਜ ਸਰਕਾਰੀ ਦਫ਼ਤਰਾਂ 'ਚ ਨਹੀਂ ਸਗੋਂ ਇਹ ਪੰਥਕ ਰਵਾਇਤਾਂ ਅਨੁਸਾਰ ਗੁਰੂ ਸਾਹਿਬ ਦੀ ਹਜ਼ੂਰੀ ਅੰਦਰ ਕੀਤੇ ਜਾਂਦੇ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਅਸੀਂ ਪਹਿਲਾਂ ਵੀ ਆਖਿਆ ਸੀ ਕਿ ਹਰਿਆਣਾ ਗੁਰਦੁਆਰਾ ਕਮੇਟੀ ਆਰ. ਐਸ. ਐਸ. ਦੇ ਇਸ਼ਾਰੇ ਉੱਤੇ ਕਾਇਮ ਕੀਤੀ ਜਾ ਰਹੀ ਹੈ ਜਿਸ ਦੀ ਅੱਜ ਪੁਸ਼ਟੀ ਹੋਈ ਹੈ। ਉਨ੍ਹਾਂ ਕਿਹਾ ਕੇਂਦਰ ਸਰਕਾਰ ਦੇ ਨਾਲ-ਨਾਲ ਹਰਿਆਣਾ ਦੀ ਭਾਜਪਾ ਸਰਕਾਰ ਸਿੱਖ ਮਸਲਿਆਂ ਨੂੰ ਸਿੱਧਾ ਆਪਣੇ ਹੱਥ ਵਿਚ ਲੈ ਕੇ ਆਪਣੀ ਮਨਸ਼ਾ ਅਨੁਸਾਰ ਚਲਾਉਣਾ ਚਾਹੁੰਦੀ ਹੈ, ਪਰੰਤੂ ਸਿੱਖ ਕੌਮ ਦਾ ਇਹ ਇਤਿਹਾਸ ਹੈ ਕਿ ਇਸ ਨੇ ਕਦੇ ਵੀ ਸਰਕਾਰੀ ਦਖ਼ਲ ਬਰਦਾਸ਼ਤ ਨਹੀਂ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਹਰਿਆਣਾ ਦੇ ਸਿੱਖ ਆਗੂਆਂ ਨੂੰ ਆਰ. ਐਸ. ਐਸ. ਅਤੇ ਇਸ ਦੀ ਰਾਜਸੀ ਧਿਰ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਵੱਲੋਂ ਸਿੱਖ ਮਸਲਿਆਂ ਵਿਚ ਦਖ਼ਲ ਦੀਆਂ ਚੱਲੀਆਂ ਜਾ ਰਹੀਆਂ ਚਾਲਾਂ ਸਮਝਣ ਦੀ ਅਪੀਲ ਕਰਦਿਆਂ ਕਿਹਾ ਕਿ ਉਹ ਕੁਰਬਾਨੀਆਂ ਨਾਲ ਸਥਾਪਤ ਕੀਤੀਆਂ ਗਈਆਂ ਆਪਣੀਆਂ ਸੰਸਥਾਵਾਂ ਦੀ ਸਲਾਮਤੀ ਲਈ ਉਵੇਂ ਹੀ ਕੌਮੀ ਇੱਕਜੁੱਟਤਾ ਦਿਖਾਉਣ, ਜਿਵੇਂ ਸ. ਜਗਦੀਸ਼ ਸਿੰਘ ਝੀਂਡਾ ਨੇ ਕੀਤਾ ਹੈ। ਉਨ੍ਹਾਂ ਕਿਹਾ ਕਿ ਅਜੇ ਵੀ ਇਸ ਮਾਮਲੇ 'ਚ ਹਰਿਆਣਾ ਦੇ ਸਿੱਖ ਆਗੂਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਗਵਾਈ 'ਚ ਆ ਕੇ ਵਿਚਾਰ ਅਤੇ ਸੰਵਾਦ ਨੂੰ ਅੱਗੇ ਵਧਾਉਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਹਰਿਆਣਾ ਦੇ ਸਿੱਖਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਉਹ ਖੁਦ ਵੱਡਾ ਸਤਿਕਾਰ ਕਰਦੇ ਹਨ, ਜੋ ਹਮੇਸ਼ਾ ਕਾਇਮ ਰਹੇਗਾ।

## ਮੱਧ ਪ੍ਰਦੇਸ਼ 'ਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਕਾਰਨ ਸਿੱਖ 'ਤੇ ਕੀਤਾ ਪਰਚਾ ਰੱਦ ਹੋਵੇ – ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੨ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੱਧ ਪ੍ਰਦੇਸ਼ ਦੇ ਜਬਲਪੁਰ ਵਿਖੇ ਨਗਰ ਕੀਰਤਨ ਦੌਰਾਨ ਟਰੈਕਟਰ ਉੱਤੇ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਤਸਵੀਰ ਲਗਾਉਣ ਕਾਰਨ ਇਕ ਸਿੱਖ ਨੌਜੁਆਨ 'ਤੇ ਕੇਸ ਪਾਉਣ ਅਤੇ ਉਸ ਨੂੰ ਗ੍ਰਿਫ਼ਤਾਰ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਨੇ ਆਖਿਆ ਕਿ ਇਹ ਪੁਲਿਸ ਵੱਲੋਂ ਕੀਤੀ ਗਈ ਇਹ ਕਾਰਵਾਈ ਘੱਟ-ਗਿਣਤੀ ਸਿੱਖਾਂ ਨਾਲ ਵੱਡੀ ਬੇਇਨਸਾਫੀ ਤੇ ਧੱਕਾ ਹੈ, ਜਿਸ ਨਾਲ ਸਿੱਖ ਭਾਵਨਾਵਾਂ ਨੂੰ ਸੱਟ ਵੱਜੀ ਹੈ। ਉਨ੍ਹਾਂ ਕਿਹਾ ਕਿ ਭਾਰਤ ਬਹੁਧਰਮੀ ਦੇਸ਼ ਹੈ, ਜਿਸ ਵਿਚ ਸੰਵਿਧਾਨ

ਅਨੁਸਾਰ ਹਰ ਇਕ ਨੂੰ ਧਾਰਮਿਕ ਅਜ਼ਾਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ ਸਿੱਖਾਂ ਦੇ ਕੌਮੀ ਸ਼ਹੀਦ ਹਨ, ਜਿਨ੍ਹਾਂ ਨੇ ਜੂਨ ੧੯੮੪ ਈ. ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਵਿਰੁੱਧ ਸੰਘਰਸ਼ ਕਰਦਿਆਂ ਸ਼ਹਾਦਤ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸੰਤ ਭਿੰਡਰਾਂਵਾਲਿਆਂ ਦੀ ਤਸਵੀਰ ਲਗਾਉਣਾ ਗੁਨਾਹ ਨਹੀਂ ਹੈ, ਲਿਹਾਜ਼ਾ ਜਬਲਪੁਰ ਵਿਖੇ ਸਿੱਖ ਨੌਜੁਆਨ ’ਤੇ ਪਾਇਆ ਕੇਸ ਤੁਰੰਤ ਰੱਦ ਕੀਤਾ ਜਾਵੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ ਅਤੇ ਗ੍ਰਹਿ ਮੰਤਰੀ ਸ੍ਰੀ ਨਰੋਤਮ ਮਿਸ਼ਰਾ ਨੂੰ ਅਪੀਲ ਕੀਤੀ ਕਿ ਉਹ ਇਸ ਮਾਮਲੇ ਵਿਚ ਦਖਲ ਦੇ ਕੇ ਬੇਕਸੂਰ ਸਿੱਖ ਨੌਜੁਆਨ ਵਿਰੁੱਧ ਦਰਜ ਕੀਤੇ ਪਰਚੇ ਨੂੰ ਰੱਦ ਕਰਨ ਦੇ ਨਿਰਦੇਸ਼ ਜਾਰੀ ਕਰਨ। ਉਨ੍ਹਾਂ ਮੱਧ ਪ੍ਰਦੇਸ਼ ਦੇ ਪ੍ਰਤੀਨਿਧ ਸਿੱਖਾਂ ਅਤੇ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਸਮੇਤ ਹੋਰ ਗੁਰਦੁਆਰਾ ਕਮੇਟੀਆਂ ਨੂੰ ਵੀ ਅਪੀਲ ਕੀਤੀ ਕਿ ਉਹ ਇਸ ਮਾਮਲੇ ਨੂੰ ਜ਼ੋਰਦਾਰ ਢੰਗ ਨਾਲ ਸਥਾਨਕ ਪੱਧਰ ’ਤੇ ਉਠਾਉਣ ਤਾਂ ਜੋ ਸਿੱਖ ਨੌਜੁਆਨ ਨੂੰ ਇਨਸਾਫ ਮਿਲ ਸਕੇ।

## ੧੯੮੪ ਕਾਨਪੁਰ ਸਿੱਖ ਕਤਲ-ਏ-ਆਮ ਦੇ ਹਰ ਦੋਸ਼ੀ ਨੂੰ ਮਿਲੇ ਸਖ਼ਤ ਸਜ਼ਾ- ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨੭ ਦਸੰਬਰ : ਸੰਨ ੧੯੮੪ ’ਚ ਉੱਤਰ ਪ੍ਰਦੇਸ਼ ਦੇ ਕਾਨਪੁਰ ਅੰਦਰ ਹੋਏ ਸਿੱਖ ਕਤਲ-ਏ-ਆਮ ਦੇ ਪੀੜਤਾਂ ਨੂੰ ਇਨਸਾਫ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਸਰਗਰਮ ਦਿੱਲੀ ਦੇ ਆਗੂ ਸ. ਕੁਲਦੀਪ ਸਿੰਘ ਭੋਗਲ ਨਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਐਡਵੋਕੇਟ ਸ. ਭਗਵੰਤ ਸਿੰਘ ਸਿਆਲਕਾ ਨੇ ਬੈਠਕ ਕਰ ਕੇ ਅਦਾਲਤ ’ਚ ਚੱਲ ਰਹੇ ਕੇਸਾਂ ਦੀ ਸਥਿਤੀ ’ਤੇ ਵਿਚਾਰ ਵਿਟਾਂਦਰਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ. ਕੁਲਦੀਪ ਸਿੰਘ ਭੋਗਲ ਦੀ ਮੰਗ ’ਤੇ ਇਸ ਮਾਮਲੇ ਵਿਚ ਕਾਨੂੰਨੀ ਸਹਿਯੋਗ ਲਈ ਐਡਵੋਕੇਟ ਸਿਆਲਕਾ ਦੀ ਜ਼ਿੰਮੇਵਾਰੀ ਲਗਾਈ ਹੈ। ਕਾਨਪੁਰ ਵਿਖੇ ਸਿੱਖ ਕਤਲ-ਏ-ਆਮ ’ਚ ੧੨੭ ਸਿੱਖ ਮਾਰੇ ਗਏ ਸਨ, ਜਿਨ੍ਹਾਂ ਲਈ ਸਿੱਖ ਕੌਮ ਲਗਾਤਾਰ ਇਨਸਾਫ ਦੀ ਮੰਗ ਕਰਦੀ ਆ ਰਹੀ ਹੈ। ਇਸ ਸੰਬੰਧ ਵਿਚ ਤਾਜ਼ਾ ਸਥਿਤੀ ਬਾਰੇ ਜਾਣਕਾਰੀ ਹਾਸਲ ਕਰਨ ਅਤੇ ਕੇਸਾਂ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕਾਨੂੰਨੀ ਯੋਗਦਾਨ ਦੇ ਮੱਦੇਨਜ਼ਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਨੇ ਸ. ਕੁਲਦੀਪ ਸਿੰਘ ਭੋਗਲ ਨਾਲ ਹੋਈ ਗੱਲਬਾਤ ਬਾਰੇ ਦੱਸਿਆ ਕਿ ਭਾਵੇਂ ਕਰੀਬ ਚਾਰ ਸਾਲ ਪਹਿਲਾਂ ਸਰਕਾਰ ਵੱਲੋਂ ਐਸਆਈਟੀ ਬਣਾਈ ਗਈ ਸੀ ਅਤੇ ਕਈ ਗ੍ਰਿਫਤਾਰੀਆਂ ਹੋਈਆਂ ਹਨ ਪਰੰਤੂ ਸਾਰੇ ਦੋਸ਼ੀ ਅਜੇ ਤਕ ਗ੍ਰਿਫਤਾਰ ਨਹੀਂ ਕੀਤੇ ਗਏ। ਐਡਵੋਕੇਟ ਸਿਆਲਕਾ ਨੇ ਦੱਸਿਆ ਕਿ ਸ. ਕੁਲਦੀਪ ਸਿੰਘ ਭੋਗਲ ਅਨੁਸਾਰ ੭੦ ਤੋਂ ਵੱਧ ਲੋਕ ਇਸ ਵਿਚ ਦੋਸ਼ੀ ਹਨ

ਜਦਕਿ ਅਜੇ ਤਕ ੩੪ ਦੇ ਕਰੀਬ ਦੋਸ਼ੀ ਹੀ ਫੜੇ ਗਏ ਹਨ। ਉਨ੍ਹਾਂ ਦੱਸਿਆ ਕਿ ਹਿਰਾਸਤ ਤੋਂ ਬਾਹਰ ਦੋਸ਼ੀ ਸਰਕਾਰੀ ਵਕੀਲਾਂ ਦੀ ਢਿੱਲਮੱਠ ਕਾਰਨ ਜ਼ਮਾਨਤਾਂ ਪ੍ਰਾਪਤ ਕਰਨ ਦੀ ਚਾਰਾਜੋਈ ਕਰ ਰਹੇ ਹਨ, ਜਿਸ ਕਾਰਨ ਪੀੜਤ ਸਿੱਖ ਪਰਵਾਰ ਮਾਨਸਿਕ ਪੀੜਾ 'ਚੋਂ ਲੰਘ ਰਹੇ ਹਨ। ਉਨ੍ਹਾਂ ਦੱਸਿਆ ਕਿ ਮੁੱਖ ਦੋਸ਼ੀਆਂ 'ਚ ਸ਼ਾਮਲ ਜੁਜਵਿੰਦਰ ਸਿੰਘ ਕੁਸ਼ਵਾਹਾ ਜੋ ਇਕ ਕਾਂਗਰਸ ਆਗੂ ਦਾ ਭਤੀਜਾ ਹੈ ਆਪਣੇ ਅਸਰ ਰਸੂਖ ਨਾਲ ਕੇਸਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਿੱਖ ਸੰਸਥਾ ਵੱਲੋਂ ਕੇਸਾਂ ਦੀ ਮੌਜੂਦਾ ਸਥਿਤੀ ਜਾਣਨ ਅਤੇ ਮਦਦ ਲਈ ਉਨ੍ਹਾਂ ਦੀ ਡਿਊਟੀ ਲਗਾਈ ਹੈ ਤਾਂ ਜੋ ਕਾਨੂੰਨੀ ਸਹਾਇਤਾ ਦਿੱਤੀ ਜਾ ਸਕੇ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ੧੯੮੪ ਦਾ ਸਿੱਖ ਕਤਲ-ਏ-ਆਮ ਬੇਹੱਦ ਪੀੜਾਮਈ ਹੈ, ਜਿਸ ਦੇ ਹਰ ਦੋਸ਼ੀ ਨੂੰ ਲਾਜ਼ਮੀ ਤੌਰ 'ਤੇ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤਾਂ ਦੇ ਦਰਦ ਨੂੰ ਮਹਿਸੂਸ ਕਰਦੀ ਹੈ ਅਤੇ ਇਸੇ ਤਹਿਤ ਹੀ ਕਾਨਪੁਰ ਸਿੱਖ ਕਤਲ-ਏ-ਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਯਕੀਨੀ ਬਣਾਉਣ ਅਤੇ ਉਨ੍ਹਾਂ ਦੀਆਂ ਜ਼ਮਾਨਤਾਂ ਵਿਰੁੱਧ ਜ਼ੋਰਦਾਰ ਢੰਗ ਨਾਲ ਪੱਖ ਰੱਖਣ ਲਈ ਕਾਨੂੰਨੀ ਸਹਾਇਤਾ ਵਾਸਤੇ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਦੀ ਡਿਊਟੀ ਲਗਾਈ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਕਿਹਾ ਕਿ ਐਡਵੋਕੇਟ ਸਿਆਲਕਾ ਵੱਲੋਂ ਜੋ ਵੀ ਰਿਪੋਰਟ ਕੀਤੀ ਜਾਵੇਗੀ ਉਸ ਅਨੁਸਾਰ ਕਾਨੂੰਨੀ ਮਾਹਿਰਾਂ ਦੀ ਮਦਦ ਲੈ ਕੇ ਕਾਨੂੰਨੀ ਸਹਾਇਤਾ ਯਕੀਨੀ ਬਣਾਈ ਜਾਵੇਗੀ।

## ਬਿਜਨੌਰ 'ਚ ਸਿੱਖ ਨੌਜੁਆਨ ਦੇ ਕੇਸਾਂ ਤੇ ਕਕਾਰਾਂ ਦੀ ਬੇਅਦਬੀ ਦੀ ਐਡਵੋਕੇਟ ਧਾਮੀ ਨੇ ਕੀਤੀ ਸਖ਼ਤ ਨਿੰਦਾ


ਸ੍ਰੀ ਅੰਮ੍ਰਿਤਸਰ, ੩੧ ਦਸੰਬਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਉੱਤਰ ਪ੍ਰਦੇਸ਼ ਦੇ ਜ਼ਿਲ੍ਹਾ ਬਿਜਨੌਰ ਦੇ ਪਿੰਡ ਚੰਪਤਪੁਰ 'ਚ ਇਕ ਸਿੱਖ ਨੌਜੁਆਨ ਦੇ ਕੇਸਾਂ ਅਤੇ ਕਕਾਰਾਂ ਦੀ ਬੇਅਦਬੀ ਕਰਨ ਦੀ ਕਰੜੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਘੱਟਗਿਣਤੀ ਸਿੱਖਾਂ ਨਾਲ ਦੇਸ਼ ਅੰਦਰ ਵਧੀਕੀਆਂ ਹੋ ਰਹੀਆਂ ਹਨ। ਬਿਜਨੌਰ ਦੇ ਪਿੰਡ ਚੰਪਤਪੁਰ 'ਚ ਵਾਪਰੀ ਘਟਨਾ ਨਾਲ ਸਿੱਖ ਮਾਨਸਿਕਤਾ ਨੂੰ ਭਾਰੀ ਠੇਸ ਪੁੱਜੀ ਹੈ ਅਤੇ ਇਸ ਦੇ ਦੋਸ਼ੀਆਂ ਖ਼ਿਲਾਫ ਕਰੜੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਨੂੰ ਅਪੀਲ ਕੀਤੀ ਕਿ ਉਹ ਤੁਰੰਤ ਇਸ ਮਾਮਲੇ ਵਿਚ ਦਖ਼ਲ ਦੇਣ ਅਤੇ ਸਥਾਨਕ ਪੁਲਿਸ ਪ੍ਰਸ਼ਾਸਨ ਨੂੰ ਦੋਸ਼ੀਆਂ ਖ਼ਿਲਾਫ ਸਖ਼ਤ ਕਾਰਵਾਈ ਲਈ ਕਹਿਣ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ

ਕਮੇਟੀ ਪ੍ਰਧਾਨ ਨੇ ਭਾਰਤ ਦੇ ਘੱਟਗਿਣਤੀ ਕਮਿਸ਼ਨ ਨੂੰ ਵੀ ਕਿਹਾ ਕਿ ਉਹ ਅਜਿਹੇ ਮਾਮਲਿਆਂ 'ਤੇ ਕਾਰਵਾਈ ਕਰਵਾਉਣ ਲਈ ਸੰਜੀਦਾ ਯਤਨ ਕਰਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪਰੰਤੂ ਅੱਜ ਦੇ ਹਾਲਾਤ ਇਹ ਹਨ ਕਿ ਸਿੱਖਾਂ ਦੇ ਧਾਰਮਿਕ ਅਕੀਦਿਆਂ ਨੂੰ ਵੀ ਸੱਟ ਮਾਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਕੁਝ ਲੋਕ ਫਿਰਕੂ ਸੋਚ ਤਹਿਤ ਭਾਈਚਾਰਿਆਂ ਵਿਚ ਵੰਡੀਆਂ ਪਾਉਣ ਦਾ ਯਤਨ ਕਰ ਰਹੇ ਹਨ। ਇਸ ਤੋਂ ਵੀ ਦੁੱਖ ਦੀ ਗੱਲ ਹੈ ਕਿ ਧਰਮ ਤਬਦੀਲੀ ਦੇ ਨਾਂ 'ਤੇ ਅਜਿਹੇ ਵਰਤਾਰੇ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸੋਚ ਅਤੇ ਚਲਣ ਦੇਸ਼ ਦੇ ਹਿੱਤ ਵਿਚ ਨਹੀਂ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਸੰਬੰਧੀ ਉਨ੍ਹਾਂ ਸਿੱਖ ਮਿਸ਼ਨ ਉਤਰਾਖੰਡ ਦੇ ਇੰਚਾਰਜ ਦੀ ਡਿਊਟੀ ਲਗਾ ਦਿੱਤੀ ਹੈ, ਜੋ ਸਾਰੇ ਮਾਮਲੇ ਬਾਰੇ ਰਿਪੋਰਟ ਦੇਣਗੇ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪੀੜਤ ਪਰਵਾਰ ਨਾਲ ਹਰ ਪੱਧਰ 'ਤੇ ਖੜ੍ਹੀ ਹੈ ਅਤੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦਵਾਉਣ ਵਿਚ ਕੋਈ ਕਸਰ ਨਹੀਂ ਛੱਡੀ ਜਾਵੇਗੀ।

## ਕਾਂਗਰਸ ਪਾਰਟੀ ਸਿੱਖ ਮਾਮਲਿਆਂ ਵਿਚ ਬੇਲੋੜਾ ਦਖ਼ਲ ਦੇ ਕੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਯਤਨ ਬੰਦ ਕਰੇ –ਐਡਵੋਕੇਟ ਹਰਜਿੰਦਰ ਸਿੰਘ ਧਾਮੀ

ਸ੍ਰੀ ਅੰਮ੍ਰਿਤਸਰ, ੨ ਜਨਵਰੀ : ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਾਂਗਰਸੀ ਆਗੂ ਸ. ਸੁਖਜਿੰਦਰ ਸਿੰਘ ਰੰਧਾਵਾ ਦੇ ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਅਸ਼ੋਕ ਗਹਿਲੋਤ ਨਾਲ ਮਿਲ ਕੇ ਰਾਜਸਥਾਨ ਗੁਰਦੁਆਰਾ ਕਮੇਟੀ ਬਣਾਉਣ ਦੇ ਮਨਸੂਬਿਆਂ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਹੀ ਸਿੱਖ ਮਾਮਲਿਆਂ ਵਿਚ ਬੇਲੋੜਾ ਦਖ਼ਲ ਦੇ ਕੇ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਦੇ ਯਤਨ ਕਰਦੀ ਰਹੀ ਹੈ ਅਤੇ ਹੁਣ ਵੀ ਇਸ ਦੇ ਆਗੂ ਸਿੱਖ ਸ਼ਕਤੀ ਨੂੰ ਵੰਡਣ ਦੇ ਯਤਨਾਂ ਵਿਚ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਦੀ ਤਤਕਾਲੀ ਭੁਪਿੰਦਰ ਸਿੰਘ ਹੁੱਡਾ ਸਰਕਾਰ ਨੇ ਰਾਜਸੀ ਖੇਡ ਖੇਡਦਿਆਂ ਹਰਿਆਣਾ ਅੰਦਰ ਸਿੱਖ ਸ਼ਕਤੀ ਨੂੰ ਵੰਡਣ ਦੀ ਚਾਲ ਚੱਲੀ ਸੀ, ਇਸੇ ਚਾਲ ਤਹਿਤ ਤਤਕਾਲੀ ਸਰਕਾਰ ਨੇ ਹਰਿਆਣਾ ਸਿੱਖ ਗੁਰਦੁਆਰਾ ਕਮੇਟੀ ਬਣਾਈ। ਉਨ੍ਹਾਂ ਕਿਹਾ ਕਿ ਹੁਣ ਕਾਂਗਰਸੀ ਆਗੂ ਸ. ਸੁਖਜਿੰਦਰ ਸਿੰਘ ਰੰਧਾਵਾ ਰਾਜਸਥਾਨ ਦੇ ਮੁੱਖ ਮੰਤਰੀ ਸ੍ਰੀ ਅਸ਼ੋਕ ਗਹਿਲੋਤ ਨਾਲ ਮਿਲ ਕੇ ਰਾਜਸਥਾਨ ਵਿਚ ਵੀ ਵੱਖਰੀ ਗੁਰਦੁਆਰਾ ਕਮੇਟੀ ਬਣਾਉਣ ਦੀਆਂ ਯੋਜਨਾਵਾਂ ਬਣਾ ਰਹੇ ਹਨ, ਜੋ ਕਦੇ ਵੀ ਪ੍ਰਵਾਨ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਕਾਂਗਰਸ ਪਾਰਟੀ ਨੂੰ ਤਾੜਨਾ ਕਰਦਿਆਂ ਕਿਹਾ ਕਿ ਉਹ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਦਖ਼ਲ ਦੇਣਾ ਬੰਦ ਕਰੇ। ਉਨ੍ਹਾਂ ਸਿੱਖ ਸੰਗਤ ਨੂੰ ਵੀ ਕਾਂਗਰਸ ਦੀਆਂ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਵਾਲੀਆਂ ਚਾਲਾਂ ਤੋਂ ਸੁਚੇਤ ਹੋਣ ਦੀ ਅਪੀਲ ਕੀਤੀ। ■




ਜੈਤੋ ਦੇ ਮੋਰਚੇ ਦਾ ਦ੍ਰਿਸ਼


Registered with Registrar of Newspaper at No. 354/57
Postal Regd.No.L-I/PB-ASR/007/2022-2024 Without Pre-payment of Postage under License no. PB/370/2022-2024

# GURMAT PARKASH

February 2023

Dharam Parchar Committee, Shiromani Gurdwara Parbandhak Committee, Sri Amritsar Sahib

## ਸਾਕਾ ਸ੍ਰੀ ਨਨਕਾਣਾ ਸਾਹਿਬ ਦਾ ਦ੍ਰਿਸ਼



Owner : Shiromani Gurdwara Parbandhak Committee. Publisher & Printer : S. Manjit Singh. Printed at Golden Offset Press, Gurdwara Sri Ramsar Sahib, Sri Amritsar. Published from SGPC office, Teja Singh Samundri Hall, Sri Amritsar. Editor : Satwinder Singh Date: 2-2-2023